# ਦਰਸ਼ਨ ਸਿੰਘ ਧੀਰ ਦੀ ਗਲਪ ਚੇਤਨਾ: ਪੈੜਾਂ ਦੇ ਆਰ ਪਾਰ ਨਾਵਲ ਦੇ ਸੰਦਰਭ ਵਿੱਚ

**Darshan Singh Dhir di Galap Chetna: Piaran de Aar Paar Novel de Sandharb Vich**

**Harinderdeep kaur**

**M.A. Student**

**Regd. No. 11302244**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

## ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

## ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2015

# ਘੋਸ਼ਣਾ-ਪੱਤਰ

ਮੈਂ ਹਰਿੰਦਰ ਦੀਪ ਕੌਰ ਇਹ ਬਿਆਨ ਕਰਦੀ ਹਾਂ ਕਿ 'ਦਰਸ਼ਨ ਸਿੰਘ ਦੀ ਗਲਪ ਚੇਤਨਾ: ਪੈੜਾਂ ਦੇ ਆਰ ਪਾਰ ਨਾਵਲ ਦੇ ਸੰਧਰਭ ਵਿਚ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ।ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਹਰਿੰਦਰ ਦੀਪ ਕੌਰ

ਰਜਿ. ਨੰਬਰ-11302244

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਿੰਦਰ ਦੀਪ ਕੌਰ ਨੇ 'ਦਰਸ਼ਨ ਸਿੰਘ ਧੀਰ ਦੀ ਗਲਪ ਚੇਤਨਾ ਨਾਵਲ ਪੈੜਾਂ ਦੇ ਆਰ ਪਾਰ ਨਾਵਲ ਦੇ ਸੰਧਰਭ ਵਿਚ' ਵਿਸ਼ੇ ਉੱਤੇ ਐਮ.ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਅਵਤਾਰ ਸਿੰਘ,**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਤਤਕਰਾ

ਭੂਮਿਕਾ iv-viii

ਅਧਿਆਇ-ਪਹਿਲਾ
ਗਲਪ ਦਾ ਸਿਧਾਂਤਕ ਪੱਖ 1-12

ਅਧਿਆਇ-ਦੂਜਾ
ਦਰਸ਼ਨ ਸਿੰਘ ਧੀਰ ਦਾ ਜੀਵਨ, ਰਚਨਾ ਤੇ ਯੋਗਦਾਨ 13-33

ਅਧਿਆਇ-ਤੀਜਾ
ਨਾਵਲ ਪੈੜਾਂ ਦੇ ਆਰ ਪਾਰ ਦਾ ਵਿਸ਼ਾਗਤ ਅਧਿਐਨ 34-50

ਅਧਿਆਇ-ਚੌਥਾ
ਦਰਸ਼ਨ ਸਿੰਘ ਧੀਰ ਦੀ ਗਲਪ ਚੇਤਨਾ 51-69

ਸਾਰ 70-73

ਪੁਸਤਕ ਸੂਚੀ 74-74

# ਭੂਮਿਕਾ

ਹਰ ਸਾਹਿਤ ਦੇ ਦੋ ਰੂਪ ਹਨ-ਇਕ ਗਦ ਤੇ ਦੂਜਾ ਪਦ। ਪਦ ਭਾਵ ਕਵਿਤਾ ਜੋ ਦਿਲ ਦੀ ਬੋਲੀ ਹੈ ਤੇ ਗਦ ਜਿਸ ਨੂੰ ਵਾਰਤਕ ਕਿਹਾ ਜਾਂਦਾ ਹੈ ਜੋ ਕਿ ਦਿਮਾਗ ਦੀ ਬੋਲੀ ਹੁੰਦੀ ਹੈ। ਵਾਰਤਕ ਵਿਚ ਦੋ ਰੂਪ ਆਉਦੇ ਹਨ ਨਾਵਲ ਤੇ ਕਹਾਣੀ।ਇਸ ਖੋਜ-ਕਾਰਜ ਦਾ ਵਿਸ਼ਾ ਨਾਵਲ ਨਾਲ ਸੰਬੰਧਿਤ ਹੈ।ਨਾਵਲ ਪੂਰੇ ਜੀਵਨ ਦਾ ਬਿਰਤਾਂਤ ਹੁੰਦਾ ਹੈ ਇਸ ਵਿਚ ਮਨੁੱਖ ਦੇ ਜਨਮ ਤੋਂ ਲੈ ਕੇ ਜੀਵਨ ਦੀ ਲੀਲਾ ਖਤਮ ਹੋਣ ਤੋਂ ਬਾਅਦ ਤੱਕ ਦੀਆਂ ਘਟਨਾਵਾਂ ਦਾ ਚੱਕਰ ਚੱਲਦਾ ਹੈ।ਇਸ ਲਈ ਇਹ ਕਹਿਣਾ ਅਤਿਕਥਨੀ ਨਹੀਂ ਹੈ ਕਿ ਨਾਵਲ ਸਮੁੱਚੇ ਜੀਵਨ ਦਾ ਬਿਰਤਾਂਤ ਭਾਵ ਲੇਖਾ ਜੋਖਾ ਹੁੰਦਾ ਹੈ।

ਇਸ ਖੋਜ ਕਾਰਜ ਵਿਚ ਬਰਤਾਨਵੀਪੰਜਾਬੀ ਨਾਵਲਕਾਰ ਦਰਸ਼ਨ ਸਿੰਘ ਧੀਰ ਦੇ ਨਾਵਲ ਪੈੜਾਂ ਦੇ ਆਰ ਪਾਰ ਨੂੰ ਅਧਿਐਨ ਦਾ ਕੇਂਦਰ ਮੰਨਿਆ ਗਿਆ ਹੈ।ਦਰਸ਼ਨ ਸਿੰਘ ਧੀਰ ਨੇ 10 ਕਹਾਣੀ ਸੰਗ੍ਰਹਿ ਤੇ 13 ਨਾਵਲ ਲਿਖੇ ਹਨ।'ਪੈੜਾਂ ਦੇ ਆਰ ਪਾਰ' ਨਾਵਲ ਧੀਰ ਦਾ ਇਕ ਵਿਲੱਖਣ ਨਾਵਲ ਹੈ ਜਿਸ ਕਰਕੇ ਇਸ ਖੋਜ ਕਾਰਜ ਲਈ ਇਸ ਨਾਵਲ ਦੀ ਚੋਣ ਕੀਤੀ ਗਈ ਹੈ।ਇਹ ਨਾਵਲ 2001 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ ਇਸ ਦੀ ਸਾਰਥਕਤਾ ਅੱਜ ਦੇ ਸਮੇਂ ਵਿਚ ਬਹੁਤ ਜ਼ਿਆਦਾ ਹੈ ਕਿਉਂਕਿ ਅਜੋਕਾ ਮਾਡਰਨ ਯੁੱਗ ਪਰੰਪਰਈ ਕਦਰਾਂ-ਕੀਮਤਾਂ ਨੂੰ ਛੱਡ ਕੇ ਮਨਆਈਆਂ ਕਰ ਰਿਹਾ ਹੈ ਇਥੋਂ ਤੱਕ ਕਿ ਸਾਡੇ ਅੱਜ ਦੇ ਨੌਜਵਾਨ ਵਿਆਹ ਵਰਗੀ ਸੰਸਥਾ ਤੋਂ ਭੱਜ ਰਹੇ ਹਨ ਤੇ ਪਾਰਟਨਰਸ਼ਿਪ, ਲਿਵ ਇਨ ਰਿਲੇਸ਼ਨਸ਼ਿਪ ਵਰਗੇ ਬੇਹੂਦਾ ਰਿਸ਼ਤਿਆਂ ਵੱਲ ਆਕਰਸ਼ਿਤ ਹੋ ਰਿਹਾ ਹੈ ਜਿਨ੍ਹਾਂ ਦੀ ਪੰਜਾਬੀ ਸੱਭਿਆਚਾਰ ਵਿਚ ਕੋਈ ਥਾਂ ਨਹੀਂ। ਇਸ ਨਾਵਲ ਵਿਚ ਧੀਰ ਨੇ ਔਰਤ ਦੀ ਸੁਤੰਤਰਤਾ ਜਿਹੇ ਗੁੰਝਲਦਾਰ ਵਿਸ਼ੇ ਨੂੰ ਪ੍ਰਸਤੁਤ ਕੀਤਾ ਹੈ ਉਹ ਵੀ ਉਸਦੇ ਸਾਰੇ ਪਹਿਲੂਆਂ ਸਮੇਤ, ਅਜਿਹਾ ਕਰ ਸਕਣਾ ਸ਼ਾਇਦ ਹੀ ਕਿਸੇ ਹੋਰ ਦੁਆਰਾ ਸੰਭਵ ਹੋ ਸਕੇ।ਔਰਤ ਖਾਸਕਰ ਪੱਛਮ ਦੀ ਔਰਤ 'ਔਰਤ ਸੁਤੰਤਰਤਾ' ਦੇ ਨਾਂ ਤੇ ਪਤਾ ਨਹੀਂ ਕੀ ਸੋਚ ਰਹੀ ਹੈ, ਨਾ ਤਾਂ ਉਹ ਮਰਦ ਦਾ ਸਾਥ ਦੇਣ ਲਈ ਤਿਆਰ ਹੈ, ਨਾ ਉਸ ਤੇ ਵਿਸ਼ਵਾਸ਼ ਕਰਨ ਲਈ ਤਿਆਰ ਹੈ, ਨਾ ਉਹ ਕੋਈ ਐਸਾ ਰਸਤਾ ਚੁਣ ਸਕੀ ਹੈ ਜਿਹੜਾ ਉਸਦੀ ਆਜ਼ਾਦੀ ਦੀ

ਸਹੀ ਦਿਸ਼ਾ ਨਿਰਧਾਰਤ ਕਰ ਸਕੇ ਅਤੇ ਨਾ ਹੀ ਉਹ ਕਿਸੇ ਵੱਲੋਂ ਖਾਸਕਰ ਮਰਦ ਵੱਲੋਂ ਸੁਝਾਏ ਰਾਹ 'ਤੇ ਚੱਲਣ ਲਈ ਤਿਆਰ ਹੈ।ਉਹ ਇਸ ਸੁਤੰਤਰਤਾ ਦੇ ਵੇਗ ਵਿਚ ਇੰਨੀ ਬੁਰੀ ਉਲਝ ਲਈ ਹੈ ਕਿ ਸਮਾਜਕ ਤਾਣਾ-ਬਾਣਾ ਹੀ ਉਲਝਿਆ ਪਿਆ ਹੈ। ਬਿਨ੍ਹਾਂ ਪਿਓ ਦੇ ਬੱਚੇ, ਪਾਰਟਨਰਸ਼ਿਪ ਦੀ ਪੈਦਾਵਾਰ, ਆਪਣੀ ਸ਼ਨਾਖਤ ਲਈ ਭਟਕ ਰਹੇ ਹਨ, ਵਿਆਹ ਬਾਹਰੇ ਸਬੰਧ, ਤਰ੍ਹਾਂ-ਤਰ੍ਹਾਂ ਦੇ ਨਵੇਂ ਮਸਲਿਆਂ ਨੂੰ ਜਨਮ ਦੇ ਰਹੇ ਹਨ, ਪਰਿਵਾਰ ਨਾਂ ਦੀ ਸੰਸਥਾ ਅਰਥਹੀਨ ਹੋ ਰਹੀ ਹੈ, ਨਿਊਕਲੀਅਰ ਪਰਿਵਾਰਾਂ ਦੀ ਸੰਖਿਆ ਵਧਣ ਨਾਲ ਦਿਨੋ-ਦਿਨ ਨਵੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।ਇਹ ਨਾਵਲ ਹਰ ਪੱਖ ਤੋਂ ਪੂਰਾ ਹੈ ਚਾਹੇ ਉਸਦੇ ਪਾਤਰ ਹਨ, ਚਾਹੇ ਭਾਸ਼ਾ ਤੇ ਚਾਹੇ ਉਸ ਵਿਚਲਾ ਘਟਨਾ ਕ੍ਰਮ, ਉਸਨੇ ਪਰਵਾਸ ਵਿਚ ਪੰਜਾਬੀਆਂ ਨੂੰ ਦਰਪੇਸ਼ ਹਰ ਉਸ ਮਸਲੇ ਨੂੰ ਬਿਰਤਾਂਤ ਦਾ ਹਿੱਸਾ ਬਣਾਇਆ ਹੈ ਜਿਹੜਾ ਦੋ ਸੱਭਿਆਚਾਰਾਂ ਦੇ ਮਿਲਘੋਭੇ ਤੋਂ ਪੈਦਾ ਹੋ ਰਿਹਾ ਹੈ।ਧੀਰ ਦੀ ਇਹ ਡੂੰਘੀ ਸਮਝ ਅਤੇ ਅਜਿਹੇ ਮਸਲਿਆਂ ਨੂੰ ਪੇਸ਼ ਕਰਨ ਦੀ ਕਲਾ ਉਸ ਨੂੰ ਸਾਹਿਤਕ ਦੁਨੀਆ ਵਿਚੋਂ ਦੂਜਿਆ ਨਾਲੋਂ ਅਲੱਗ ਕਰਦਾ ਹੈ। ਐਸੇ ਗੁੰਝਲਦਾਰ ਵਿਸ਼ੇ ਨੂੰ ਸਾਹਿਤਕ ਇਮਾਨਦਾਰੀ ਨਾਲ ਪੇਸ਼ ਕਰ ਸਕਣਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ ਹੁੰਦਾ। ਧੀਰ ਦੀ ਕਥਾਨਕ ਚੋਣ, ਦ੍ਰਿਸ਼ ਚਿਤਰਨ ਕਲਾ, ਪਾਤਰ ਚੋਣ, ਪਾਤਰ-ਉਸਾਰੀ, ਵਾਰਤਾਲਾਪਾਂ ਦੀ ਚੋਣ ਅਤੇ ਪਾਤਰਾਂ ਦੇ ਅਨੁਸਾਰੀ ਸ਼ਬਦ ਚੋਣ ਆਦਿ ਕੁਝ ਐਸੀਆਂ ਖੂਬੀਆਂ ਹਨ ਜੋ ਉਸ ਦੀ ਰਚਨਾ ਅਤੇ ਉਸ ਨੂੰ ਪੰਜਾਬੀ ਸਾਹਿਤ ਖਾਸਕਰ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਨਿਵੇਕਲੀ ਪਹਿਚਾਣ ਦਿਵਾਉਂਦੀਆਂ ਹਨ। ਸੋ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਦਰਸ਼ਨ ਸਿੰਘ ਧੀਰ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਨਿਵੇਕਲੀ ਸੁਰ ਰੱਖਣ ਵਾਲਾ, ਬਹੁਤ ਦੀ ਅਨੁਭਵੀ ਅਤੇ ਵਡੇਰਾ ਨਾਵਲਕਾਰ ਹੈ।

## ਖੋਜ ਕਾਰਜ ਦਾ ਖੇਤਰ

ਇਸ ਖੋਜ ਕਾਰਜ ਦਾ ਵਿਸ਼ਾ 'ਦਰਸ਼ਨ ਸਿੰਘ ਧੀਰ ਦੀ ਗਲਪ ਚੇਤਨਾ 'ਪੈੜਾਂ ਦੇ ਆਰ ਪਾਰ' ਨਾਵਲ ਦੇ ਸੰਦਰਭ ਵਿਚ' ਹੈ।ਇਹ ਨਾਵਲ ਬਹੁਪਾਸਾਰੀ ਹੋਣ ਕਾਰਨ ਖੋਜ ਲਈ ਚੁਣਿਆ ਗਿਆ ਹੈ ਜਿਸ ਰਾਹੀਂ ਦਰਸ਼ਨ ਧੀਰ ਦੀ ਗਲਪ ਚੇਤਨਾ ਨੂੰ ਸਮਝਣਾ ਆਸਾਨ ਹੈ। ਖੋਜ ਵਿਸ਼ੇ ਨੂੰ ਇਕ

ਹੀ ਨਾਵਲ ਤੱਕ ਸੀਮਤ ਰੱਖਣਾ ਅਕਾਦਮਿਕ ਪੱਧਰ ਤੇ ਲਿਮੇ ਸਮੇਂ ਅਤੇ ਮਾਸਟਰ ਇਨ ਆਰਟਸ ਦੀ ਡਿਗਰੀ ਦੀਆਂ ਜ਼ਰੂਰਤਾਂ ਅਨੁਸਾਰ ਵਾਜਿਵ ਜਾਪਦਾ ਹੈ ਤਾਂ ਕਿ ਕੰਮ ਨੂੰ ਵਧੀਆ ਤਰੀਕੇ ਤੇ ਆਸਾਨੀ ਨਾਲ ਨਿਭਾਇਆ ਸਕੇ।

**ਉਦੇਸ਼:**

1. ਨਾਵਲ ਪੈੜਾਂ ਦੇ ਆਰ ਪਾਰ ਦਾ ਸਾਹਿਤਕ ਮੱਹਤਵ ਉਜਾਗਰ ਕਰਨਾ ।
2. ਦੋ ਸੱਭਿਆਚਾਰਾਂ ਦੇ ਪੁੜਾਂ 'ਚ ਪਿਸਣ ਕਾਰਨ ਰਿਸ਼ਤਿਆਂ ਵਿਚ ਉਪਜ ਰਹੇ ਸੰਤਾਪ ਦੀ ਨਿਸ਼ਾਨਦੇਹੀ ਕਰਨੀ ।
3. ਨਾਵਲ ਵਿਚ ਪੇਸ਼ ਸਮੱਸਿਆਵਾਂ ਦੇ ਕਾਰਨ ਤਲਾਸ਼ਦਿਆਂ ਉਨ੍ਹਾਂ ਦੇ ਢੁਕਵੇਂ ਹੱਲ ਸੁਝਾਉਣੇ।
4. ਦਰਸ਼ਨ ਧੀਰ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ ਸਪੱਸ਼ਟ ਕਰਨਾ।

**ਖੋਜ-ਵਿਧੀ**

**ਤਰਕਵਾਦੀ ਵਿਧੀ**-ਤਰਕਵਾਦੀ ਵਿਧੀ ਤਰਕ ਵਿਤਰਕ ਦੇ ਆਸਰੇ ਚਲਦੀ ਹੈ।ਇਕ ਜਾਂ ਇਕ ਤੋਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆਂ ਤੇ ਅਪੜਨਾ ਤਰਕਵਾਦ ਹੈ।ਗਿਆਨ-ਚੀਨਣ ਦਾ ਇਹ ਢੰਗ ਅਗੇ ਦੋ ਵਿਧੀਆਂ ਵਿਚ ਵਟ ਜਾਦਾ ਹੈ: ਨਿਗਮਨਾਤਮਕ ਅਤੇ ਆਗਮਨਾਤਮਕ।ਦੋਵੇ ਤਰਕਸ਼ਾਸਤਰ ਦੇ ਮਹੱਤਵਪੂਰਣ ਅੰਗ ਹਨ।

**ਨਿਗਮਨਾਤਮਕ ਵਿਧੀ:**ਤਰਕ ਸ਼ਾਸਤਰ ਦੀ ਵਿਧੀ ਦੀ ਵਰਤੋਂ ਯੂਨਾਨੀ ਚਿੰਤਕਾਂ ਨੇ ਕੀਤੀ। ਉਹ ਮੁੱਖ ਰੂਪ ਵਿਚ ਤਰਕਸ਼ਾਸਤਰ ਦੀ ਨਿਗਮਨਾਤਮਕ ਵਿਧੀ ਵਿਚ ਵਿਆਪਕ ਜਾਂ ਸਰਬ ਸਧਾਰਣ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁਚੰਣ ਦਾ ਵਿਧਾਨ ਹੈ।ਤਰਕ ਦੀ ਇਹ ਵਿਧੀ ਪ੍ਰਾਚੀਨ ਕਾਲ਼ ਵਿਚ ਬੜੀ ਪ੍ਰਸਿੱਧ ਸੀ। ਇਸ ਨੂੰ ਅਜੋਕੀ ਭਾਸ਼ਾ ਵਿਚ ਹੇਤੁਵਾਦੀ ਜਾਂ ਤਰਕਵਾਦੀ ਪੱਧਤੀ ਕਿਹਾ ਜਾਦਾ ਹੈ ਕਿਉਂ ਜੋ ਇਸ ਦਾ ਆਧਾਰ ਯੁਕਤੀਵਾਦ ਸੀ।ਯੁਕਤੀਵਾਦ

ਦਾ ਪ੍ਰਕਾਰਜ ਮੰਨੀਆ ਪ੍ਰਮੰਨੀਆਂ ਸਥਾਪਨਾਵਾਂ ਜਾਂ ਆਧਾਰ-ਵਾਕਾਂ ਤੋਂ ਤਰਕ ਵਿਤਰਕ ਨਾਲ ਨਵੇਂ ਸਿੱਟੇ ਕੱਢਣਾ ਸੀ।ਸਪੱਸ਼ਟ ਹੈ ਕਿ ਨਵੇਂ ਸਿੱਟੇ ਤਾ ਹੀ ਠੀਕ ਹੋਣਗੇ ਜੇ ਆਧਾਰ ਵਾਕ ਠੀਕ ਹਨ ਜੇ ਆਧਾਰ ਵਾਕ ਹੀ ਗਲਤ ਹਨ ਤਾਂ ਸਿੱਟੇ ਵੀ ਗਲਤ ਹੋਣਗੇ। ਇਸ ਵਿਧੀ ਵਿਚ ਆਧਾਰ ਵਾਕ ਕਸੱਵਟੀ ਦਾ ਕੰਮ ਕਰਦੇ ਹਨ।

**ਆਗਮਨਾਤਮਕ ਵਿਧੀ**:ਤਰਕਸ਼ਾਸਤਰ ਦੀ ਦੂਜੀ ਪੱਧਤੀ ਆਗਮਨਾਤਮਕ ਹੈ। ਇਸ ਵਿਚ ਵਿਸ਼ੇਸ਼ ਸਥਿਤੀ ਤੋਂ ਵਿਆਪਕ ਅਥਵਾ ਸਰਬਸਾਧਾਰਣ ਸਥਿਤੀ ਵੱਲ ਪਹੁੰਚਣ ਦਾ ਵਿਧਾਨ ਹੈ। ਜੇ ਇਸ ਦੀ ਚਿਤਨ-ਵਿਧੀ ਨੂੰ ਸਮਝਣਾ ਹੋਵੇ,ਤਾਂ ਅਸੀ ਉਪਰਲੇ ਉਦਾਹਰਣ ਨੂੰ ਹੀ ਉਲਟਾ ਕੇ ਪੇਸ਼ ਕੀਤਾ ਜਾ ਸਕਦਾ ਹੈ। ਵਿਹਾਰ ਵਿਚ ਵਿਆਪਕ ਜਾਂ ਸਰਬਸਧਾਰਣ ਸਥਿਤੀ ਉਤੇ ਪਹੁੰਚਣ ਲਈ ਇਕ ਨਹੀ, ਬਹੁਤ ਸਾਰੇ ਉਦਾਹਰਣ ਵਿਸ਼ੇਸ਼ ਸਥਿਤੀ,ਦੇ ਲੈਣੇ ਹੋਣਗੇ,ਨਹੀਂ ਤਾਂ ਨਤੀਜਾ ਠੀਕ ਨਹੀ ਨਿਕਲੇਗਾ; ਘੱਟੋ ਘੱਟ ਉਸ ਦੀ ਸੰਦਿਗਧਤਾ ਦਾ ਭਰਮ ਜਰੂਰ ਬਣਿਆ ਰਹੇਗਾ। ਇਸ ਪੱਧਤੀ ਵਿਚ ਆਧਾਰ-ਵਾਕ ਕਸਵੱਟੀ ਦਾ ਨਹੀ,ਗਵਾਹੀ ਦਾ ਕੰਮ ਕਰਦੇ ਹਨ ਤੇ ਏਦ੍ਰਿਕ ਪ੍ਰਤੱਖਣ ਦਾ ਰੋਲ਼ ਮਹੱਤਵਪੂਰਣ ਹੁੰਦਾ ਹੈ।

ਵਿਗਿਆਨਕ ਵਿਧੀ ਆਗਮਨਾਤਮਕ ਸੋਚ ਪ੍ਰਣਾਲੀ ਉੱਤੇ ਆਧਾਰਿਤ ਨਹੀ।ਨਿਗਮਨਾਤਮਕ ਪ੍ਰਣਾਲੀ ਦਾ ਵੀ ਇਸ ਵਿਚ ਕੁਝ ਨਾ ਕੁਝ ਯੋਗਦਾਨ ਹੁੰਦਾ ਹੈ।ਇਸ ਯੋਗਦਾਨ ੳਾਗਮਨਾਤਮਕ ਪ੍ਰਣਾਲੀ ਦੁਆਰਾ ਹਾਸਲ ਹੋਏ ਸਿੱਟਿਆ ਦੀ ਪੜਤਾਲ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਪ੍ਰੱਤਖਣ,ਵਿਸ਼ਲੇਸ਼ਣ,ਸੰਸ਼ਲੇਸ਼ਣ ਅਤੇ ਪਰੀਖਣ ਜਾਂ ਪੜਤਾਲ ਇਸ ਵਿਧੀ ਦੇ ਪ੍ਰਧਾਨ ਅੰਗ ਹਨ। ਇਹ ਵਿਧੀ ਉਤਸਕਤਾ ਰੱਖਣ ਵਾਲੇ ਖੋਜਕਾਰ ਨੂੰ ਪ੍ਰਾਕ੍ਰਿਤਕ ਜਗਤ ਵਿਚ ਵਾਪਰਦੀਆ ਘਟਨਾਵਾ ਦਾ ਪ੍ਰਤੱਖਣ ਕਰਨ,ਉਨਾਂ ਨਮੂ ਅਜਿਹੇ ਵਾਤਾਵਰਨ ਵਿਚ ਉਜਟਹੀ ਹੀ ਸਥਿਤੀ ਵਿਚ,ਪ੍ਰਯੋਗਸਾਲਾ ਵਿਚ ਦੁਹਰਾਏ ਜਾਦੇ ਹਨ ਤੇ ਮੁੜ ਲਿਖੇ ਜਾਣ ਅਤੇ ਫ਼ਲਸਰੂਪ,ਉਹਨਾ ਦੀ ਤਹਿ ਵਿਚ ਕੰਮ ਕਰਦੇ ਹਨ ਤੇ ਨਿਯਮ ਲੱਭਣ ਦੇ ਯੋਗ ਬਣਾਦੀ ਹੈ। ਇਹ ਵਿਗਿਆਨਕ ਵਿਧੀ ਹੈ,ਜਿਸ ਨੂੰ ਅਜੋਕੇ ਯੁੱਗ ਦੀ ਭਾਸ਼ਾ ਵਿਚ ਅਨੁਭਵਵਾਦ ਜਾਂ ਪ੍ਰਯੋਗਵਾਦ ਦਾ ਨਾਂ ਦਿੱਤਾ ਗਿਆ ਹੈ।

**ਪੂਰਵ ਖੋਜ-ਕਾਰਜ**:- ਇਸ ਤੋਂ ਭਾਵ ਹੈ ਕਿ ਲੇਖਕ ਦੇ ਕੀਤੇ ਗਏ ਕੰਮ ਉੱਪਰ ਪਹਿਲਾ ਹੋ ਚੁੱਕਾ ਕੰਮ।ਦਰਸ਼ਨ ਸਿੰਘ ਧੀਰ ਦੇ ਕੰਮ ਉੱਪਰ ਹੇਠ ਲਿਖਿਆ ਕੰਮ ਹੋ ਚੁੱਕਾ ਹੈ।

ਦਰਸ਼ਨ ਸਿੰਘ ਧੀਰ ਦੇ ਨਾਵਲਾਂ ਦਾ ਬਿਰਤਾਂਤ ਸ਼ਾਸ਼ਤਰੀ ਅਧਿਐਨ,ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਮੈਂ ਧੰਨਵਾਦੀ ਹਾਂ ਆਪਣੇ ਨਿਗਰਾਨ ਡਾ.ਅਵਤਾਰ ਸਿੰਘ ਜੀ ਦੀ ਜਿਨ੍ਹਾਂ ਨੇ ਮੇਰੇ ਇਸ ਖੋਜ-ਕਾਰਜ ਵਿਚ ਮੇਰੀ ਲੋੜ ਅਨੁਸਾਰ ਸਹਾਇਤਾ ਕੀਤੀ।ਮੈ ਆਪਣੇ ਵਿਭਾਗ ਦੇ ਹੋਰ ਅਧਿਆਪਕ ਸਹਿਬਾਨ ਦੀ, ਆਪਣੇ ਪਰਿਵਾਰ ਦੇ ਮੈਬਰਾਂ ਦੀ ਅਤੇ ਆਪਣੇ ਦੋਸਤਾਂ ਦੀ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਮੈਂ ਇਸ ਖੋਜ-ਕਾਰਜ ਨੂੰ ਨੇਪਰੇ ਚਾੜ ਸਕੀ ਹਾਂ।

ਹਰਿੰਦਰ ਦੀਪ ਕੌਰ

# ਅਧਿਆਇ-ਪਹਿਲਾ

# ਗਲਪ ਦਾ ਸਿਧਾਂਤਕ ਪਰਿਪੇਖ

ਸਾਹਿਤ ਜਿਸ ਨੂੰ ਕਿ ਸਮਾਜ ਦਾ ਸ਼ੀਸ਼ਾ ਜਾ ਦਰਪਨ ਕਿਹਾ ਜਾਦਾ ਹੈ।ਇਹ ਗੱਲ ਬਿਲਕੁਲ ਸਹੀ ਵੀ ਹੈ ਕਿਉਂਕਿ ਅਗਰ ਕਿਸੇ ਸਮਾਜ ਦੀ ਜਾਣਕਾਰੀ ਕਿਤੋਂ ਮਿਲ ਸਕਦੀ ਹੈ ਤਾਂ ਉਸ ਸਮਾਜ ਦਾ ਸਾਹਿਤ ਦ੍ਰਿਸ਼ਟੀ ਗੋਚਰ ਕਰਨਾ ਬਹੁਤ ਜਰੂਰੀ ਹੈ ਕਿਉਂਕਿ ਉਸ ਤੋਂ ਹੀ ਉਸ ਸਮਾਜ ਦੀ ਹੋਂਦ ਅਤੇ ਉਸ ਦੀ ਤਰੱਕੀ ਬਾਰੇ ਪਤਾ ਲੱਗਦਾ ਹੈ।ਸਮਾਜ ਵਿਚ ਬਹੁਤ ਸਾਰੀਆਂ ਘਟਨਾਵਾਂ ਰੋਜ਼ਾਨਾ ਵਾਪਰਦੀਆਂ ਰਹਿੰਦੀਆਂ ਜਿਨ੍ਹਾਂ ਵੱਲ ਆਮ ਆਦਮੀ ਦਾ ਤਾਂ ਕੋਈ ਧਿਆਨ ਨਹੀ ਹੁੰਦਾ ਪਰ ਇਹਨਾਂ ਘਟਨਾਵਾਂ ਨੂੰ ਇਕ ਅਜਿਹਾ ਬਹੁਤ ਹੀ ਖਾਸ ਵਿਅਕਤੀ ਇਕ ਖਾਸ ਨਜ਼ਰ ਨਾਲ ਦੇਖਦਾ ਹੈ, ਪਰਖਦਾ ਹੈ ਤੇ ਉਸ ਨੂੰ ਇਕ ਖਾਸ ਅੰਦਾਜ਼ ਵਿਚ ਪੇਸ ਕਰਕੇ ਭਾਵ ਸੱਚ ਅਤੇ ਕਲਪਨਾ ਦੇ ਮੇਲ ਤੋ ਪੈਦਾ ਹੋਣ ਵਾਲੀ ਰਚਨਾ ਰਚਣ ਵਾਲੇ ਵਿਅਕਤੀ ਨੂੰ ਸਾਹਿਤਕਾਰ ਕਿਹਾ ਜਾਦਾ ਹੈ। ਸਾਹਿਤਕਾਰ ਕੋਈ ਆਮ ਆਦਮੀ ਨਹੀ ਹੋ ਸਕਦਾ ਕਿਉਂਕਿ ਹਰ ਗੱਲ ਨੂੰ ਸਾਹਿਤਕ ਦ੍ਰਿਸ਼ਟੀ ਨਾਲ ਦੇਖਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀ ਹੈ।ਇਸ ਲਈ ਸਾਹਿਤਕਾਰ ਆਮ ਵਿਅਕਤੀ ਨਾ ਹੋ ਕਿ ਵਿਅਕਤੀ ਵਿਸ਼ੇਸ਼ ਬਣ ਜਾਦਾ ਹੈ।ਸਾਹਿਤਕਾਰ ਦਾ ਜੋ ਵੀ ਨਿੱਜੀ ਅਨੁਭਵ ਹੁੰਦਾ ਹੈ ਉਹ ਉਹੀ ਅਨੁਭਵ ਰਾਹੀ ਆਪਣੀ ਰਚਨਾ ਵਿਚ ਲਿਖਦਾ ਹੈ ਤੇ ਆਪਣੀ ਰਚਨਾ ਰਾਹੀ ਦੂਸਰੇ ਲੋਕਾ ਨੂੰ ਵੀ ਉਸ ਦੀ ਅਨੁਭੂਤੀ ਕਰਾਉਂਦਾ ਹੈ ਕਿਉਂਕਿ ਸਾਹਿਤ ਦਾ ਇਕ ਉਦੇਸ਼ ਸੋਹਜ ਸੁਆਦ ਦੇਣਾ ਵੀ ਹੈ।ਇਸ ਲਈ ਚੰਗਾ ਸਾਹਿਤ ਉਹੀ ਹੈ ਜਿਸ ਸਤਿਅਮ ਸ਼ਿਵਮ ਸੁਦੰਰਮ ਹੋਵੇ।

ਸਾਹਿਤ ਦੇ ਪ੍ਰਮੁੱਖ ਰੂਪ ਵਿੱਚ ਦੋ ਰੂਪ ਹੁੰਦੇ ਹਨ-ਪਦ ਅਤੇ ਗਦ ।ਪਦ ਭਾਵ ਕਵਿਤਾ ਜਿਸ ਨੂੰ ਦਿਲ ਦੀ ਬੋਲੀ ਕਿਹਾ ਜਾਂਦਾ ਹੈ।ਗਦ ਨੂੰ ਦਿਮਾਗ ਦੀ ਬੋਲੀ ਕਿਹਾ ਜਾਂਦਾ ਹੈ।

ਗਲਪ ਕਲਪਨਾ ਦੇ ਰੰਗ ਵਿਚ ਰੰਗਿਆ ਵਾਰਤਕ ਸਾਹਿਤ ਹੈ ਜਿਸ ਵਿਚ ਕਲਪਨਾ ਦਾ ਅੰਸ਼ ਬਹੁਤਾਤ ਵਿਚ ਹੁੰਦਾ ਹੈ। ਨਾਵਲ ਅਤੇ ਕਹਾਣੀ ਵਿਚ ਕਾਫੀ ਅਸਲੀਅਤ ਨੂੰ ਪੇਸ਼ ਕੀਤਾ ਜਾਂਦਾ ਹੈ ਪਰ ਲੇਖਕ ਇਸ ਨੂੰਆਪਣੀ ਕਲਪਨਾ ਰਾਹੀ ਇਸ ਤਰ੍ਹਾਂ ਦੇ ਰੰਗ ਵਿਚ ਰੰਗ ਕੇ ਪੇਸ਼ ਕਰਦਾ ਹੈ ਕਿ ਸਭ ਉਸ ਦੀ ਕਲਪਨਾ ਦੇ ਜਾਲ ਵਿਚ ਫਸ ਜਾਂਦੇ ਹਨ ਅਤੇ ਇਸ ਤਰ੍ਹਾਂ ਪ੍ਰਤੀਤ ਹੁੰਦੇ ਹਨ ਜਿਵੇਂ ਕਿ ਇਹ ਕਲਪਨਾ ਨਾ ਹੋ ਕਿ ਬਿਲਕੁਲ ਅਸਲੀਅਤ ਹੋਵੇ। ਇਨ੍ਹਾਂ ਨੂੰ ਪੜ੍ਹ ਕੇ ਸੁਣ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਇਸ ਵਿਚ ਜੋ ਵੀ ਪੇਸ਼ ਕੀਤਾ ਗਿਆ ਹੈ ਉਹ ਹਰ ਦੇ ਸਵੈ ਦਾ ਪ੍ਰਗਟਾਵਾ ਹੈ।[1]

ਹਥਲੇ ਖੋਜ-ਕਾਰਜ ਲਈ ਨਾਵਲ ਵਿਧਾਨੂੰ ਚੁਣਿਆ ਗਿਆ ਹੈ।ਨਾਵਲ ਆਧੁਨਿਕ ਸਾਹਿਤ ਦਾ ਇਕ ਹਰਮਨ ਪਿਆਰਾ ਰੂਪਾਕਾਰ ਹੈ।ਨਾਵਲ ਸਾਹਿਤ ਰੂਪ ਦੀ ਉਪਜ ਪੱਛਮੀ ਸਾਹਿਤ ਅਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਭਾਰਤ ਵਿੱਚ 19ਵੀਂ ਸਦੀ ਦੇ ਚੌਥੇ-ਪੰਜਵੇ ਦਹਾਕੇ ਤੋਂ ਅਤੇ ਪੰਜਾਬ ਵਿਚ 19ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਹੋਈ। ਇਹ ਸਬਦ ਨੋਵੈਲਾ (ਨਵਾ) ਤੋਂ ਪ੍ਰਗਟ ਹੋਇਆਂ ਹੈ।ਇਸਦਾ ਮੂਲ (ਮੁੱਢ) ਇਤਾਲਵੀ ਭਾਸ਼ਾ ਵਿਚੋ ਹੈ ਜਿਸ ਦਾ ਅਰਥ ਨਵਾ ਹੈ।ਪੁਰਾਤਨ ਇਤਾਲਵੀ ਵਿਚ ਇਸ ਦੀ ਵਰਤੋਂ ਕਿਸੇ ਖਬਰ,ਗੱਪ-ਸ਼ੱਪ ਜਾਂ ਬਾਤ ਦੇ ਅਰਥਾਂ ਵਿਚ ਹੋਈ ਹੈ।ਮੁੱਢ ਵਿਚ ਅੰਗਰੇਜ਼ੀ ਵਿਚ ਇਸ ਦੀ ਵਰਤੋਂ ਇਕ ਅਜਿਹੀ ਵਾਰਤਕ ਕਥਾ ਵਾਸਤੇ ਸ਼ੁਰੂ ਹੋਈ ਜਿਸ ਵਿਚ ਯਥਾਰਥਕ ਪਰ ਜਿਆਦਾਤਰ ਅਸ਼ਲੀਲ ਕਿਸਮ ਦੀ ਕਹਾਣੀ ਹੋਵੇ ਅਜਿਹੀਆਂ ਕਹਾਣੀਆਂ ਪੁਨਰਜਾਗਰਨ ਦੌਰ ਵਿਚ ਪ੍ਰਸਿੱਧ ਹੋਈਆਂ, ਜਿਵੇ ਬੁਕਾਸੀਓਦੀ ਡੀਕੈਮਰੂਨ। ਇਹ ਮੂਲ ਰੂਪ ਵਿਚ ਆਧੁਨਿਕ ਯੂਰਪੀ ਸਾਹਿਤ ਪ੍ਰੰਪਰਾ ਰੂਪਾਕਾਰ ਹੈ ਜੋ ਸਭ ਤੋਂ ਪਹਿਲਾ ਅੰਗਰੇਜ਼ੀ ਵਿਚ ਪ੍ਰਵਾਨ ਚੜ੍ਹਿਆ। ਯੂਰਪ ਵਿਚ ਨਾਵਲ ਦਾ ਜਨਮ ਸਪੇਨਿਸ਼ ਨਾਵਲਕਾਰ ਸਰਵਾਂਤੇਜ (1547-1616) ਦੁਆਰਾ ਰਚਿਤ ਡੌਨ ਕੁਹੇਤੇ(1615) ਨਾਲ ਮੰਨਿਆ ਜਾਦਾ ਹੈ।ਇੰਗਲੈਂਡ ਵਿਚ ਇਸ ਦੀ ਸਥਾਪਤੀ 18ਵੀਂ ਸਦੀ ਵਿਚ ਡੈਨੀਅਲ ਡੇਫੋ,ਸੈਮੁਅਲ ਰਿਚਡਸਨ ਅਤੇ ਹੇਨਰੀ ਫੀਲਡਿੰਗ ਦੀਆਂ ਰਚਨਾਵਾਂ ਨਾਲ ਹੋਈ। ਉਦੋ ਤੋਂ ਲੈ ਕੇ ਨਾਵਲ ਨੇ ਬਹੁਤ ਵਿਕਾਸ ਕੀਤਾ ਅਤੇ ਅੱਜ ਵਿਸ਼ਵ ਦੀਆਂ ਲਗਭੱਗ ਸਾਰੀਆਂ ਮਹੱਤਵਪੂਰਨ ਭਾਸ਼ਾਵਾਂ ਵਿਚ ਇਸ ਦੀ ਰਚਨਾ ਹੁੰਦੀ ਹੈ। ਅੰਗਰੇਜ਼ੀ ਤੋਂ ਬਾਅਦ ਰੂਸੀ, ਜਰਮਨ, ਫਰਾਂਸੀਸੀ ਆਦਿ ਭਾਸ਼ਾਵਾਂ ਵਿਚ ਸੰਸਾਰ ਪ੍ਰਸਿੱਧ ਨਾਵਲਾਂ ਦੀ ਰਚਨਾ ਹੋਈ। ਅੱਜ ਕੱਲ ਅਫ਼ਰੀਕੀਤੇ ਏਸ਼ਿਆਈ ਭਾਸ਼ਾਵਾਂ ਵਿਚ ਅਜਿਹੇ ਨਾਵਲ ਛਪ ਰਹੇ ਹਨ ਜਿਨ੍ਹਾਂ ਨਾਲ ਵਿਸ਼ਵ ਨਾਵਲ ਪ੍ਰੰਪਰਾ ਅਗਲੀਆਂ ਸਿਖਰਾਂ ਨੂੰ ਛੋਹ ਰਹੀ ਹੈ।[2]

ਪੰਜਾਬ ਵਿਚ ਪਹਿਲਾ ਛਾਪਾਖਾਨਾ 1834 ਈ: ਵਿਚ ਲੁਧਿਆਣੇ ਵਿਖੇ ਸਥਾਪਤ ਹੋਇਆ।ਨਾਵਲ ਵਰਗੇ ਵਾਰਤਕ ਰੂਪ ਇਸ ਤੋਂ ਪਿੱਛੋਂ ਹੀ ਰਚੇ ਜਾਣੇ ਸ਼ੁਰੂ ਹੋਏ ਪੰਜਾਬੀ ਭਾਸ਼ਾ ਵਿਚ ਛਪਿਆ ਪਹਿਲਾ ਨਾਵਲ ਜਾਨ ਬੁਨੀਅਨ ਦੀ ਰਚਨਾ 'ਪਿਲਗ੍ਰਿਮਜ਼ ਪ੍ਰਾਗ੍ਰੈੱਸ' ਦਾ ਅਨੁਵਾਦ 'ਯਿਸੂਈ ਮਨੁੱਖ ਦੀ ਯਾਤਰਾ' ਹੈ ਜੋ ਪਹਿਲੀ ਵਾਰ 1859 ਈ: ਵਿਚ ਪ੍ਰਕਾਸ਼ਿਤ ਹੋਇਆ ਇਸ ਉਪਰੰਤ ਦੂਜਾ ਨਾਵਲ 'ਜਯੋਤਿਰੁਦਯ' 1882 ਈ: ਵਿਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਈਸਾਈ ਮਿਸ਼ਨਰੀਆਂ ਵਲੋਂ ਲੁਧਿਆਣਾ ਦੇ ਮਿਸ਼ਨ ਪ੍ਰੈੱਸ ਵਲੋਂ ਛਾਪੇ ਗਏ। ਇਹਨਾਂ ਨਾਵਲਾਂ ਦਾ ਮਨੋਰਥ ਪੰਜਾਬ ਵਿਚ ਈਸਾਈ ਮਤ ਦਾ ਪ੍ਰਚਾਰ ਕਰਨਾ ਤੇ ਇਹ ਦਰਸਾਉਣਾ ਸੀ ਕਿ ਪੱਛਮੀ ਜੀਵਨ ਸ਼ੈਲੀ ਭਾਰਤੀ ਜੀਵਨ ਸ਼ੈਲੀ ਨਾਲੋਂ ਬਹੁਤ ਸ੍ਰੇਸ਼ਠ ਅਤੇ ਕਲਿਆਣਕਾਰੀ ਹੈ।ਭਾਰਤ ਵਿਚ ਮੌਲਿਕ ਨਾਵਲ ਦੀ ਰਚਨਾ ਬਾਬੂ ਬੰਕਿਮ ਚੰਦਰ ਚੈਟਰਜੀ ਦੀ ਰਚਨਾ 'ਆਨੰਦ ਮਠ'(1881) ਨਾਲ ਸ਼ੁਰੂ ਹੋਈ ਇਸ ਤੋਂ ਬਾਅਦ ਭਾਰਤ ਦੇ ਬਹੁਤ ਸਾਰੇ ਲੇਖਕ ਇਸ ਵਿਧਾ ਵੱਲ ਅਕਰਸ਼ਿਤ ਹੋਏ ਜਿੰਨ੍ਹਾਂ ਵਿਚ ਮੁਨਸ਼ੀ ਪ੍ਰੇਮ ਚੰਦ ਅਤੇ ਸ਼ਰਦ ਚੰਦਰ ਚੈਟਰਜੀ ਆਦਿ ਦੇ ਨਾਂ ਵਰਣਨਯੋਗ ਹੈ।[3]

ਪੰਜਾਬੀ ਨਾਵਲ ਦੇ ਆਰੰਭ ਬਾਰੇ ਅਤੇ ਨਾਵਲਕਾਰਾਂ ਬਾਰੇ ਵੱਖ ਵੱਖ ਸਾਹਿਤ ਦੇ ਇਤਿਹਾਸ ਦੇ ਲੇਖਕਾਂ ਦੇ ਆਪਣੇ ਆਪਣੇ ਵਿਚਾਰ ਹਨ। 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦੇ ਕਰਤਾ ਪ੍ਰੋ: ਕਿਰਪਾਲ ਸਿੰਘ ਦਾ ਮਤ ਹੈ ਕਿ ਪੰਜਾਬੀ ਦਾ ਸਭ ਤੋਂ ਪਹਿਲਾ ਨਾਵਲ ਚਰਨ ਸਿੰਘ ਦਾ 'ਜਗ ਮੜੋਲੀ' ਹੈ। ਇਸ ਮਤ ਨਾਲ ਮੋਢੀ ਨਾਵਲਕਾਰ ਡਾ: ਚਰਨ ਸਿੰਘ ਸਿੱਧ ਹੁੰਦਾ ਹੈ।ਈਸ਼ਰ ਸਿੰਘ ਤਾਂਘ ਪੰਜਾਬੀ ਦਾ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੂੰ ਅਤੇ ਪ੍ਰਥਮ ਨਾਵਲ 1898 ਈ: ਵਿਚ ਛਪੇ ਆਪ ਦੇ ਨਾਵਲ 'ਸੁੰਦਰੀ' ਨੂੰ ਮੰਨਦੇ ਹਨ। ਡਾ: ਸੁਰਿੰਦਰ ਸਿੰਘ ਦੁਸਾਂਝ ਨੇ ਆਪਣੀ ਪੁਸਤਕ 'ਪੰਜਾਬੀ ਇਤਿਹਾਸਕ ਨਾਵਲ' ਵਿਚ ਇਸ ਤੱਥ ਨੂੰ ਪੇਸ਼ ਕੀਤਾ ਹੈ ਕਿ ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ ਤੇ 'ਸੁੰਦਰੀ' ਨੂੰ ਪੰਜਾਬੀ ਦਾ ਪ੍ਰਥਮ ਮੌਲਿਕ ਨਾਵਲ ਹੋਣ ਦਾ ਮਾਣ ਪ੍ਰਾਪਤ ਹੈ।

ਉਪਰੋਕਤ ਵਿਦਵਾਨਾਂ ਤੋਂ ਇਲਾਵਾ ਪ੍ਰੋ: ਨਰਿੰਜਨ ਸਿੰਘ ਤਸਨੀਮ ਇਕ ਹੋਰ ਧਾਰਨਾ ਪੇਸ਼ ਕਰਦੇ ਹਨ। ਉਨ੍ਹਾਂ ਅਨੁਸਾਰ ਭਾਈ ਵੀਰ ਸਿੰਘ ਨੂੰ ਪੰਜਾਬੀ ਨਾਵਲ ਦਾ ਪਿਤਾਮਾ ਨਹੀਂ ਮੰਨਿਆ ਜਾ ਸਕਦਾ।ਉਨ੍ਹਾਂ ਨੇ ਆਪਣੀ ਪੁਸਤਕ 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਵਿਚ ਨਾਨਕ ਸਿੰਘ ਨੂੰ ਮੋਢੀ ਨਾਵਲਕਾਰ ਸਿੱਧ ਕਰਨ ਦਾ ਯਤਨ ਕੀਤਾ ਹੈ।ਆਪ ਦਾ ਵਿਚਾਰ ਹੈ ਕਿ ਪੰਜਾਬੀ ਨਾਵਲ ਦਾ ਇਤਿਹਾਸ ਭਾਵੇਂ ਭਾਈ ਵੀਰ ਸਿੰਘ ਨਾਲ ਸ਼ੁਰੂ ਹੁੰਦਾ ਹੈ ਪਰ ਪੰਜਾਬੀ ਨਾਵਲ ਦਾ ਮੋਢੀ ਨਾਨਕ ਸਿੰਘ ਹੀ ਹੈ ਪਰ ਉਨ੍ਹਾਂ ਦੀ ਇਸ ਰਾਏ ਨੂੰ ਕੋਈ ਹੁੰਗਾਰਾ ਨਹੀ ਮਿਲਿਆ।ਪੰਜਾਬੀ ਵਿਦਵਾਨਾਂ ਦੀ ਬਹੁਗਿਣਤੀ ਭਾਈ ਵੀਰ ਸਿੰਘ ਰਚਿਤ ਨਾਵਲ 'ਸੁੰਦਰੀ' ਨੂੰ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨਦੀ ਹੈ।ਇਸ ਤਰ੍ਹਾਂ ਭਾਈ ਵੀਰ ਸਿੰਘ ਸੁਤੇ ਸਿੱਧੇ ਹੀ ਪੰਜਾਬੀ ਨਾਵਲ ਦੇ ਪਿਤਾਮਾ ਸਿੱਧ ਹੋ ਜਾਂਦੇ ਹਨ।ਇਸ ਸੁੰਦਰੀ ਨਾਵਲ ਨੂੰ ਭਾਈ ਵੀਰ ਸਿੰਘ ਜੀ ਨੇ 1898 ਈ: ਵਿਚ ਪ੍ਰਕਾਸ਼ਿਤ ਕਰਕੇ ਪੰਜਾਬੀ ਦੇ ਮੌਲਿਕ ਨਾਵਲ ਦੀ ਨੀਂਹ ਰੱਖੀ।ਭਾਈ ਮੋਹਣ ਸਿੰਘ ਵੈਦ ਭਾਈ ਵੀਰ ਸਿੰਘ ਦਾ ਸਮਕਾਲੀ ਵੀ ਹੋਇਆ ਹੈ ਤੇ ਉਨ੍ਹਾਂ ਤੋਂ ਪ੍ਰਭਾਵਿਤ ਵੀ।ਉਨ੍ਹਾਂ ਨੇ ਬਹੁਤ ਸਾਰੇ ਨਾਵਲ ਰਚੇ ਹਨ। ਇਨ੍ਹਾਂ ਤੋਂ ਬਾਅਦ ਚਰਨ ਸਿੰਘ ਸ਼ਹੀਦ ਨੇ ਵੀ ਕਈ ਨਾਵਲ ਲਿਖੇ।

ਪ੍ਰੰਪਰਿਕ ਦ੍ਰਿਸ਼ਟੀ ਤੋਂ ਨਾਵਲ ਵਿਚ ਜਿਨ੍ਹਾਂ ਤੱਤਾਂ ਦਾ ਹੋਣਾ ਜਰੂਰੀ ਮੰਨਿਆਂ ਜਾਂਦਾ ਹੈ ਉਹ ਹਨ :- ਪਲਾਟ,ਪਾਤਰ, ਆਲਾ-ਦੁਆਲਾ ਜਾ ਪਰਿਵੇਸ਼, ਬਿਰਤਾਂਤ ਵਿਧੀ, ਦ੍ਰਿਸ਼ਟੀ ਬਿੰਦੂ, ਵਿਸ਼ਾ-ਵਸਤੁ,ਮਿੱਥ ਅਤੇ ਪ੍ਰਤੀਕਾਤਮਿਕਤਾ। ਇਹ ਸਾਰੇ ਤੱਤ ਕਹਾਣੀ ਅਤੇ ਨਿੱਕੀ ਕਹਾਣੀ ਵਿਚ ਵੀ ਹੁੰਦੇ ਹਨ ਪਰਨਿੱਕੀ ਕਹਾਣੀ ਸਧਾਰਨ ਮਨੁੱਖ ਦੀ ਸਧਾਰਨਤਾ ਨੂੰ ਪੇਸ਼ ਕਰਦੀ ਹੈ, ਨਾਵਲ ਸਧਾਰਨ ਮਨੁੱਖ ਦੀ ਅਸਧਾਰਨਤਾ ਨੂੰ ਪੇਸ਼ ਕਰਦਾ ਹੈ।ਸੋ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਹੀ ਇੱਕ ਐਸੀ ਵਿਧਾ ਹੈ ਜੋ ਅਜੋਕੇ ਮਨੁੱਖ ਦੇ ਬਹੁਪਰਤੀ ਜੀਵਨ ਨੂੰ ਆਪਣੇ ਕਲੇਵਰ ਵਿਚ ਲੈ ਸਕਦਾ ਹੈ ਅਤੇ ਉਸਨੂੰ ਭਾਵਪੂਰਤਾ ਨਾਲ ਬਿਆਨ ਕਰ ਸਕਦਾ ਹੈ।[4]

## ਨਾਵਲ ਦੀ ਪਰਿਭਾਸ਼ਾ

**CLEANTH BROOKS AND AUSTEN WARRAN** :-"ਨਾਵਲ ਇਕ ਤਰ੍ਹਾ ਨਾਲ ਸਾਡੀ ਜੀਵਨ ਪ੍ਰਕਿਰਿਆ ਦਾ ਸਿਰਜਣਾਤਮਕ ਬਿੰਬ ਹੈ ਜਿਸ ਵਿਚਲਾ ਅਰਥ ਅਨੁਭਵ ਤੋਂ ਜਨਮ ਲੈਂਦਾ ਹੈ।"[5]

**H.G WELLS** :- "ਨਾਵਲ ਇਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ ਖਾਲੀ ਹੋਵੇ ਜਾਂ ਮਨੁੱਖ ਕੋਲ ਵਿਹਲ ਹੋਵੇ।"[6]

**ਰੈਲਫ ਫਾਕਸ ਦੇ ਅਨੁਸਾਰ**:-"ਨਾਵਲ ਜੀਵਨ ਦੀ ਵਿਆਖਿਆ ਹੈ,ਸਿਰਫ ਮਾਮੂਲੀ ਗੱਦ-ਕਥਾ ਨਹੀ।ਨਾਵਲ ਕਲਾ ਅਜਿਹਾ ਰੂਪ ਹੈ ਜੋ ਮਨੁੱਖ ਨੂੰ ਪੂਰਨ ਰੂਪ ਵਿਚ ਸਮਝਣ ਅਤੇ ਸਕਾਰ ਕਰਨ ਦਾ ਉਪਰਾਲਾ ਕਰਦਾ ਹੈ।"[7]

**ਡਾ. ਸਵਿਦੰਰ ਸਿੰਘ ਉੱਪਲ**:- "ਨਾਵਲ ਵਿਧੀ ਅਨੁਸਾਰ ਪੰਜ ਵਿਸ਼ੇਸ਼ਤਾਵਾਂ- ਜੀਵਨ, ਫ਼ਲਸਫਾ,ਪਾਤਰ, ਗੋਂਦ,ਵਾਰਤਾਲਾਪ,ਵਾਤਵਰਣ ਦਾ ਨਾਵਲ ਵਿਚ ਹੋਣਾ ਜਰੂਰੀ ਮੰਨਿਆ ਜਾਦਾ ਹੈ।"[8]

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਅਪਣੇ ਆਪ ਵਿਚ ਸੰਪੂਰਨ ਵੀ ਹਨ ਅਤੇ ਅਪੂਰਨ ਵੀ ਕਿਉਂਕਿ ਨਾਵਲ ਦੀ ਸਹੀ ਅਤੇ ਤਾਤਵਿਕ ਪਰਿਭਾਸ਼ਾ ਅੱਜ ਤੱਕ ਨਹੀ ਹੋ ਸਕੀ। ਜੋ ਕੁਝ ਵੀ ਹੋਇਆ ਹੈ,ਉਹ ਇਕ ਦੋ ਜਾਂ ਵੱਧ ਵਿਦਵਾਨਾਂ ਦੇ ਵਿਚਾਰਾਂ ਦੀ ਸਾਂਝ ਦੇ ਆਧਾਰ ਤੇ ਹੋਇਆ ਹੈ।ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਨਾਵਲ ਸਾਹਿਤਕ ਤੇ ਗਲਪਮਈ ਰਚਨਾ ਹੈ।ਜਿਸ ਵਿਚ ਵਿਆਪਕ ਜੀਵਨ ਦਾ ਵਿਸ਼ਲੇਸ਼ਣ ਪਾਤਰਾਂ,ਕਹਾਣੀ,ਘਟਨਾਵਾਂ,ਵਾਰਤਾਲਾਪ ਅਤੇ ਭਾਸ਼ਾ ਦੁਆਰਾ ਕੋਈ ਨਾਵਲਕਾਰ ਇਕ ਵਿਲੱਖਣ ਦ੍ਰਿਸ਼ਟੀਕੋਣ ਤੋਂ ਅਤੇ ਅਜਨਬੀ ਢੰਗ ਨਾਲ ਇਉਂ ਕਰਦਾ ਹੈ ਕਿ ਗਲਪੀ ਸੰਸਾਰ ਸੱਚਮੁੱਚ ਦਾ ਸੰਸਾਰ ਨਾ ਹੁੰਦਾ ਹੋਇਆ ਵੀ ਸੱਚਾ ਪ੍ਰਤੀਤ ਹੁੰਦਾ ਹੈ।ਨਾਵਲੀ-ਰਚਨਾ ਵਿੱਚ ਹਰ ਸਮੇਂ ਵਿਰੋਧਾਭਾਸ ਬਣਿਆ ਰਹਿੰਦਾ ਹੈ। ਇਕ ਪਾਸੇ ਇਸ ਦੀ ਸੀਮਾ ਸਮਕਾਲੀ ਜੀਵਨ ਦੇ ਯਥਾਰਥ ਨਾਲ ਜੁੜਦੀ ਹੈ ਅਤੇ ਦੂਜੇ ਪਾਸੇ ਇਸ ਦਾ ਸਬੰਧ ਕਾਲਪਨਕ ਗਲਪ ਸੰਸਾਰ ਵਿਚ ਪੇਸ਼ ਹੋਏ ਕਲਾ-ਯਥਾਰਥ ਨਾਲ ਹੈ।[9]

ਪੰਜਾਬੀ ਅਧਿਐਨ ਦੇ ਖੇਤਰ ਵਿਚ ਗਲਪ ਸਿਰਲੇਖ ਅਧੀਨ ਨਾਵਲ ਅਤੇ ਨਿੱਕੀ ਕਹਾਣੀ ਨੂੰ ਇਕੋ ਥਾਂ ਰੱਖਿਆ ਗਿਆ ਹੈ ਇਸ ਲਈ ਸਮੁੱਚੇ ਗਲਪ ਸਿਧਾਂਤ ਤੇ ਵਿਚਾਰ ਕਰਨ ਤੋਂ ਬਾਅਦ ਇਹ ਉਚਿਤ ਪ੍ਰਤੀਤ ਹੁੰਦਾ ਹੈ ਕਿ ਨਾਵਲ ਅਤੇ ਕਹਾਣੀ ਦੇ ਬੁਨਿਆਦੀ ਤੱਤਾਂ ਬਾਰੇ ਵੱਖ ਵੱਖ ਵਿਚਾਰ ਕੀਤੀ ਜਾਵੇ, ਤੱਤਾਂ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਪੰਜਾਬੀ ਨਾਵਲ ਦੇ ਇਤਿਹਾਸ ਅਤੇ ਸੱਭਿਆਚਾਰਕ ਪਿਛੋਕੜ ਬਾਰੇ ਵੀ ਵਿਚਾਰ ਕੀਤਾ ਜਾਵੇਗਾ।

ਨਾਵਲੀ-ਰਚਨਾ ਵਿਚ ਪ੍ਰਮੁੱਖ ਨਾਵਲ ਦਾ ਕਥਾ-ਜਗਤ ਅਥਵਾ ਕਹਾਣੀ ਹੁੰਦੀ ਹੈ।ਇਸ ਕਹਾਣੀ ਅਥਵਾ ਕਥਾ-ਵਸਤੂ ਨੂੰ ਇਕ ਤਰਤੀਬ ਵਿਚ ਬੰਨ ਕੇ ਪਲਾਟ ਹੀ ਪੇਸ਼ ਕਰਦਾ ਹੈ। ਪਲਾਟ ਨਾਵਲੀ ਥੀਮ ਨੂੰ ਸੰਗਠਨ ਕਰਨ ਦਾ ਨਾਮ ਵੀ ਹੈ। ਕੁਝ ਲੋਕ ਕਹਾਣੀ ਨੂੰ ਹੀ ਪਲਾਟ ਕਹਿ ਦਿੰਦੇ ਹਨ ਕਿਉਂਕਿ ਨਾਵਲ ਵਿਅਪਕ ਜੀਵਨ ਨਾਲ ਸਬੰਧਤ ਹੁੰਦਾ ਹੈ।ਅਰਸਤੂ ਨੇ ਆਪਣੇ ਕਾਵਿ ਸ਼ਾਸ਼ਤਰ The poetics ਵਿਚ ਪਲਾਟ ਨੂੰ ਬਹੁਤ ਮਹੱਤਵ ਦਿੱਤਾ

ਹੈ।ਉਹ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਦਾ ਨਾਂ ਦਿੰਦਾ ਹੈ।[10] ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਵੰਦੀ ਕਹਿੰਦਾ ਹੈ।ਅਰਸਤੂ ਨੇ ਪਲਾਟ ਦੀਆ ਦੋ ਸ਼੍ਰੇਣੀਆਂ ਮੰਨੀਆਂ ਹਨ-ਇਕਹਿਰਾ ਪਲਾਟ ਅਤੇ ਗੁੰਝਲਦਾਰ ਪਲਾਟ। ਅਰਸਤੂ ਇਕਹਿਰੇ ਪਲਾਟ ਨਾਲੋਂ ਗੁੰਝਲਦਾਰ ਪਲਾਟ ਨੂੰ ਤਰਜੀਹ ਦਿੰਦਾ ਹੈ।[11]

ਪੱਛਮੀ ਸਾਹਿਤ ਵਿਚ ਪਾਤਰ-ਉਸਾਰੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਰਿਹਾ ਹੈ।[12]ਨਾਵਲ ਵਿਚ ਪਾਤਰ ਹੀ ਘਟਨਾਵਾਂ ਸਿਰਜਦੇ ਜਾਂ ਘਟਨਾਵਾਂ ਨੂੰ ਭੋਗਦੇ ਹਨ।ਪਾਤਰ ਹੀ ਮਾਨਵ ਦੀ ਦੁੱਖ ਸੁੱਖ ਭਰਪੂਰ ਕਹਾਣੀ ਨਾਲ ਸਬੰਧਤ ਹੁੰਦੇ ਹਨ।ਨਾਵਲੀ ਪਾਤਰ ਦੋ ਤਰ੍ਹਾਂ ਦੇ ਹੁੰਦੇ ਹਨ-ਪੱਧਰੇ ਪਾਤਰ ਅਤੇ ਗੋਲ ਪਾਤਰ।

ਵਾਰਤਾਲਾਪ ਜਾਂ ਸੰਵਾਦ ਨਾਵਲੀ ਘਟਨਾਵਾਂ ਨੂੰ ਸੁਭਾਵਿਕ ਰੂਪ ਵਿਚ,ਆਪਸ ਵਿਚ ਜੋੜਦੇ ਹਨ,ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲੀ ਥੀਮ ਨੂੰ ਇਕ ਸੇਧ ਪ੍ਰਦਾਨ ਕਰਦੇ ਹਨ।ਜਿਹੜੇ ਸੰਵਾਦ ਇਨ੍ਹਾਂ ਲੋੜਾਂ ਦੀ ਪੂਰਤੀ ਨਹੀ ਕਰਦੇ, ਉਨ੍ਹਾਂ ਨੂੰ ਨਾਵਲੀ ਜਗਤ ਵਿਚ ਸਫਲ ਸੰਵਾਦ ਨਹੀ ਮੰਨਿਆ ਜਾਂਦਾ ਸਗੋਂ ਅਜਿਹੇ ਅਰਥਹੀਣ ਸੰਵਾਦ ਨਾਵਲੀ ਰਚਨਾ ਦਾ ਮੁੱਲ ਘਟਾਉਂਦੇ ਹਨ।[13] ਵਾਰਤਾਲਾਪਾਂ ਦਾ ਇਕ ਪੱਖ ਮਨੋਵਿਗਿਆਨ ਨਾਲ ਵੀ ਸਬੰਧਤ ਹੈ।ਇਸ ਗੁਣ ਨਾਲ ਨਾਵਲੀ-ਰਚਨਾ ਨੂੰ ਕਲਾਤਮਕਤਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਵਾਰਤਾਲਾਪ ਦਾ ਮੁੱਖ ਮੰਤਵ ਸੂਖਮਤਾ ਦੇ ਭਾਵਾਂ ਨੂੰ ਸਾਕਾਰ ਕਰਨਾ ਹੈ। ਵਾਰਤਾਲਾਪ ਇਕ ਅਜਿਹਾ ਸਾਧਨ ਹੈ ਜਿਹੜਾ ਹਰ ਪ੍ਰਕਾਰ ਦੀ ਸੂਖਮਤਾ ਨੂੰ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ।

ਨਾਵਲ ਵਿਚ ਨਾਵਲੀ ਉਦੇਸ਼ ਵੀ ਕਾਇਨਾਤ ਵਾਂਗ ਸੁਤੰਤਰ ਅਤੇ ਸਰਬਕਾਰੀ ਹੋਣਾ ਚਾਹੀਦਾ ਹੈ। ਨਾਵਲ ਕੇਵਲ ਮੰਨ ਪਰਚਾਵੇ ਦੀ ਵਸਤੂ ਵਸਤੂ ਨਹੀ ਸਗੋਂ ਜੀਵਨਦਾ ਆਲੋਚਨਾਤਮਕ ਅਧਿਐਨ ਜੈ ਅਤੇ ਇਸ ਅਧਿਐਨ ਵਿਚ ਨਾਵਲਕਾਰ ਦੀ ਦ੍ਰਿਸ਼ਟੀ ਸਮੋਈ ਹੁੰਦੀ ਹੈ।ਦ੍ਰਿਸ਼ਟੀਕੋਣ ਦੀਰਘ ਅਨੁਭਵ ਅਤੇ ਵਿਸ਼ਾਲ ਤਜਰਬੇ ਨਾਲ ਪ੍ਰਪਾਤ ਹੁੰਦਾ ਹੈ।[14]ਭਾਵ ਕਿ ਕੋਈ ਵੀ ਰਚਨਾ ਉਦੇਸ਼ ਤੋਂ ਬਿਨ੍ਹਾਂ ਰਚੀ ਹੀ ਨਹੀ ਜਾਂ ਸਕਦੀ ਕਿਉਂਕਿ ਜੇਕਰ ਉਦੇਸ਼ ਹੀ ਨਹੀ ਹੈ ਕੰਮ ਕਰਨ ਦਾ ਤਾਂ ਉਸ ਕੰਮ ਕਰਨ ਦਾ ਵੀ ਕੋਈ ਲਾਭ ਨਹੀ ਕੋਈ ਮੰਤਵ ਨਹੀ।

ਸ਼ੈਲੀ ਹਰ ਲੇਖਕ ਦੀ ਨਿੱਜੀ ਅਤੇ ਵੱਖਰੀ ਹੁੰਦੀ ਹੈ।ਇਸ ਨੂੰ ਮਾਂਗਵੇਂ ਕੋਟ ਪੈਟ ਵਾਂਗ ਨਹੀ ਪਹਿਨਿਆ ਜਾ ਸਕਦਾ।[15]ਜੇ ਸਾਰੇ ਨਾਵਲੀ ਤੱਤਾਂ ਨੂੰ ਸੁਯੋਗ ਵਿਧੀ ਵਿਚ ਨਾ ਢਾਲਿਆ ਜਾਵੇਂ ਤਾਂ ਨਾਵਲੀ ਪ੍ਰਭਾਵ ਨਹੀ ਸਿਰਜਿਆ ਜਾ ਸਕਦਾ।ਸ਼ੈਲੀ ਸਾਰੇ ਤੱਤਾਂ ਨੂੰ ਅੰਤਰ-ਨਿਹਿਤ ਤੌਰ ਤੇ ਸੁਭਾਵਿਕ ਰੂਪ ਵਿਚ ਜੋੜਨ ਦਾ ਨਾਂ ਹੈ।ਨਾਵਲਕਾਰ ਆਪਣੇ ਆਪਣੇ ਢੰਗ ਨਾਲ ਆਪਣੀਆਂ ਨਾਵਲੀ ਰਚਨਾਵਾਂ ਦਾ ਆਰੰਭ ਕਰਦੇ ਹਨ । ਕਈ ਅੰਤ ਤੋਂ ਨਾਵਲ ਦਾ ਆਰੰਭ ਕਰਦੇ ਹਨ ਅਤੇ ਕਈ ਮੱਧ ਤੋਂ ਤੇ ਕੋਈ ਕਹਾਣੀ ਆਰੰਭ ਤੋਂ ਹੀ ਸ਼ੁਰੂ ਕਰ ਲੈਂਦਾ ਹੈ।ਨਾਨਕ ਸਿੰਘ ਕਈ ਵਾਰ ਅੰਤ ਤੋਂ ਸ਼ੁਰੂ ਕਰਦਾ ਹੈ।ਇਸੇ ਲਈ ਸ਼ੈਲੀ ਨੂੰ ਲੇਖਕ ਦੀ ਨਿੱਜੀ ਵਸਤੂ ਕਿਹਾ ਜਾਦਾ ਹੈ।[16]

**ਪੰਜਾਬੀ ਨਾਵਲ ਦੀਆ ਪ੍ਰਮੁੱਖ ਪ੍ਰਵਿਰਤੀਆਂ-** ਪ੍ਰਵਿਰਤੀ ਤੋਂ ਭਾਵ ਹੈ ਕਿ ਕਿਸੇਇਕਵਿਸ਼ੇ ਤੇ ਬਹੁਤ ਸਾਰੇ ਲੇਖਕਾ ਦੁਆਰਾ ਕੀਤਾ ਕੰਮ। ਨਾਵਲ ਦੀ ਵਿਧਾ ਉੱਤੇ ਹੇਠ ਲਿਖੀਆ ਪ੍ਰਵਿਰਤੀਆਂ ਆਉਂਦੀਆਂ ਹਨ।

**ਇਤਿਹਾਸ-ਮੁੱਖ ਧਾਰਮਕ ਪ੍ਰਵਿਰਤੀ**-ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਰਚਨਾ ਦਾ ਕਾਰਜ ਅੰਰਭਿਆ। ਉਸ ਸਮੇ ਇਕ ਈਸਾਈ ਪਾਦਰੀ ਧਾਰਮਕ ਮਿੱਠੇ ਵਿਵਹਾਰ ਅਤੇ ਆਰਥਕ ਸਹੂਲਤਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਸਨ ਅਤੇ ਦੂਜੇ ਪਾਸੇ ਆਰੀਆ ਸਮਾਜ ਫ਼ਿਰਕੂ ਵਾਤਾਵਰਨ ਪੈਦਾ ਕਰ ਰਹੇ ਸਨ।ਭਾਈ ਵੀਰ ਸਿੰਘ ਦੀ ਨਾਵਲੀ ਰਚਨਾ ਦਾ ਮੁੱਖ ਉਦੇਸ਼ ਸਿੱਖ-ਜਨਤਾ ਨੂੰ ਇਨ੍ਹਾਂ ਚਾਲਾ ਤੋਂ ਸੁਚੇਤ ਕਰਵਾਉਣਾ ਸੀ।[17]ਭਾਈ ਸਾਹਿਬ ਤੋਂ ਬਿੰਨ੍ਹਾਂ ਵੀ ਹੋਰ ਨਾਵਲਕਾਰ ਹੋਏ ਹਨ ਜਿਨ੍ਹਾਂ ਨੇ ਇਸ ਬਾਰੇ ਬਹੁਤ ਕੁਝ ਲਿਖਿਆ ਹੈ।ਭਾਈ ਵੀਰ ਸਿੰਘ ਨੇ ਵਿਜੈ ਸਿੰਘ, ਤੋਂ ਬਿੰਨ੍ਹਾਂ ਚਰਨ ਸਿੰਘ ਸ਼ਹੀਦ, ਭਾਈ ਮੋਹਣ ਸਿੰਘ, ਨਾਨਕ ਸਿੰਘ ਨੇ ਇਕ ਮਿਆਨ ਦੋਂ ਤਲਵਾਰਾ, ਸੁਰਿੰਦਰ ਸਿੰਘ ਨਰੂਲਾ ਨੇ ਅਲੂਣੀ ਸਿੱਲ, ਨਰਿੰਦਰਸਿੰਘ ਨੇ ਸੈਨਾਪਤੀ,ਖੰਡਿਉਂ ਤਿੱਖੀ ਵਾਲੋ ਨਿੱਕੀ,ਏਤਿ ਮਾਰਗ ਜਾਣਾ, ਇਕ ਸਰਕਾਰ,ਹਰਨਾਮਦਾਸ ਨੇ ਸਭਰਾਉਂ,ਅਨੂਪ ਕੌਰ,ਲੋਹਗੜ੍ਹ ਤੋਂ ਬਿੰਨ੍ਹਾਂ ਤਰਲੋਕ ਸਿੰਘ ਤੇ ਸਾਧੂ ਸਿੰਘ ਹਮਦਰਦ ਨੇ ਵੀ ਯੋਗਦਾਨ ਪਾਇਆ।

**ਦੇਸ਼ ਦੀ ਵੰਡ ਦੇ ਪ੍ਰਭਾਵ ਅਧੀਨ ਉਪਜੀ ਮਾਨਵਵਾਦੀ ਨੇ ਸੁਧਾਰਵਾਦੀ ਪ੍ਰਵਿਰਤੀ**

ਦੇਸ਼ ਦੀ ਵੰਡ ਦਾ ਸਭ ਤੋ ਵੱਧ ਪ੍ਰਭਾਵ ਪੰਜਾਬ ਅਤੇ ਬੰਗਾਲ ਤੇ ਪਿਆ।ਇਨ੍ਹਾਂ ਥਾਵਾਂ ਤੇ ਹੀ ਫ਼ਿਰਕੂ ਫ਼ਸਾਦ ਹੋਏ। ਇਨ੍ਹਾਂ ਫ਼ਸਾਦਾ ਦੇ ਮਾੜੇ ਸਿੱਟਿਆ ਨੂੰ ਦਰਸਾਉਂਣ ਲਈ ਬਹੁਤ ਸਹਿਤ ਰਚਿਆ ਗਿਆ ਜਿਵੇਂ ਨਾਨਕ ਸਿੰਘ ਨੇ 'ਅੱਗ ਦੀ ਖੇਡ', ਖ਼ੂਨ ਦੇ ਸੋਹਲੇ,ਆਦਮਖੋਰ,ਗਰੀਬ ਦੀ ਦੁਨੀਆ,ਮੰਝਧਾਰ, ਚਿੱਤਰਕਾਰ,ਸੁਰਿੰਦਰ ਸਿੰਘ ਨਰੂਲਾ ਨੇ ਦੀਨ ਤੇ ਦੁਨੀਆ,ਦਿਲ ਦਰਿਆ,ਕਰਤਾਰ ਸਿੰਘ ਨੇ ਆਂਦਰਾਂ, ਨਹੁੰ ਤੇ ਮਾਸ, ਨਰਿੰਦਰਪਾਲ ਸਿੰਘ ਨੇ ਤ੍ਰਿਆ ਜਾਲ, ਅਮਨ ਦੇ ਰਾਹ ਤੇ ਇਕ ਰਾਹ ਇਕ ਪੜਾਅ, ਸੋਹਣ ਸਿੰਘ ਨੇ ਤੂਤਾਂ ਵਾਲਾ ਖੂਹ, ਈਚੋਗਿਲ ਨਹਿਰ ਤੱਕ।[18]

**ਯਥਾਰਥਵਾਦੀ ਪ੍ਰਵਿਰਤੀ**

ਇਸ ਪ੍ਰਵਿਰਤੀ ਦੇ ਅਧੀਨ ਜੋ ਵੀ ਪੇਸ਼ ਕੀਤਾ ਉਹ ਯਥਾਰਥ ਵਿਚ ਪੇਸ਼ ਹੀ ਸੀ । ਇਸ ਪ੍ਰਵਿਰਤੀ ਦਾ ਪਹਿਲਾ ਨਾਵਲ ਸੁਰਿੰਦਰ ਸਿੰਘ ਦਾ ਨਾਵਲ 'ਪਿਉ ਪੁੱਤਰ'ਮੰਨਿਆ ਗਿਆ ਹੈ।[19]ਇਸ ਵਿਚ ਜੀਵਨ ਦਾ ਅਨੁਕਰਨ ਪੇਸ਼ ਕੀਤਾ ਹੈ। ਉਸ ਤੋਂ ਬਿੰਨ੍ਹਾਂ, ਸੀਤਲ, ਕੰਵਲ, ਗੁਰਦਿਆਲ ਸਿੰਘ ਨੇ ਅਣਹੋਏ,ਕੁਵੇਲਾ ਅੱਧ ਚਾਨਣੀ ਰਾਤ,ਮੜੀ

ਦਾ ਦੀਵਾ, ਕਰਮਜੀਤ ਕੁੱਸਾ,ਹਰੀ ਸਿੰਘ ਸੰਤ ਸਿੰਘ ਨੇ ਲਹੂ ਮਿੱਟੀ, ਸੁਰਜੀਤ ਸਿੰਘ ਸੇਠੀ,ਦਲੀਪ ਕੌਰ ਟਿਵਾਣਾ,ਸੁਰਜੀਤ ਹਾਂਸ, ਤੋਂ ਬਿੰਨ੍ਹਾਂ ਨਰਿੰਜਨ ਤਸਨੀਮ ਤੇ ਸੁਖਬੀਰ ਨੇ ਵੀ ਆਪਣਾ ਯੋਗਦਾਨ ਪਾਇਆ।[20]

### ਪ੍ਰਗਤੀਵਾਦੀ ਪ੍ਰਵਿਰਤੀ

ਵੀਂਹਵੀ ਸਦੀ ਦੇ ਪਹਿਲੇ ਅੱਧ ਤੋਂ ਹੀ ਪੰਜਾਬੀ ਲੇਖਕਾਂ ਤੇ ਪ੍ਰਗਤੀਵਾਦੀ ਲਹਿਰ ਦਾ ਅਸਰ ਪੈਣਾ ਆਰੰਭ ਹੋ ਗਿਆ ਸੀ। ਇਸ ਲਹਿਰ ਦਾ ਪ੍ਰੇਰਨਾ ਸਰੋਤ ਮਾਰਕਸ ਦਾ ਆਰਥਕ ਦ੍ਰਿਸ਼ਟੀ ਕੋਣ ਸੀ।ਇਸ ਪ੍ਰਵਿਰਤੀ ਅਧੀਨ ਸੰਤ ਸਿੰਘ ਨੇ ਲਹੂ ਮਿੱਟੀ, ਸੁਰਿੰਦਰ ਸਿੰਘ ਨਰੂਲਾ ਨੇ ਲੋਕ ਦੁਸ਼ਮਣ 1951,ਨੀਲੀ ਬਾਰ 1952, ਜਸਵੰਤ ਸਿੰਘ ਨੇ ਰਾਤ ਬਾਕੀ ਹੈ 1955 ਭਵਾਨੀ 1955, ਲਹੂ ਦੀ ਲੋਅ 1955,ਓਮ ਪ੍ਰਕਾਸ਼ ਗਾਸੋ ਨੇ ਪੰਚ ਨਾਦ ਤੋਂ ਬਿੰਨ੍ਹਾਂ ਕਰਮਜੀਤ ਕੁੱਸਾ,ਬਲਜੀਤ ਕੌਰ ਬੱਲੀ,ਨਾਨਕ ਸਿੰਘ ਨੇ ਨਾਸੂਰ,ਆਦਮਖੋਰ,ਗਰੀਬ ਦੀ ਦੁਨੀਆ,ਪਿਆਰ ਦੀ ਦੁਨੀਆ,ਸੋਹਣ ਸਿੰਘ ਸੀਤਲ ਨੇਜੁੱਗ ਬਦਲ ਗਿਆ, ਡਾ: ਗੁਰਚਰਨ ਸਿੰਘ ਅਰਸ਼ੀ ਨੇ ਬੀਮਾਰ ਸੜਕਾਂ,ਗੁਰਮੁੱਖ ਜੀਤ ਸਿੰਘ ਨੇ ਮ੍ਰਿਗ ਤ੍ਰਿਸ਼ਨਾ ਤੇ ਡਾ: ਉਪਲ ਨੇ ਲਛਮਣ ਰੇਖਾ ਲਿਖਿਆ।[21]

### ਆਲੋਚਨਾਤਮਕ ਯਥਾਰਵਾਦੀ ਪ੍ਰਵਿਰਤੀ

ਇਸ ਪ੍ਰਰਿਵਰਤੀ ਵਿਚ ਗੁਰਦਿਆਲ ਸਿੰਘ ਦੇ ਨਾਵਲ ਮਹੱਤਵਪੂਰਨ ਹਨ।ਉਸ ਤੋਂ ਬਿੰਨ੍ਹਾਂ ਦਲੀਪ ਕੌਰ ਟਿਵਾਣਾ ਨੇ ਏਹੁ ਹਮਾਰਾ ਜੀਵਣਾਂ ਤੇ ਰਾਮ ਸਰੂਪ ਅਣਖੀ ਨੇ ਅੱਧਾ ਆਦਮੀ,ਕੱਖਾਂ ਕਾਨਿਆਂ ਦੇ ਪੁੱਲ, ਕੋਠੇ ਖੜਕ ਸਿੰਘ ਤੇ ਜਿਸ ਸਿਰ ਸੋਹਣ ਪੱਟੀਆ।[22]

### ਮਨੋਵਿਗਿਆਨੀ ਪ੍ਰਵਿਰਤੀ

ਇਹ ਸਿਧਾਂਤ ਫ਼ਰਾਇਡ ਦਾ ਹੈ।ਇਸ ਨੇ ਮਾਨਵ ਜਾਤੀ ਨੂੰ ਨਵੇਂ ਢੰਗ ਨਾਲ ਸੋਚਣਾ ਸਿਖਾਇਆ। ਇਸ ਅਧੀਨ ਆਉਂਦੇ ਹਨ- ਜੋਸੂਆ ਫ਼ਜਲਦੀਨ-ਪ੍ਰਭਾ ਸਭ ਤੋਂ ਪਹਿਲਾਂ ਨਾਵਲ ਮੰਨਿਆ ਗਿਆ ਹੈ।ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਅਣਵਿਆਹੀ ਮਾਂ, ਨਾਨਕ ਸਿੰਘ ਦਾ ਪਵਿੱਤਰ ਪਾਪੀ, ਦਲੀਪ ਕੌਰ ਟਿਵਾਟਾ ਅਗਨੀ ਪ੍ਰੀਖਿਆ, ਤੀਲੀ ਦਾ ਨਿਸ਼ਾਨ, ਸੁਖਵੀਰ ਦਾ ਰਾਤ ਦਾ ਚਹਿਰਾ, ਪਾਣੀ ਦੇ ਪੁਲ, ਸੜਕਾਂ ਦੇ ਕਿਨਾਰੇ,ਸੁਰਜੀਤ ਸੇਠੀ ਦਾ ਇਕ ਖਾਲੀ ਪਿਆਲਾ,ਹਰਨਾਮ ਸਿੰਘ ਸਹਿਰਾਈ ਦਾ ਸਫੈਦ ਪੋਸ਼, ਪਥਿਕ,ਰਜਿੰਦਰ ਸਿੰਘ ਬੇਦੀ ਦਾ ਇਕ ਚਾਦਰ ਅੱਧੋਰਾਣੀ,ਅਮ੍ਰਿਤਾ ਪ੍ਰੀਤਮ ਦਾ ਬੰਦ ਦਰਵਾਜਾ,ਸਾਗਰ ਤੇ ਸਿੱਪੀਆਂ,ਦਿਲੀ ਦੀਆ ਗਲੀਆਂ, ਕਰਤਾਰ ਸਿੰਘ ਦਾ ਇਕ ਦਿਲ ਵਿਕਾਊਂ ਹੈ,ਨਰਿੰਦਰਪਾਲ ਸਿੰਘ ਦਾ ਟਾਪੂ, ਸੁਰਜੀਤ ਹਾਂਸ ਦਾ ਮਿੱਟੀ ਦੀ ਢੇਰੀ

ਸੁਰਿੰਦਰ ਜੋਹਲ ਦਾ ਮੋਈ ਰੁੱਤ ਸ਼ਾਮਿਲ ਹਨ।[23] ਇਸ ਖੋਜ ਦਾ ਮੁੱਖ ਆਧਾਰ ਪ੍ਰਵਾਸੀ ਨਾਵਲ ਹੈ ਇਸ ਲਈ ਪ੍ਰਵਾਸੀ ਪੰਜਾਬੀ ਨਾਵਲ ਬਾਰੇ ਜਾਨਣਾ ਜਰੂਰੀ ਹੈ।

ਪਰਵਾਸੀ ਪੰਜਾਬੀ ਨਾਵਲ ਦਾ ਆਗਾਜ ਬਾਕੀ ਸਾਹਿਤਿਕ ਰੂਪਾ ਨਾਲੋਂ ਮਗਰੋਂ ਹੁੰਦਾ ਹੈ।ਇਹ ਆਰੰਭ 1953 ਈ: ਵਿਚ ਗਏ ਕੈਨੇਡੀਅਨ ਪੰਜਾਬੀ ਨਾਵਲ 'ਲਹਿਰ ਵਧਦੀ ਗਈ' (ਕੇਸਰ ਸਿੰਘ) ਤੋਂ ਮੰਨ ਦੇ ਹਾਂ।[24] ਪਰਵਾਸੀ ਚੇਤਨਾ ਦੇ ਵਿਭਿੰਨ ਪਾਸਾਰਾਂ ਭੂ-ਹੇਰਵੇ, ਨਸਲੀ ਵਿਤਕਰਾ, ਸਭਿਆਚਾਰਕ ਤਣਾਉ, ਪੀੜੀ ਪਾੜਾ ਅਤੇ ਅਜੋਕੀ ਸਥਿਤੀ ਵਿਚ ਪੂਰਬ ਤੇ ਪੱਛਮ ਦੇ ਅੰਤਰ ਵਿਰੋਧ ਸੰਵਾਦ, ਸਹਿਹੋਂਦ ਤੇ ਸਹਿਯੋਗ ਵਾਲੇ ਸਬੰਧਾਂ, ਪਰਵਾਸੀ ਪੰਜਾਬੀ ਮਨੁੱਖ ਦੀ ਹੋਂਦ ਤੇ ਹੋਣੀ ਨਾਲ ਜੁੜੇ ਪਾਸਰਾਂ ਨੂੰ ਜਿੰਨੀ ਗਹਿਰਾਈ ਸੰਤੁਲਿਤ ਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਤੋਂ ਇਹ ਨਾਵਲ ਸਾਹਿਤ ਪੇਸ਼ ਕਰ ਰਿਹਾ ਹੈ।ਉਹ ਬਾਕੀ ਵਿਧਾਵਾਂ ਦੇ ਮੁਕਾਬਲੇ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ।"ਪਰਵਾਸੀ ਪੰਜਾਬੀ ਨਾਵਲ ਦੀ ਵਿਕਾਸ ਰੇਖਾ ਉਲੀਕਣ ਦੇ ਯਤਨ ਹਿੱਤ ਅਸੀ ਆਪਣੀ ਚਰਚਾ ਨੂੰ ਤਿੰਨ ਭਾਗਾਂ ਵਿਚ ਵਿਭਾਜਿਤ ਕੀਤਾ ਹੈ-ਬਰਤਾਨਵੀ ਪੰਜਾਬੀ ਨਾਵਲ, ਕੈਨੇਡੀਅਨ ਪੰਜਾਬੀ ਨਾਵਲ ਅਤੇ ਅਮਰੀਕਨ ਪੰਜਾਬੀ ਨਾਵਲ"।[25]

ਬਰਤਾਨਵੀ ਪੰਜਾਬੀ ਨਾਵਲ:-ਬਰਤਾਨਵੀ ਪੰਜਾਬੀ ਨਾਵਲ ਦੇ ਅੰਤਰਗਤ ਮਨਜੀਤ ਰਾਣਾ ਦੇ ਨਾਵਲ 'ਮੇਰਾ ਰੂਪ ਮੇਰਾ ਰੂਪ'(1964) ਦਾ ਕਥਾਨਕ ਮੱਧ-ਸ਼੍ਰੇਨਿਕ ਜੀਵਨ ਦੇ ਸਮਜਿਕ ਸੱਭਿਆਚਾਰਕ ਸੰਕਟ ਦਾ ਵਿਵੇਕ ਸਿਰਜਦਾ ਹੈ।ਇਸ ਤੋਂ ਬਿੰਨ੍ਹਾਂ ਉਸ ਦੇ ਕਈ ਹੋਰ ਨਾਵਲ ਵੀ ਹਨ ਜਿਵੇਂ- ਔਖੇ ਪਾਲਣੇ ਬੋਲ (1967), ਪ੍ਰੀਤਾਂ (1968),ਦਿਲ ਤੇ ਦੁਨੀਆ (1969), ਅੰਗਰੇਜ ਕੁੜੀਆਂ (1972), ਪਿੱਕੀ ਗਰੇਵਾਲ ਇਕ ਇਸਤਰੀ ਲੇਖਿਕਾ ਹੈ ਜਿਸ ਨੇ ਔਰਤਾਂ ਦੇ ਸੰਤਾਪ ਨੂੰ ਬਿਆਨ ਕੀਤਾ ਹੈ।ਇਸ ਨੇ 'ਬਚਨੋ ਵਲੈਤ ਆਈ'(1968) ਲਿਖਿਆ।ਦਿਲਬਾਗ ਸਿੰਘ ਬਾਸੀ ਦਾ ਨਾਵਲ 'ਦੇਸੀ ਕੁੜੀਆਂ ਵਲੈਤੀ ਲਾੜੇ (1972) ਵਿਚ ਲਿਖਿਆ ਜਿਵੇਂ ਇਸ ਦੇ ਸਿਰਲੇਖ ਤੋਂ ਹੀ ਸਪਸ਼ਤ ਹੋ ਜਾਂਦਾ ਹੈ ਪੰਜਾਬੀ ਕੁੜੀਆਂ ਦੇ ਵਿਦੇਸ਼ ਤੋਂ ਆਏ ਪ੍ਰਵਾਸੀ ਪੰਜਾਬੀਆਂ ਨਾਲ ਵਿਆਹ-ਬੰਧਨ ਨੂੰ ਪ੍ਰਗਟਾਉਂਦਾ ਹੈ।ਪੰਰਤੂ ਇਹ ਵਿਆਹ-ਸਬੰਧ ਸਾਵੇ, ਸੰਤੁਲਿਤ ਨਹੀਂ ਹਨ ਬਲਕਿ ਪੰਜਾਬੀ ਮਾਪਿਆਂ ਦੁਆਰਾ ਲਾਲਚ, ਸੁਆਰਥ, ਪੱਛਮ ਦੀ ਚਕਾਚੌਂਧ, ਆਰਥਿਕ ਸਮ੍ਰਿਧੀ ਦੀ ਅਕਾਂਖਿਆ ਦੀ ਆਧਾਰ-ਭੂਮੀ ਤੇ ਉਸਰਦੇ ਹਨ।ਮੋਹਣ ਸਿੰਘ ਕੁੱਕੜਪਿੰਡੀਆ ਬਹੁਤ ਹੀ ਮਹੱਤਵਪੂਰਨ ਨਾਵਲਕਾਰ ਹੈ ਜਿਸ ਨੇ ਆਪਣੇ ਨਾਵਲਾ ਰਾਹੀ ਪੱਛਮੀ ਸਾਹਿਤ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ।ਉਸ ਦੇ ਨਾਵਲ ਹਨ-ਖੂਨ ਗਰੀਬਾਂ ਦਾ 1973, ਮੇਰਾ ਗੁਆਚਾ ਪਿਆਰ 1973, ਬਰਫ ਦਾ ਦਰਦ 1978, ਤਰੀਖ ਗਵਾਈ ਦੇਵੇਗੀ 1980,ਗੁਲਾਮੀ 1982, ਬੁੱਕਲ ਯਾਰ ਦੀ 1993, ਕਾਲੇ ਹਰਾਮਦੇ 2004, ਚਿੱਟੇ ਪਾਣੀ 2007, ਪਰਦੇਸ 2010, ਵਲੈਤੀਆਂ 2010, ਗੋਰੀਆਂ 2012 ਨਾਵਲ ਲਿਖੇ ਹਨ।ਹਰਿੰਦਰ ਸਿੰਘ ਬਜਾਜ ਨੇ ਵੀ ਆਪਣਾ ਬਹੁਤ ਯੋਗਦਾਨ ਪਾਇਆ ਹੈ ਉਸ ਦੇ ਨਾਵਲ ਹਨ- ਅੰਬੀ ਦਾ ਪਿਆਰ 1974,[26] ਸੱਜਣਾ ਬਾਝ ਹਨੇਰਾ 1979, ਬਾਬਾ

ਬੋਲਤੇ 1980, ਬਾਰਿ ਬਗਾਨੇ 1996, ਦੀਪ ਬਿੰਦੂ 1997, ਇਕੱਠੇ ਅਤੇ ਇੱਕਠੇ 1998, ਪ੍ਰਵਾਸ ਪੈਂੜਾ 1998, ਉਦਾਸ ਧਰਤੀ 1999, ਧੁਖਦੀ ਅੱਗ 1999, ਖਾਰੇ ਪਾਣੀ 2000,ਨੀਲਾ ਆਕਾਸ਼ 2002, ਸਵਰਗ ਦੇ ਝਰੋਖੇ ਚੋਂ 2003, ਰੋਈ ਸੀ ਦੀ ਪੰਜਾਬ ਦੀ 2006 ਆਦਿ ਨਾਵਲ ਲਿਖ ਕੇ ਆਪਣਾ ਯੋਗਦਾਨ ਪਾਇਆ

ਦਰਸ਼ਨ ਸਿੰਘ ਧੀਰ ਬਹੁਤ ਹੀ ਹਰਮਨ ਪਿਆਰਾ ਪ੍ਰਵਾਸੀ ਨਾਵਲਕਾਰ ਹੈ ਜਿਸ ਨੇ ਬਹੁਤ ਸਾਰਾ ਪੰਜਾਬੀ ਸਾਹਿਤ ਰਚਿਆ ਜਿਵੇਂ-ਆਪਣੇ ਆਪਣੇ ਰਾਹ 1980,[27]ਸੰਘਰਸ਼ 1984,ਧੁੰਦਲਾ ਸੂਰਜ 1989, ਲਕੀਰਾ ਤੇ ਮਨੁੱਖ 1991,ਇਹ ਲੋਕ 1996,ਘਰ ਤੇ ਕਮਰੇ 1988,ਰਣਭੂਮੀ 2005, ਵਹਿਣ 2011 ਆਦਿ।

ਬਰਤਾਨਵੀਂ ਪੰਜਾਬੀ ਸਾਹਿਤ ਵਿਚ ਸਵਰਨ ਚੰਦਨ ਸਥਾਪਤ ਪਰਵਾਸੀ ਨਾਵਲਕਾਰ ਹੈ ਉਸ ਦਾ ਯੋਗਦਾਨ ਵੱਡਮੁੱਲਾ ਹੈ ਉਸ ਦੇ ਨਾਵਲ ਹਨ-ਕੱਖ ਕਾਨ ਤੇ ਦਰਿਆ 1981,ਕੱਚੇ ਘਰ 1981, ਸ਼ਤਰੰਜ 1986,[28] ਕਦਰਾਂ ਕੀਮਤਾਂ 1992,ਕੰਜਕਾਂ 1993, ਮੱਛਰ ਗੰਜ 1998, ਉਜਾੜਾ 1999,ਤਸਦੀਕ 2000,ਨਵੇਂ ਰਿਸ਼ਤੇ 2000, ਰੋਹ ਵਿਦਰੋਹ 2001, ਸਮਾ 2010।ਹਰਜੀਤ ਅਟਵਾਲ ਨੇ ਵੀ ਆਪਣਾ ਬਹੁਤ ਯੋਗਦਾਨ ਪਾਇਆ ਹੈ ਪਰਵਾਸੀ ਪੰਜਾਬੀ ਨਾਵਲ ਨੂੰ ਅੱਗੇ ਵਧਾਉਣ ਵਿਚ ਉਸ ਦੇ ਨਾਵਲ ਹਨ-ਰੇਤ 2003, ਵਨ ਵੇਅ 2004, ਸਵਾਰੀ 2005, ਸਾਊਥਾਲ 2009, ਬ੍ਰਿਟਿਸ਼ ਬੋਰਨ ਦੇਸੀ 2011,ਅਕਾਲ ਸਹਾਏ 2012, ਗੀਤ 2012

**ਮਹਿੰਦਰਪਾਲ ਸਿੰਘ ਧਾਲੀਵਾਲ ਦੇ ਨਾਵਲ ਹਨ-** ਮਹਿੰਦਰ ਸਿੰਘ ਨੇ ਵੀ ਆਪਣੀ ਸਾਹਿਤਕ ਦ੍ਰਿਸ਼ਟੀ ਰਾਹੀ ਪੰਜਾਬੀ ਪੱਛਮੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ ਜਿਵੇਂ

ਮਿੱਟੀ ਦਾ ਮੋਹ 2005, ਨਥਾਵੇਂ 2007, ਚਿਹਰੇ ਮਾਰਚ 2009, ਮੰਜਿਲ ਹੋਰ ਪਰ੍ਹੇ 2011

### ਕਨੈਡੀਅਨ ਪੰਜਾਬੀ ਨਾਵਲ

ਕੇਸਰ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ ਉਸ ਦੀ ਸਾਰੀ ਦੀ ਸਾਰੀ ਰਚਨਾ ਇਤਿਹਾਸਕ ਹੈ। ਉਸ ਦਾ ਪਹਿਲਾ ਨਾਵਲ 'ਲਹਿਰ ਵੱਧਦੀ ਗਈ'(1953) ਦੂਜੀ ਵਿਸ਼ਵ ਜੰਗ ਦੇ ਦੌਰਾਨ ਅਤੇ ਪੂਰਵਲੀਆਂ ਇਤਿਹਾਸਕ,ਅਰਧ-ਇਤਿਹਾਸਕ ਘਟਨਾਵਾਂ ਦੀ ਪ੍ਰਸਤੁਤੀ ਨਾਲ ਸਬੰਧਿਤ ਹੁੰਦਾ ਹੋਇਆ ਭਾਰਤੀ ਸੁਤੰਤਰਤਾ ਸੰਗਰਾਮ ਦੇ ਸੰਦਰਾਮੀਆਂ ਦੀ ਘਾਲਣਾ ਭਰੀ ਦਾਸਤਾਨ ਦੀ ਪੇਸ਼ਕਾਰੀ ਵੀ ਕਰਦਾ ਹੈ।[29] ਇਨ੍ਹਾਂ ਦੇ ਨਾਵਲ ਗਦਰ ਲਹਿਰ ਦੇ ਇਤਿਹਾਸ ਦੇ ਦਸਤਾਵੇਜ ਦੇ ਤੋਰ ਤੇ ਵੀ ਦੇਖੇ ਜਾ ਸਕਦੇ ਹਨ।ਇਨ੍ਹਾਂ ਦੇ ਨਾਵਲ ਹਨ- ਲਹਿਰ ਵਧਦੀ ਗਈ 1953, ਜੰਗੀ ਕੈਦੀ 1969, ਬਾਬਾ ਹਰੀ ਸਿੰਘ ਉਸਮਾਨ 1975, ਅਮਰ ਸ਼ਹੀਦ ਮਦਨ ਲਾਲ ਢੀਂਗਰਾ 1977, ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ ਮਾਰਚ 1978, ਸਿੰਘ ਸਾਹਿਬ ਦੀ ਸ਼ਾਹਾਦਤ ਮਾਰਚ

1982, ਜੰਞ ਲਾੜਿਆਂ ਦੀ 1982, ਤੀਜੀ ਪੀੜੀ 1984, ਗ਼ਦਰੀ ਬੀਬੀ ਗੁਲਾਬ ਕੌਰ 1987, ਗਰੀਨ ਕਾਰਡ 1988, ਹੀਰੋਸ਼ੀਮਾ 1990, ਇਕ ਮਾਂਗ ਸੰਧੂਰੀ 1991, ਕਾਮਾਗਾਟਾਮਰੂ 1993, ਮਨੁੱਖਤਾ ਦੀ ਮੋਤ 1996, ਲੰਡਨ ਰੋਡ 1996, ਹਥਿਆਰਬੰਦ ਇਨਕਲਾਬ ਜੁਲਾਈ 1998, ਸ਼ਹੀਦ ਊਧਮ ਸਿੰਘ (ਮਿਤੀ ਹੀਣ)

ਬਲਵੀਰ ਸਿੰਘ ਮੋਮੀ ਨੇ ਵੀ ਇਸ ਸਾਹਿਤ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਇਆ ਹੈ।ਉਸ ਨੇ ਬਹੁਤ ਸਾਰੇ ਨਾਵਲ ਰਚੇ ਜਿਵੇਂ ਕਿ ਇਸ ਦੇ ਨਾਵਲ ਹਨ:-

ਪੀਲਾ ਗੁਲਾਬ 1975,[30] ਇਕ ਫੁੱਲ ਮੇਰਾ ਵੀ 1987 ਵਿਚੇ ਲਿਖੇ।

ਬਲਵੀਰ ਕੌਰ ਸੰਘੇੜਾ ਇਹ ਇਕ ਇਸਤਰੀ ਨਾਵਲਕਾਰ ਹੈ।ਇਸ ਨੇ ਆਪਣੀਆਂ ਰਚਨਾਵਾਂ ਸਦਕਾ ਪੱਛਮੀ ਪੰਜਾਬੀ ਸਾਹਿਤ ਰਚਣ ਵਿਚ ਕਾਫੀ ਯੋਗਦਾਨ ਪਾਇਆ ਹੈ। ਉਸ ਦੇ ਨਾਵਲ ਹਨ- ਹੱਕ ਦੀ ਮੰਗ 1978, ਇਕ ਖਤ ਨਾਂ ਸੱਜਣਾ ਦੇ.. 1979, ਜਾਲ 2010 ਲਿਖੇ ਹਨ।

ਨਦੀਮ ਪਰਮਾਰ ਇਕ ਅਜਿਹਾ ਨਾਵਲਕਾਰ ਹੈ ਜਿਸ ਨੇ ਏਡਜ਼ ਵਰਗੇ ਵਿਸ਼ੇ ਨੂੰ ਛੋਹਿਆ ਹੈ।ਉਸ ਨੇ ਉਸ ਸਮੇ ਇਸ ਨਾਵਲ ਦੀ ਰਚਨਾ ਕੀਤੀ ਜਦੋਂ ਕੋਈ ਇਸ ਨਾਮੁਰਾਦ ਬਿਮਾਰੀ ਦਾ ਨਾਂ ਵੀ ਨਹੀ ਲੈਂਦਾ ਸੀ। ਉਸ ਨੇ ਆਪਣੇ ਨਾਵਲ ਚਿੱਟੀ ਮੌਤ 1995 ਵਿਚ ਇਸ ਵਿਚ ਖੁੱਲ ਕੇ ਚਰਚਾ ਕੀਤੀ ਹੈ।ਇਸ ਦੇ ਹੋਰ ਨਾਵਲ ਹਨ- ਪੇਸ਼ੀ 2006,ਸਪੋਂਸਰਸ਼ਿਪ 2009 ਦੇ ਰਾਹੀ ਆਪਣਾ ਯੋਗਦਾਨ ਪਾਇਆ ਹੈ।

ਜਰਨੈਲ ਸਿੰਘ ਸੇਖਾ ਨੇ ਨਵੇਂ ਵਿਸ਼ੇ ਲੇ ਆਪਣੀ ਰਚਨਾ ਰਚੀ ਹੈ।ਉਸ ਦਾ ਯੋਗਦਾਨ ਵੀ ਵੱਡਮੁੱਲਾ ਹੈ।ਉਸ ਨੇ ਪੱਛਮੀ ਪੰਜਾਬੀ ਸਾਹਿਤ ਰਚਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ।ਉਸ ਨੇ'ਦੁਨੀਆ ਕੈਸੀ ਹੋਈ'(1997) ਨਾਲ ਪਰਵਾਸੀ ਪੰਜਾਬੀ ਗਲਪ ਨੂੰ ਇਕ ਨਵਾਂ ਪਰਿਪੇਖ ਹਾਸਿਲ ਹੁੰਦਾ ਹੈ।ਉਸ ਦੇ ਸਾਰੇ ਹੀ ਨਾਵਲ ਵਰਨਣਯੋਗ ਹਨ।ਇਸ ਦੇ ਨਾਵਲ ਹਨ:-

ਦੁਨੀਆ ਕੈਸੀ ਹੋਈ 1997,ਭਗੋੜਾ 2003,ਵਿਗੋਚਾ 2009,ਬੇਗਾਨੇ 2012 ਵਿਚ ਲਿਖੇ

ਇਕਬਾਲ ਰਾਮੂਵਾਲੀਆ ਇਕ ਬਹੁਤ ਹੀ ਸੁਘੜ ਕਿਸਮ ਦਾ ਨਾਵਲਕਾਰ ਹੈ ਉਸ ਨੇ ਵੀ ਪੰਜਾਬ ਔਰਤਾਂ ਦੇ ਸੰਤਾਪ ਬਾਰੇ ਬਹੁਤ ਵਿਸ਼ਥਾਰ ਵਿਚ ਲਿਖਿਆ ਹੈ ਉਸ ਦਾ ਨਾਵਲ ਮੌਤ ਇਕ ਪਾਸਪੋਰਟ ਦੀ ਬਹੁਤ ਹੀ ਨਿਵੇਕਲੇ ਤੇ ਇਕ ਅਲਗ ਜਿਹੇ ਵਿਸ਼ੇ ਨੂੰ ਆਪਣਾ ਆਧਾਰ ਬਣਾ ਕੇ ਮੌਤ ਇਕ ਪਾਸਪੋਰਟ ਦੀ 2005 ਵਿਚ ਲਿਖਿਆ।[31]

**ਅਮਰੀਕਨ ਪੰਜਾਬੀ ਨਾਵਲ-** ਗ.ਸ. ਨਕਸ਼ਦੀਪ ਪੰਜਕੋਹਾ ਦਾ ਯੋਗਦਾਨ ਪ੍ਰਵਾਸੀ ਪੰਜਾਬੀ ਨਾਵਲ ਵਿਚ ਵਰਨਣਯੋਗ ਹੈ।ਉਸ ਦੇ ਨਾਵਲ ਹਨ- ਵਾਵਰੋਲਿਆਂ ਦੇ ਨਾਲ 1987 ਵਿਚ ਸ਼ਹਿਰੀ ਮੱਧ- ਸ਼੍ਰੇਣੀ ਦੇ ਭ੍ਰਿਸ਼ਟ ਜੀਵਨ ਵਿਵਹਾਰ ਦੀ ਪੇਸਸ਼ਕਾਰੀ ਕੀਤੀ ਗਈ ਹੈ।[32]

ਸਾਂਝਾ ਦੁੱਖ 1990, ਪਾਰ ਬਣਾਏ ਆਲ੍ਹਣੇ 1994, ਗਿਰਵੀ ਹੋਏ ਮਨ 1998 ਲਿਖੇ ਹਨ।

ਪ੍ਰੋ: ਹਰਭਜਨ ਸਿੰਘ ਦਾ ਯੋਗਦਾਨ ਇਸ ਪ੍ਰਕਾਰ ਹੈ-ਜੋ ਹਾਰੇ ਨਹੀ 2003, ਮਿੱਟੀ ਜਾਏ 1996, ਵਿੰਗ ਤੜਿੰਗੇ ਰਾਹ 2000 ।ਇਹ ਉਸ ਦਾ ਤ੍ਰੈਲੜੀ ਨਾਵਲ ਸੀ।ਉਸ ਨੂੰ ਪਾਰ-ਸੱਭਿਆਚਾਰ ਦਾ ਗਹਿਰਾ ਅਨੁਭਵ ਹੈ।

ਮਨਜੀਤ ਕੌਰ ਸੇਖੋਂ ਇਸਤਰੀ ਨਾਵਲਕਾਰ ਹੈ ਜਿਸ ਨੇ ਕਾਫੀ ਯੋਗਦਾਨ ਪਾਇਆ ਇਸ ਨੇ ਬੜੇ ਵਧੀਆ ਵਿਸ਼ਾ ਲਿਆ ਹੈ।ਜਿਸ ਵਿਚ ਵਾਪਸ ਆਉਂਦੇ ਰਿਸ਼ਤਿਆ ਦਾ ਬਿਆਨ ਬੜੇ ਵਧੀਆ ਢੰਗ ਨਾਲ ਕੀਤਾ ਹੈ।ਇਸ ਦਾ ਨਾਵਲ ਘਰ ਪਰਤਦੇ ਰਿਸ਼ਤੇ 2004 ਵਿਚ ਦੋ ਨਾਵਲਿਟ ਪਹਿਲਾ ਇਕ ਸ਼ਿਕਵਾ ਇਕ ਸਿਕਾਇਤ, ਦੂਜਾ ਘਰ ਪਰਤਦੇ ਰਿਸ਼ਤੇ[33] ਹਨ।

1. Punjabipedia.org.com 7feb1:30 pm
2. ਉਹੀ- 1:35
3. ਉਹੀ- 1:45
4. ਉਹੀ- 2:00
5. ਪੰਨਾ ਨੰ. 39
6. ਉਹੀ, ਪੰਨਾ ਨੰ. 39
7. ਉਹੀ, ਪੰਨਾ ਨੰ. 39
8. ਉਹੀ, ਪੰਨਾ ਨੰ. 41
9. ਉਹੀ, ਪੰਨਾ ਨੰ. 42
10. ਉਹੀ, ਪੰਨਾ ਨੰ. 43
11. ਉਹੀ, ਪੰਨਾ ਨੰ. 44
12. ਉਹੀ, ਪੰਨਾ ਨੰ. 45
13. ਉਹੀ, ਪੰਨਾ ਨੰ. 48

14. ਉਹੀ, ਪੰਨਾ ਨੰ. 51
15. ਉਹੀ, ਪੰਨਾ ਨੰ. 52
16. ਉਹੀ, ਪੰਨਾ ਨੰ. 52
17. ਉਹੀ, ਪੰਨਾ ਨੰ. 78
18. ਉਹੀ, ਪੰਨਾ ਨੰ. 80
19. ਉਹੀ, ਪੰਨਾ ਨੰ. 80
20. ਉਹੀ, ਪੰਨਾ ਨੰ. 81
21. ਉਹੀ, ਪੰਨਾ ਨੰ. 82
22. ਉਹੀ, ਪੰਨਾ ਨੰ. 83
23. ਉਹੀ, ਪੰਨਾ ਨੰ. 84
24. ਅਕਾਲ ਅਮ੍ਰਿਤ ਕੌਰ ਪੰਨਾ ਨੰ. 37
25. ਉਹੀ, ਪੰਨਾ ਨੰ. 37
26. ਉਹੀ, ਪੰਨਾ ਨੰ. 41
27. ਉਹੀ, ਪੰਨਾ ਨੰ. 44
28. ਉਹੀ, ਪੰਨਾ ਨੰ. 48
29. ਉਹੀ, ਪੰਨਾ ਨੰ. 91
30. ਉਹੀ, ਪੰਨਾ ਨੰ. 98
31. ਉਹੀ, ਪੰਨਾ ਨੰ. 146
32. ਉਹੀ, ਪੰਨਾ ਨੰ. 163
33. ਉਹੀ, ਪੰਨਾ ਨੰ. 173

# ਅਧਿਆਇ-ਦੂਜਾ

## ਦਰਸ਼ਨ ਸਿੰਘ ਧੀਰ ਦਾ ਜੀਵਨ, ਰਚਨਾ ਤੇ ਯੋਗਦਾਨ

ਦਰਸ਼ਨ ਸਿੰਘ ਧੀਰ ਦਾ ਜਨਮ ਚੱਕ ਨੰਬਰ ਚਾਰ ਐਫ.ਐਫ., ਤਹਿਸੀਲ ਕਰਨਪੁਰ, ਜਿਲ੍ਹਾ ਗੰਗਾਨਗਰ ਬੀਕਾਨੇਰ (ਰਾਜਸਥਾਨ)ਵਿਚ ਹੋਇਆ ਸੀ। ਇਹ ਪਿੰਡ ਨਹਿਰ ਐਫ.ਐਫ, ਦਾ ਚੌਥਾ ਮੋਘਾ ਹੈ।ਇਹ ਨਹਿਰ ਐਫ ਨਹਿਰ ਵਿਚੋਂ ਬਿੜਗਾਂ ਨਾਂ ਦੇ ਪਿੰਡ ਕੋਲੋਂ ਪਾਟਦੀ ਹੈ।ਬਿੜਗਾਂ ਸਾਇਦ ਬਿਲਿੰਗਾਂ ਦਾ ਵਿਗੜਿਆ ਰੂਪ ਹੈ।ਇਹ ਕਾਫੀ ਵੱਡਾ ਪਿੰਡ ਹੈ ਤੇ ਐਫ ਨਗਰ ਦੇ ਉਤਰ-ਪੱਛਮ ਵਲ ਵਸਿਆ ਹੋਇਆ ਹੈ।[1] ਪਰ ਉਸ ਦਾ ਜੱਦੀ ਪਿੰਡ ਜੰਡਿਆਲਾ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵਿਚ ਹੈ। ਇਹ ਦੁਆਬੇ ਦਾ ਬਹੁਤ ਪੁਰਾਣਾ ਪਿੰਡ ਹੈ। ਦਰਬਾਰਾ ਸਿੰਘ (ਚੀਫ ਮਨਿਸਟਰ) ਵੀ ਤੇ ਕਾਮਰੇਡ ਜਗਮੋਹਨ ਸਿੰਘ ਵੀ ਇਸ ਪਿੰਡ ਦੀ ਦੇਣ ਹੈ।ਨੈਸ਼ਨਲ ਪ੍ਰਸਿੱਧੀ ਦਾ ਮਾਲਕ ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਵੀ ਇਸੇ ਪਿੰਡ ਦਾ ਹੈ। ਇਸ ਪਿੰਡ ਨੇ ਕਈ ਕਵੀ ਗਲਪਕਾਰ ਵੀ ਪੈਦਾ ਕੀਤੇ ਜਿਵੇ :- ਲਖਵਿੰਦਰ ਜੌਹਲ, ਅਵਤਾਰ ਜੰਡਿਆਲਵੀ, ਉਪਿੰਦਰ ਜੌਹਲ ਆਦਿ ਹਨ ਤੇ ਦਰਸ਼ਨ ਸਿੰਘ ਧੀਰ ਨੂੰ ਵੀ ਇਸੇ ਪਿੰਡ ਦਾ ਹੋਣ ਕਾਰਨ ਆਪਣੇ ਆਪ ਤੇ ਬਹੁਤ ਮਾਣ ਮਹਿਸੂਸ ਕਰਦਾ ਹੈ।ਦਰਸ਼ਨ ਸਿੰਘ ਦੇ ਪਿਤਾ ਦਾ ਨਾਮ ਸਰਦਾਰ ਮਹਿੰਗਾ ਸਿੰਘ ਸੀ। ਉਸ ਦੀ ਮਾਂ ਦਾ ਨਾਮ ਪੁੰਨਾ ਸੀ ਜਿਸ ਨੂੰ ਅਮ੍ਰਿਤ ਛਕਾ ਕੇ ਉਸ ਦਾ ਨਾ ਪੁੰਨਾ ਤੋਂ ਸੰਪੂਰਨ ਕੌਰ ਰੱਖ ਦਿੱਤਾ ਸੀ। ਦਰਸ਼ਨ ਸਿੰਘ ਧੀਰ ਹੁਣੀ ਸੱਤ ਭੈਣ ਭਰਾ ਸਨ। ਇਕ ਭੈਣ ਤੇ ਛੇ ਭਰਾ।ਉਸ ਦੇ ਦੋ ਭਰਾ ਗੁਜਰ ਚੁੱਕੇ ਹਨ। ਉਸ ਵੇਲੇ ਕੁੜੀ ਨੂੰ ਆਪਣੇ ਬਾਪ ਦੀ ਜਮੀਨ ਵਿਚੋ ਹਿੱਸਾ ਨਹੀ ਮਿਲਦਾ ਸੀ।ਆਜਾਦੀ ਮਗਰੋਂ ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤਾ ਕਿ ਬਾਪ ਦੀ ਜ਼ਮੀਨ-ਜਾਇਦਾਦ ਦੀ ਹੱਕਦਾਰ ਲੜਕੀ ਵੀ ਹੋਵੇਗੀ। ਦਰਸ਼ਨ ਸਿੰਘ ਦੇ ਪਿਤਾ ਜੀ ਉਸ ਨੂੰ ਛੱਡ ਕੇ ਬੀਕਾਨੇਰ ਚਲੇ ਗਏ ਸਨ ।ਜਿਸ ਕਾਰਨ ਉਹ ਆਪਣੀ ਜਿੰਦਗੀ ਕਾਫੀ ਸਮਾ ਇੱਕਲਾ ਹੀ ਰਿਹਾ ਸੀ ਕਿਉਂਕਿ ਉਸ ਪਿੰਡ ਵਿਚ ਕੋਈ ਵੀ ਉਸ ਦੇ ਹਾਣ ਦਾ ਨਹੀ ਸੀ ਜਾਂ ਬਹੁਤ ਵੱਡਾ ਜਾਂ ਫਿਰ ਬਹੁਤ ਛੋਟਾ। ਇਸ ਗੱਲ ਦਾ ਉਸ ਨੂੰ ਬਹੁਤ ਫਇਦਾ ਹੋਇਆ ਕਿ ਉਹ ਅੰਤਰਮੁੱਖੀ ਹੋ ਗਿਆ ਜਿਸ ਕਰਕੇ ਉਸ ਦਾ ਜਿਆਦਾ ਸਮਾ ਪੜ੍ਹਨ ਵਿਚ ਬਤੀਤ ਕਰਦਾ, ਬਭਰਾਂਵਾ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਂਦਾ ਤੇ ਰਾਤ ਨੂੰ ਭੈਣ ਕੋਲੋਂ ਬਾਤਾਂ ਸੁਣ ਦਾ। ਉਹ ਸਾਰੇ ਭਰਾ ਆਪਣੀ ਭੈਣ ਨੂੰ ਬੀਬੀ ਕਹਿੰਦੇ ਸਨ।[2] ਭੈਣ ਦੀ ਬਾਤਾਂ ਸੁਣਾਉਣ ਦੀ ਤਕਨੀਕ ਅਚੇਤ ਹੀ ਉਸ ਦੇ ਅਵਚੇਤਨ ਵਿਚ ਸਟੋਰ ਹੁੰਦੀ ਰਹੀ ਜਿਹੜੀ ਬਿਰਤਾਂਤ ਲਿਖਣ ਵੇਲੇ ਉਸ ਨੂੰ ਰਾਹ ਵਿਖਾਉਂਦੀ ਰਹਿੰਦੀ ਹੈ। ਸਹਿਜੇ ਸਹਿਜੇ ਹੀ ਉਸ ਨੇ ਆਪਣੇ ਅੰਦਰ ਆਪਣੇ ਹਾਣ ਦੀ ਦੁਨੀਆਂ ਸਿਰਜ ਲਈ ਸੀ ਜਿਹੜੀ ਉਸ ਨੂੰ ਬਾਹਰੋ ਨਹੀ ਮਿਲੀ ਸੀ ਉਹ ਉਸੇ ਦੁਨਿਆਂ ਵਿਚ ਉਹ ਆਪਣੇ ਦੋਸਤਾ ਨਾਲ ਖੇਡਦਾ, ਹੱਸਦਾ, ਲੜਦਾ, ਮੰਨਦਾ ਤੇ ਉਨ੍ਹਾਂ ਨੂੰ ਮਨਾਉਂਦਾ। ਬਹੁਤ ਸਾਰੀਆ ਗੱਲਾ ਉਸ ਦਾ ਅਵਚੇਤਨ ਉਸ ਤੋ ਆਪ ਹੀ ਲਿਖਵਾ ਲੈਂਦਾ

ਹੈ। ਉਸ ਦੀ ਸਿਰਜਣ ਪ੍ਰਕਿਰਿਆ ਵਿਚ ਉਸ ਦੇ ਅਚੇਤ ਦਾ ਕਾਫੀ ਦਖਲ ਰਹਿੰਦਾ ਹੈ।ਇਕ ਵਾਰ ਤਾ ਉਸ ਨੇ ਆਪਣਾ ਪੂਰਾ ਮਨ ਲਾ ਕੇ ਜੋਗ ਧਾਰਨ ਕਰਨ ਲਈ ਘਰੋ ਵੀ ਨਿਕਲ ਪਿਆ ਸੀ ਪਰ ਦੋ ਦਿਨ ਵੀ ਭੱਖ ਨਹੀ ਬਰਦਾਸ਼ਤ ਹੋਈ ਤੇ ਘਰ ਮੁੜ ਆਇਆ।

ਦਰਸ਼ਨ ਸਿੰਘ ਦਾ ਵਿਆਹ ਬੜ੍ਹੀ ਛੋਟੀ ਉਮਰ ਵਿਚ ਹੋ ਗਿਆ ਸੀ ਉਸ ਸਮੇ ਉਸ ਦੀ ਉਮਰ ਸੋਲਾਂ ਕੁ ਸਾਲ ਸੀ। ਉਸ ਦੀ ਪਤਨੀ ਹਰਬੰਸ ਕੌਰ ਦੀ ਉਮਰ ਵੀ ਇੰਨੀ ਕੁ ਹੀ ਸੀ।ਉਹ ਕੰਦੋਲਾ ਜਾਤ ਦੇ ਰਾਜਪੂਤਾਂ ਦੀ ਧੀ ਹੈ।ਜਿਹੜੇ ਦਿੱਲੀ ਨੇੜਲੀ ਕਿਸੇ ਰਿਆਸਤ ਦੇ ਰਾਜਪੂਤ ਹਨ। ਉਹ ਕੰਦੋਲਾਂ ਰਾਜਪੂਤਾਂ ਦੀ ਧੀ ਤੇ ਉਹ ਜੌਹਲ ਗੋਤ ਦਾ ਜੱਟ ਮੁੰਡਾ ਹੈ।

## ਜੌਹਲ ਹੋਣ ਕਾਰਨ ਵੀ ਨਾਮ ਨਾਲ ਧੀਰ ਜੋੜਨਾ:-

ਇਹ ਉਦੋਂ ਦੀ ਗੱਲ ਹੈ ਜਦੋ ਉਹ ਪਿੰਡ ਦੇ ਕੁਝ ਮੁੰਡਿਆਂ ਨਾਲ ਇਕ ਛੋਟੀ ਜਿਹੀ ਸਹਿਤ ਸਭਾ ਬਣਾਈ ਸੀ।ਜਿਥੇ ਉਹ ਸਾਰੇ ਮਿਲ ਕੇ ਤੁਕਬੰਦੀ ਕਰਦੇ ਸਨ ਉਸ ਸਮੇਂ ਕਵਿਤਾ ਚ ਆਪਣਾ ਤਖੱਲਸ ਘਸੋੜਨ ਦਾ ਰਿਵਾਜ ਸੀ।ਕਿਸੇ ਨੇ ਕੋਈ ਤਖੱਲਸ ਰੱਖ ਲਿਆ ਤੇ ਕਿਸੇ ਨੇ ਕੋਈ ਰੱਖ ਲਿਆ ਦਰਸ਼ਨ ਸਿੰਘ ਨੇ ਆਪਣਾ ਤਖੱਲਸ ਮਨਧੀਰ ਰੱਖ ਲਿਆ ਸੀ ਪਰ ਇਹ ਤਖੱਲਸ ਕਾਫੀ ਲੰਮਾ ਸੀ ਤੇ ਕਵਿਤਾ ਦੀਆਂ ਅੰਤਲੀਆਂ ਸਤਰਾਂ ਵਿਚ ਫਿੱਟ ਕਰਨ ‘ਚ ਕਾਫੀ ਔਖਿਆਈ ਹੁੰਦੀ ਸੀ।ਇਸ ਲਈ ਉਸ ਨੇ ਮਨ ਕੱਟ ਕੇ ਧੀਰ ਰੱਖ ਲਿਆ। ਇਸ ਗੱਲ ਦਾ ਪਤਾ ਤਾ ਉਸ ਨੂੰ ਬਹੁਤ ਦੇਰ ਬਾਅਦ ਲੱਗਾ ਸੀ ਕਿ ਸਤੋਖ ਸਿੰਘ ਧੀਰ ਨਾਂ ਦਾ ਲੇਖਕ ਵੀ ਹੈ।ਇਹ ਤਖੱਲਸ ਕਾਫੀ ਦੇਰ ਤੱਕ ਉਸ ਦੇ ਨਾਂ ਨਾਲ ਚਲਦਾ ਰਿਹਾ ਤੇ ਹੁਣ ਵੀ ਚਲਦਾ ਹੈ।ਸਵਰਨ ਚੰਦਨ ਨੇ 1985 ਵਿਚ ਇਕ ਸੂਰਜ ਨਾਮ ਦਾ ਸਾਹਿਤਕ ਮੈਗਜ਼ੀਨ ਇੰਗਲੈਂਡ ਵਿਚ ਨਵੰਬਰ ਮਹੀਨੇ ਕੱਢਿਆ ਜਿਸ ਵਿਚ ਪੰਜਾਬੀ ਨਾਵਲੈਟ ਅੰਕ ਸੀ ਇਸ ਵਿਚ ਤਿੰਨ ਨਾਵਲੈਟ ਲਏ ਸਨ।ਜਿਸ ਵਿਚ ਇਕ ਰਘੁਬੀਰ ਢੰਡ ਦਾ, ਦੂਜਾ ਦਰਸ਼ਨ ਸਿੰਘ ਧੀਰ ਦਾ ਤੇ ਤੀਜਾ ਸਵਰਨ ਚੰਦਨ ਦਾ ਸੀ। ਉਸ ਨਾਵਲੈਟ ਵਿਚ ਦਰਸ਼ਨ ਸਿੰਘ ਨੇ ਆਪਣਾ ਨਾਮ ਜੌਹਲ ਤੇ ਬਰੈਕਟਾਂ ਵਿਚ ਧੀਰ ਲਿਖਿਆ ਇਹ ਦੇਖ ਰਘੁਬੀਰ ਨੇ ਉਸ ਨੂੰ ਇਕ ਪੱਤਰ ਲਿਖਿਆ ਜਿਸ ਵਿਚ ਉਸ ਨੇ ਦੱਸਿਆ ਕਿ ਪਾਠਕ ਹੁਣ ਉਸ ਨੂੰ ਧੀਰ ਨਾਮ ਨਾਲ ਜਾਣਦੇ ਹਨ ਜੇ ਉਹ ਹੁਣ ਜੌਹਲ ਲਿਖੇਗਾ ਤਾਂ ਪਾਠਕਾਂ ਨੂੰ ਲੱਗੇਗਾ ਕਿ ਉਹ ਕੋਈ ਹੋਰ ਲੇਖਕ ਹੈ।ਫਿਰ ਉਸ ਨੂੰ ਉਸ ਦੀ ਗੱਲ ਸਹੀ ਲੱਗੀ ਤੇ ਉਸ ਨੇ ਧੀਰ ਲਿਖਣਾ ਸ਼ੁਰੂ ਕਰਤਾ ਪਰ ਇਹ ਨਾਮ ਉਸ ਦੀਆ ਰਚਨਾਵਾ ਉੱਪਰ ਹੀ ਹੈ ਸਰਕਾਰੀ ਕਾਗਜਾ ਓਪਰ ਜੌਹਲ ਹੀ ਚੱਲਦਾ ਹੈ।

ਉਸ ਦੇ ਚਾਰ ਬੱਚੇ ਹਨ। ਸਭ ਤੋ ਵੱਡੀ ਧੀ ਨਰੇਸ਼ ਹੈ ਜੋ ਡਾ. ਮਹਿੰਦਰ ਗਿੱਲ ਨਾਲ ਵਿਆਹੀ ਹੋਈ ਹੈ।ਇਹ ਵੀ ਪ੍ਰਵਾਸੀ ਕਵੀ ਹੈ।ਉਸ ਦਾ ਦੂਜਾ ਬੇਟਾ ਰਵਿੰਦਰ ਜੌਹਲ।ਉਸ ਨੇ ਕਾਨੂੰਨ ਦੀ ਡਿੱਗਰੀ ਲਈ ਹੈ। ਉਸ ਦਾ ਤੀਜਾ ਬੇਟਾ ਹਿਰਦੇਸ਼ ਹੈ ਉਹ ਅਬਸਟ੍ਰੈਕਟ ਚਿੱਤਰਕਾਰ ਹੈ। ਸਭ ਤੋ ਛੋਟਾ ਅਮਨਦੀਪ ਹੈ। ਧੀਰ ਨੂੰ 45 ਸਾਲ

ਹੋ ਗਏ ਹਨ ਲਿਖਦੇ ਨੂੰ ਉਸ ਨੂੰ 18 ਸਾਲ ਤਾ ਕੁਲ ਵਕਤੀ ਲੇਖਕ ਬਣੇ ਨੂੰ ਹੋ ਗਏ।ਹੁਣ ਉਹ ਰਿਟਾਇਰਮੈਂਟ ਲੈ ਕੇ ਇੰਗਲੈਂਡ ਵਿਚ ਰਹਿ ਰਿਹਾ ਹੈ।ਦਰਸ਼ਨ ਸਿੰਘ ਧੀਰ ਇੰਗਲੈਂਡ ਵਾਸੀ ਨਾਵਲਕਾਰ, ਕਹਾਣੀਕਾਰ ਅਤੇ ਲੇਖਕ ਹੈ।ਉਹ ਹੁਣ ਤੱਕ 11 ਨਾਵਲ ਤੇ 90 ਤੋ ਵੱਧ ਕਹਾਣੀਆਂ ਦੀ ਰਚਨਾ ਕਰ ਚੁੱਕਾ ਹੈ।ਉਸ ਦੀ ਗਲਪ ਯਾਤਰਾ 1972 ਤੋਂ ਆਰੰਭ ਹੋਈ ਸੀ।ਧੀਰ ਦੀਆਂ ਪ੍ਰਮੁੱਖ ਰਚਨਾਵਾਂ ਹਨ-**ਕਹਾਣੀ ਸੰਗ੍ਰਹਿ**-ਲੂਣੀ ਮਹਿਕ (1972), ਡਰਿਆ ਮਨੁੱਖ (1993), ਦਿਸਹੱਦੇ ਤੋਂ ਪਾਰ (1987), ਸ਼ੀਸ਼ੇ ਦੇ ਟੁਕੜੇ (1998), ਮਰਦਾ ਸੱਚ (1976), ਦੌੜ(2002) ਹਨ ਅਤੇ **ਨਾਵਲ**-ਇਕ ਲੋਕ 1996,ਅਜਨਬੀ ਚਿਹਰੇ 2003, ਵਹਿਣ 2011, ਆਪਣੇ ਆਪਣੇ ਰਾਹ 1980, ਲਕੀਰਾਂ ਤੇ ਮਨੁੱਖ 1991,ਪੈੜਾਂ ਦੇ ਆਰ ਪਾਰ 2001, ਸੰਘਰਸ਼ 1984, ਧੁੰਦਲਾ ਸੂਰਜ 1989, ਘਰ ਤੇ ਕਮਰੇ 1998, ਰਣਭੂਮੀ, ਰਿਸ਼ਤੋਂ ਕੇ ਰੰਗ (ਹਿੰਦੀ ਕਾਵਿ ਸੰਗ੍ਰਹਿ) 2000, ਹਾਸ਼ੀਏ 2008, when the waters wail ਅੰਗਰੇਜ਼ੀ 2009 ਹਨ।ਦਰਸ਼ਨ ਧੀਰ ਦੀਆਂ ਕੁਝ ਹੋਰ ਰਚਨਾਵਾਂ ਵਿਚ ਸਾਹਿਤਕ ਸਵੈ-ਜੀਵਨੀ (ਪੂਰਬ-ਪੱਛਮ ਦੀ ਕਮਾਈ) (2011) ਇਕ ਮਹੱਤਵਪੂਰਨ ਕਿਰਤ ਹੈ।ਦਰਸ਼ਨ ਧੀਰ ਨੂੰ ਕਾਫ਼ੀ ਇਨਾਮ ਵੀ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ "ਸ਼੍ਰੋਮਣੀ ਗਲਪਕਾਰ: ਭਾਰਤੀ ਮਜ਼ਦੂਰ ਸਭਾ, ਯੂ.ਕੇ.(1987)", "ਬਿਦੇਸ਼ੀ ਸਾਹਿਤਕਾਰ :ਗੁਰੂ ਨਾਨਕ ਦੇਵ ਯੂਨੀਵਰੀਸਟੀ,ਅਮ੍ਰਿਤਸਰ (1989)", "ਭਾਸ਼ਾ ਵਿਭਾਗ ਪਟਿਆਲਾ, ਪੰਜਾਬ ਵੱਲੋਂ ਸਨਮਾਨ (1998)", "ਸ਼੍ਰੋਮਣੀ ਸਾਹਿਤਕਾਰ (ਬਿਦੇਸ਼ੀ) ਭਾਸ਼ਾ ਵਿਭਾਗ ਪੰਜਾਬ,ਪਟਿਆਲਾ (1999)" ਆਦਿ ਪ੍ਰਮੁੱਖ ਹਨ।

ਇੰਨੇ ਲੰਮੇ ਸਾਹਿਤਕ ਸਫਰ ਤੇ ਇੰਨੇ ਵੰਨ-ਸੁਵੰਨੇ ਇਲਾਕਿਆਂ ਅਤੇ ਮੁਲਕਾਂ 'ਚ ਰਹਿਣ ਨਾਲ ਜਿੰਨ੍ਹਾਂ ਅਨੁਭਵਾਂ ਚੋਂ ਉਹ ਗੁਜ਼ਰਿਆ ਹੈ, ਉਨ੍ਹਾਂ ਨੂੰ ਜ਼ੁਬਾਨ ਦੇਣ ਲਈ ਕਿਤਾਬਾਂ ਦੀ ਗਿਣਤੀ ਤਾਂ ਵੱਧਦੀ ਹੀ ਵੱਧਦੀ ਹੈ। ਇਸ ਗੱਲ ਤੋਂ ਬਿਨ੍ਹਾਂ ਲੰਮੇ ਇਤਿਹਾਸਕ ਪ੍ਰਵਾਹ ਚੋਂ ਗੁਜਰਦਿਆਂ ਜੋ ਲਹਿਰਾਂ,ਘਟਨਾਵਾਂ ਅਤੇ ਦ੍ਰਿਸ਼ਟੀ ਕੋਣ ਸੰਸਾਰ ਦੇ ਮੰਚ ਤੇ ਵਾਪਰਦੇ ਰਹੇ ਹਨ ਤੇ ਉਨ੍ਹਾਂ ਨਾਲ ਲੋਕਾ ਦੇ ਜੀਵਨ ਤੇ ਪਏ ਪ੍ਰਭਾਵ, ਵਿਸ਼ੇਸ਼ ਕਰਕੇ ਪੰਜਾਬੀ ਸਮਾਜ ਜਾ ਪ੍ਰਵਾਸੀ ਪੰਜਾਬੀ ਭਾਈਚਾਰੇ ਤੇ ਜੋ ਵੀ ਅਸਰ ਪਏ ਹਨ, ਉਨ੍ਹਾਂ ਨਾਲ ਉਸ ਦੀ ਸੋਚ ਚ ਕੀ ਤਬਦੀਲੀ ਆਈ ਹੈ ਨੂੰ ਜ਼ੁਬਾਨ ਦੇਣ ਨਾਲ ਪੁਸਤਕਾ ਦੀ ਗਿਣਤੀ ਤਾਂ ਵੱਧਣੀ ਹੀ ਸੀ। ਉਂਜ ਉਸ ਦੀਆਂ ਕੋਈ ਬੁਹਤੀਆਂ ਕਿਤਾਬਾਂ ਵੀ ਨਹੀ ਹਨ। ਅਜੇ ਤੱਕ ਉਸ ਦੀਆਂ ਕੁਲ 17 ਪੁਸਤਕਾ ਹੀ ਹਨ।[3] ਸੰਸਾਰ ਵਿਚ ਕਈ ਲੇਖਕ ਤਾਂ ਸੌ-ਸੌ ਕਿਤਾਬਾਂ ਦੇ ਕਰਤਾ ਹਨ।ਫਿਰ ਕਿਤਾਬਾ ਦੀ ਗਿਣਤੀ ਨਾਲੋ ਇਹ ਗੱਲ ਦੇਖਣੀ ਜਿਆਦਾ ਜਰੂਰੀ ਹੈ ਕਿ ਕਿਸੇ ਲੇਖਕ ਦੀਆਂ ਪੁਸਤਕਾਂ ਦੀ ਸਿਰਫ ਗਿਣਤੀ ਹੀ ਹੈ ਜਾਂ ਉਨ੍ਹਾਂ ਚ ਕੋਈ ਗੱਲ ਵੀ ਹੈ।

**ਸਾਹਿਤਕ ਲਗਨ**-1950 ਵਿਚ ਰਾਜਸਥਾਨ ਸਰਕਾਰ ਨੇ ਕਾਨੂੰਨ ਬਣਾਇਆ ਕਿ ਜਿਸ ਵੀ ਰਫਿਊਜੀ ਦੀ ਜੱਦੀ ਜਾਇਦਾਦ ਰਾਜਸਥਾਨ ਚ ਹੈ ਉਸਨੂੰ ਪਾਕਿਸਤਾਨ ਵਾਲੀ ਪੱਕੀ ਜਮੀਨ ਅਲਾਟ ਨਹੀ ਕੀਤੀ ਜਾਵੇਗੀ ਕਾਰਨ ਸੀ ਕਿ ਪਾਕਿਸਤਾਨ ਚ ਹਿੰਦੂ-ਸਿੱਖ ਜਿੰਨੀ ਜ਼ਮੀਨ ਪਾਕਿਸਤਾਨ ਵਿਚ ਛੱਡ ਕੇ ਆਏ ਸਨ,ਉਨੀ ਮੁਸਲਮਾਨ ਰਾਜਸਥਾਨ ਚ ਛੱਡ ਕੇ ਨਹੀ ਗਏ।ਦੂਸਰੇ ਸ਼ਬਦਾ ਵਿਚ ਰਾਜਸਥਾਨ ਸਰਕਾਰ ਕੋਲ ਇੰਨੀ ਜ਼ਮੀਨ ਨਹੀ ਸੀ

ਜਿੰਨਾਂ ਲੋਕਾ ਦਾ ਕਲੇਮ ਸੀ।ਜਿਸ ਕਾਰਨ ਧੀਰ ਦੇ ਪਿਤਾ ਜੀ ਨੂੰ ਵੀ ਮਜਬੂਰੀ ਵੱਸ ਪੰਜਾਬ ਆਉਣਾ ਪਿਆ ਸੀ ਤੇ ਪੰਜਾਬ ਆ ਕੇ ਉਜ ਫਿਲੋਰ ਦੇ ਨੇੜੇ ਪੈਦੇ ਪਿੰਡ ਕੰਗ ਅਰਾਈਆ ਵਿਚ ਰਹਿਣ ਲੱਗੇ। ਧੀਰ ਇਸ ਤਰ੍ਹਾਂ ਪੰਜਾਬ ਆਉਣ ਨੂੰ ਆਪਣੀ ਖੁਸ਼ਕਿਸਮਤੀ ਸਮਝਦਾ ਹੈ ਕਿਉਂਕਿ ਉਸਦਾ ਮੰਨਣਾ ਹੈ ਕਿ ਜੇ ਉਹ ਪੰਜਾਬ ਨਾ ਆਉਦਾ ਤਾਂ ਉਹ ਪੰਜਾਬੀ ਲੇਖਕ ਨਹੀ ਸੀ ਬਣ ਸਕਦਾ।ਜੇ ਬਣਦਾ ਤਾਂ ਹਿੰਦੀ ਦਾ ਬਣਨਾ ਸੀ।[4]

ਪੰਜਾਬ ਆਉਣ ਨਾਲ ਧੀਰ ਦਾ ਪੰਜਾਬੀ ਬੋਲੀ ਵਿਚ ਸ਼ਾਮਿਲ ਅਖਾਣਾਂ,ਮੁਹਾਵਰਿਆਂ, ਰਸਮਾਂ-ਰਿਵਾਜਾਂ, ਵਿਸ਼ਵਾਸ਼ਾ ਮੇਲਿਆਂ, ਛਿੰਜਾਂ ਆਦਿ ਨਾਲ ਸਿੱਧਾ ਤੇ ਨੇੜਲਾ ਵਾਹ ਪਿਆ ਸੀ।ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ ਨਾਲ ।ਉਸਦੀ ਚੰਗੀ ਕਿਸਮਤ ਨੂੰ ਉਸਦੇ ਪਿੰਡ ਦੇ ਮੁੰਡੇ ਸਾਹਿਤਕ ਲਗਨ ਵਾਲੇ ਸਨ। ਉਸਦਾ ਇਕ ਦੋਸਤ ਨਰਿੰਦਰ ਖੇਦੀ, ਗੁਰਦੀਪ ਸਿੰਘ ਅਣਖੀ ਸੀ ਜੋ ਆਪਣੇ ਸਮੇ ਦਾ ਦੁਆਬੇ ਦਾ ਪ੍ਰਸਿੱਧ ਸਟੇਜੀ ਕਵੀ ਸੀ।ਅਣਖੀ ਨੂੰ ਇਸ ਕਰਕੇ ਸਟੇਜੀ ਕਵਿਤਾ ਦੀ ਸੂਝ ਵੀ ਚੰਗੀ ਸੀ।ਉਹ ਕਵਿਤਾ ਵੀ ਚੰਗੀ ਲਿਖ ਲੈਂਦਾ ਸੀ ਤੇ ਸਟੇਜਾ ਤੇ ਵੀ ਚੰਗੀ ਤਰ੍ਹਾਂ ਪੇਸ਼ ਕਰ ਲੈਂਦਾ ਸੀ।ਪਰ ਬਾਅਦ ਵਿਚ ਉਹ ਕਵਿਤਾ ਲਿਖਣੀ ਛੱਡ ਕੇ ਸੀ.ਪੀ.ਐਮ(ਕਮਿਉਨਿਸਟ) ਪਾਰਟੀ ਦਾ ਮੇਂਬਰ ਬਣ ਗਿਆ ਸੀ।ਪਰ ਧੀਰ ਕਵਿਤਾ ਲਿਖਦਾ ਰਿਹਾ।ਪਰ ਸ਼ਾਇਦ ਕੁਦਰਤ ਦੀ ਯੋਜਨਾ ਉਸਨੂੰ ਕਵੀ ਦੀ ਥਾਂ ਗਲਪਕਾਰ ਬਣਾਉਣ ਦੀ ਸੀ।ਇਸ ਵਾਰ ਉਸ ਨਾਲ ਅਜਿਹੀ ਘਟਨਾ ਵਾਪਰੀ ਸੀ ਜਿਸ ਨਾਲ ਉਹ ਕਵਿਤਾ ਵਲੋਂ ਮੁੜ ਕੇ ਕਹਾਣੀ ਲਿਖਣ ਲੱਗ ਗਿਆ।ਇਸ ਘਟਨਾ ਉਦੋਂ ਦੀ ਸੀ ਜਦੋਂ ਉਹ ਹਿਸਾਰ ਤੋਂ ਫਿਲੌਰ ਆਪਣੇ ਘਰ ਪਿੰਡ ਕੰਗ ਅਰਾਈਆਂ ਨੂੰ ਕਿਸੇ ਬਹੁਤ ਜ਼ਰੂਰੀ ਕੰਮ ਆਉਂਦਾ ਸੀ।ਜਦੋਂ ਉਹ ਸਟੇਸ਼ਨ ਤੇ ਆ ਕੇ ਜੇਬ ਚ ਪੈਸੇ ਕੱਢਣ ਲੱਗਾ ਤਾਂ ਹੱਥ ਜਿਹੋ ਜੇਬ ਚ ਪਾਇਆ ਸੀ,ਉਹੋ ਜਿਹਾ ਬਾਹਰ ਨਿਕਲ ਆਇਆ ਉਸ ਕੋਲ ਰੇਲ ਗੱਡੀ ਦੇ ਕਿਰਾਏ ਲਈ ਪੈਸੇ ਨਹੀਂ ਸਨ।ਸਾਇਦ ਉਸ ਕੋਲੋ ਹੀ ਕਿਤੇ ਡਿੱਗ ਪਏ ਸਨ ਜਾਂ ਕਿਸੇ ਨੇ ਕੱਢ ਲਏ ਸਨ।ਉਸ ਨੇ ਹਿਸਾਰ ਬਿੰਨ੍ਹਾਂ ਟਿਕਟ ਦੇ ਸਫਰ ਕੀਤਾ ਸੀ।ਕੁਦਰਤ ਦੇ ਰੰਗ ਕਿ ਉਸ ਨੂੰ ਰਾਹ ਚ ਕੋਈ ਟੀ.ਟੀ ਨਾ ਮਿਲਿਆ।ਉਹ ਠੀਕ ਠਾਕ ਫਿਲੌਰ ਪਹੁੰਚ ਗਿਆ ਤੇ ਉਥੋ ਪਿੰਡ ਆ ਗਿਆ।ਰਾਹ ਵਿਚ ਭਾਵੇਂ ਉਸਨੂੰ ਟੀ.ਟੀ ਨਹੀ ਮਿਲਿਆ ਪਰ ਉਸਨੂੰ ਸਾਰੀ ਵਾਟ/ਰਾਹ ਇਹ ਡਰ ਖਾਂਦਾ ਰਿਹਾ ਕਿ ਹੁਣ ਵੀ ਟੀ.ਟੀ ਆਇਆ, ਹੁਣ ਵੀ ਤੇ ਹੁਣ ਵੀ ਉਸਨੇ ਉਸਨੂੰ ਫੜ੍ਹ ਕੇ ਜੇਲ੍ਹ ਭਿਜਵਾਇਆ।[5]

ਜਦੋਂ ਉਹ ਉਸ ਘਟਨਾ ਨਾਲੋ ਜਜਬਾਤੀ ਤੌਰ ਤੇ ਟੁੱਟਾ ਤਾਂ ਉਸਨੂੰ ਆਧਾਰ ਬਣਾ ਕੇ "ਬੇਟਿਕਟ ਮੁਸਾਫਿਰ" ਕਹਾਣੀ ਲਿਖੀ। ਉਸ ਦੀ ਕੱਟ ਤਰਾਸ਼ ਕਰਕੇ ਉਸਨੇ ਇਹ ਕਹਾਣੀ ਆਪਣੇ ਪਿੰਡ ਦੇ ਹਰਬੰਸ ਸਿੰਘ ਪਰਵਾਨਾ ਹੁਰਾ ਨੂੰ ਸੁਣਾਈ। ਉਹ ਉਨ੍ਹੀ ਦਿਨੀ ਨਵਾਂ ਜਮਾਨਾਂ ਅਖਬਾਰ ਚ ਕੰਮ ਕਰਦਾ ਸੀ।ਸ਼ਾਇਦ ਉਹ ਆਪ ਵੀ ਕਹਾਣੀ ਜਾਂ ਵਾਰਤਕ ਲਿਖਦੇ ਸੀ।ਇਸ ਬਾਰੇ ਧੀਰ ਨੂੰ ਪੱਕਾ ਕੁੱਝ ਨਹੀ ਪਤਾ ਪਰ ਉਹ ਕਾਫੀ ਸਾਹਿਤਕ ਸੂਝ ਵਾਲੇ ਇਨਸਾਨ ਸਨ।ਉਹ ਧੀਰ ਦੀਆਂ ਕਵਿਤਾਵਾਂ ਵੀ ਸੁਣਦੇ ਰਹਿੰਦੇ ਸਨ।ਉਹ ਕਹਾਣੀ ਸੁਣ ਕੇ ਕਾਫੀ

ਪ੍ਰਭਾਵਿਤ ਹੋਏ ਸਨ। ਕੁੱਝ ਚਿਰ ਸੋਚਦੇ ਰਹੇ, ਫਿਰ ਮੁਸਕਰਾ ਕੇ ਕਹਿਣ ਲੱਗੇ, "ਦਰਸ਼ਨ! ਤੂੰ ਕਹਾਣੀ ਲਿਖਿਆ ਕਰ ਕਹਾਣੀ ਤੂੰ ਚੰਗੀ ਲਿਖ ਸਕਨਾਂ"।[6]

ਉਸ ਨੇ ਧੀਰ ਦੀ ਕਹਾਣੀ ਕੋਲੋ ਉਹ ਕਹਾਣੀ ਨਵਾਂ ਜਮਾਨਾਂ ਲਈ ਲੇ ਲਈ। ਉਹ ਨਵਾਂ ਜਮਾਨਾਂ ਦੇ ਕਿਸੇ ਅੰਕ ਚ ਛੱਪ ਵੀ ਗਈ ਪਰ ਇਸ ਵੇਲੇ ਧੀਰ ਕੋਲ ਨਾ ਕਹਾਣੀ ਦੀ ਹੱਥ ਲਿਖਤ ਤੇ ਨਾ ਹੀ ਨਵਾਂ ਜਮਾਨਾਂ ਦੀ ਪਰਤ ਹੀ। ਹੁਣ ਤਾਂ ਇਹ ਵੀ ਯਾਦ ਨਹੀ ਕਿ ਉਹ ਕਿਹੜੇ ਮਹੀਨੇ ਤੇ ਕਿਹੜੇ ਅੰਕ ਵਿਚ ਛੱਪੀ ਸੀ ਪਰ ਕਹਾਣੀ ਛੱਪੀ ਦੇਖ ਕੇ ਉਸ ਨੂੰ ਖੁਸ਼ੀ ਬਹੁਤ ਹੋਈ ਸੀ।ਉਸ ਦਿਨ ਤੋਂ ਬਾਅਦ ਉਸਨੇ ਕਵਿਤਾ ਲਿਖਣੀ ਛੱਡ ਕੇ ਕਹਾਣੀ ਲਿਖਣੀ ਸ਼ੁਰੂ ਕਰਤੀ।

ਉਸ ਕਹਾਣੀ ਤੋਂ ਬਾਅਦ ਉਸਨੇ ਕਈ ਕਹਾਣੀਆਂ ਲਿਖੀਆਂ ਤੇ ਇਕ ਤੋਂ ਬਾਅਦ ਇਕ ਪ੍ਰਵਾਨ ਹੁੰਦੀਆਂ ਗਈਆਂ। ਉਸ ਦੀ ਮੁਢਲੀ ਵਿਦਿੱਆ ਹਿੰਦੀ ਵਿਚ ਹੋਣ ਕਰਕੇ ਉਸਨੂੰ ਹਿੰਦੀ ਲਿਖਣੀ ਆਸਾਨ ਸੀ ਪਰ ਪੰਜਾਬੀ ਭਾਸ਼ਾ ਤੇ ਉਸ ਦਾ ਬਿਲਕੁਲ ਵੀ ਕੰਟਰੋਲ ਨੀ ਸੀ।ਇਸੇ ਲਈ ਉਸ ਦੇ ਸ਼ਬਦਾ ਵਿਚ ਹਿੰਦੀ ਦਾ ਕਾਫੀ ਦਖਲ ਹੈ।ਕੁਝ ਦੇਰ ਲਿਖਾਰੀ ਬਣਨ ਦੇ ਸੁਪਨੇ ਦੇਖਦਾ ਦੇਖਦਾ ਉਹ ਇੰਗਲੈਂਡ ਆ ਗਿਆ। ਬਰਤਾਨੀਆ ਵਿਚ ਜਾਂ ਕੇ ਤਾਂ ਤਿੰਨ ਚਾਰ ਸਾਲ ਉਸ ਦੀ ਕੰਮ ਨੇ ਹੀ ਮੱਤ ਮਾਰੀ ਰੱਖੀ।ਲਿਖਣਾ ਤਾਂ ਦੂਰ ਉਸ ਕੋਲ ਤਾਂ ਪੜ੍ਹਨ ਦਾ ਵੀ ਸਮਾ ਨਹੀ ਸੀ ਰਿਹਾ।ਅਸਲ ਵਿਚ ਉਸ ਦਾ ਅੰਗਰੇਜ਼ੀ ਉੱਪਰ ਕਾਬੂ ਨਾ ਹੋਣ ਕਰਕੇ ਉਸਦੀਆਂ ਕਈ ਕਹਾਣੀਆਂ ਪ੍ਰੀਤਲੜੀ ਵਿਚ ਛੱਪ ਨਾ ਸਕੀਆਂ ਨਵਤੇਜ ਸਿੰਘ ਹੁਰਾਂ ਨੇ ਉਸਦੀ ਕਹਾਣੀ **ਜੜ੍ਹਹੀਣ** ਵਾਪਿਸਮੋੜਦਿੱਤੀ ਤੇ ਨਾਲ ਹੀ ਅਪਰਵਾਨ ਹੋਣ ਦਾ ਕਾਰਨ ਵੀ ਦੱਸ ਦਿੱਤਾ ਕਿ ਉਸਦੀ ਲੇਖਣੀ ਠੀਕ ਨਹੀ ਉਸਦੀ ਲੇਖਣੀ ਵਿਚ ਹਿੰਦੀ ਸ਼ਬਦਾ ਦੇ ਨਾਲ ਹਿੰਦੀ ਮੁਹਾਵਰਾ ਵੀ ਝਾਕਦਾ ਹੈ। ਇਹ ਗੱਲ ਪੰਜਾਬੀ ਪਾਠਕਾ ਨੂੰ ਓਪਰੀ ਵੀ ਲੱਗਦੀ ਹੈ ਤੇ ਰੜਕਦੀ ਵੀ ਹੈ। ਉਸਨੇ ਇਹ ਵੀ ਕਿਹਾ ਕਿ ਉਸ ਵਿਚ ਕਹਾਣੀ ਲਿਖਣ ਦੀ ਯੋਗਤਾ ਤਾਂ ਹੈ ਪਰ ਭਾਸ਼ਾ ਪ੍ਰਤੀ ਸੁਚੇਤ ਰਹਿਣ ਦੀ ਸਖਤ ਲੋੜ ਹੈ। ਟਾਲਸਟਾਏ ਸਭ ਤੋ ਪਹਿਲਾ ਲੇਖਕ ਸੀ ਜਿਸ ਤੋ ਧੀਰ ਇੰਨਾ ਪ੍ਰਭਾਵਿਤ ਹੋਇਆ ਸੀ। ਉਸ ਨੇ ਉਸਦੀ ਹਰ ਕਿਤਾਬ ਪੜ੍ਹਨ ਦੀ ਕੋਸ਼ਿਸ਼ ਕੀਤੀ ਜੋ ਵੀ ਉਸ ਨੂੰ ਇੰਗਲਿਸ਼ ਵਿਚ ਮਿਲੀ।ਟਾਲਸਟਾਏ ਉਸ ਲਈ ਇਕ ਵੰਗਾਰ ਵੀ ਹੈ ਤੇ ਪ੍ਰੇਰਨਾ ਸਰੋਤ ਵੀ।ਪੰਜਾਬੀ ਵਿਚ ਉਹ **ਨਾਨਕ ਸਿੰਘ ਦੇ ਨਾਵਲ ਗਰੀਬ ਦੀ ਦੁਨੀਆਂ** ਤੋ ਕਾਫੀ ਪ੍ਰਭਾਵਿਤ ਹੋਇਆ। ਉਸ ਨੂੰ ਪੜ੍ਹ ਕੇ ਇਸ ਤਰ੍ਹਾਂ ਲੱਗਾ ਕਿ ਉਸਦੀ ਕਹਾਣੀ ਉਸਦੇ ਜੀਵਨ ਨਾਲ ਮੇਲ ਖਾਦੀ ਹੈ ਤੇ ਉਹ ਖੁਦ ਵੀ ਇਸ ਤਰ੍ਹਾਂ ਦਾ ਨਾਵਲ ਲਿਖ ਸਕਦਾ ਹੈ।ਨਾਵਲ ਲਿਖਣ ਲਈ ਨਾਵਲਕਾਰ ਦੀ ਨਾਵਲ ਦ੍ਰਿਸ਼ਟੀ ਹੋਣੀ ਚਾਹੀਦੀ ਹੈ।ਵਿਸ਼ਾਲ ਅਨੁਭਵ ਤੇ ਭਾਸ਼ਾ ਉੱਪਰ ਵੀ ਅਬੂਰ ਹੋਣਾ ਚਾਹੀਦਾ ਹੈ।ਉਸ ਸਮੇ ਤੱਕ ਅਜੇ ਧੀਰ ਨੂੰ ਪੰਜਾਬੀ ਵੀ ਨਹੀ ਸੀ ਲਿਖਣੀ ਆਉਦੀ।

ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਪ੍ਰਭਾਵ ਤਾਂ ਉਸ ਨੇ ਕਾਫੀ ਦੇਰ ਮਗਰੋਂ ਉਦੋਂ ਕਬੂਲਿਆ ਸੀ ਜਦੋ ਉਹ ਪ੍ਰਗਤੀਸ਼ੀਲ ਲਿਖਰੀ ਸਭਾ(ਗ੍ਰੇਟ ਬਿਟ੍ਰਨ) ਦਾ 1970 ਚ ਮੈਂਬਰ ਬਣਿਆ ਸੀ।ਮਾਨਵਵਾਦ ਤੇ ਮਾਰਕਸਵਾਦ ਦੇ

ਸੰਗਮ ਤੋ ਉਸ ਦਾ ਦ੍ਰਿਸ਼ਟੀਕੋਣ ਜਿੰਦਗੀ ਪ੍ਰਤਿ ਬਣਿਆ ਸੀ।ਉਸ ਦੀ ਲੇਖਣੀ ਵਿਚੋ ਹਿੰਦੀ ਦਾ ਪ੍ਰਭਾਵ ਲਾਹੁਣ ਵਿਚ ਇਸ ਸਭਾ ਦਾ ਬਹੁਤ ਵੱਡਾ ਹੱਥ ਸੀ।ਵਿਸ਼ੇਸ਼ ਕਰਕੇ ਨਿਰੰਜਨ ਸਿੰਘ ਨੂਰ ਤੇ ਹਰਦੇਵ ਸਿੰਘ ਢੇਸੀ ਦਾ।ਇਸ ਫੀਲਡ ਵਿਚ ਕਾਫੀ ਯੋਗਦਾਨ ਕਿਹਾ ਜਾ ਸਕਦਾ ਹੈ।ਇਸ ਸਭਾ ਰਾਹੀ ਉਸਦੇ ਨਰੰਜਨ ਸਿੰਘ ਨੂਰ,ਹਰਦੇਵ ਸਿੰਘ ਤੇ ਰਘੁਵੀਰ ਢੰਡ ਨਾਲ ਕਾਫੀ ਨੇੜਲੇ ਸਬੰਧ ਬਣ ਗਏ। ਉਸ ਸਮੇ ਇਹ ਇੰਗਲੈਂਡ ਦੇ ਲੇਖਕਾ ਦੀ ਸਭ ਤੋ ਵੱਡੀ ਤੇ ਸਰਗਰਮ ਸੰਸਥਾ ਹੁੰਦੀ ਸੀ।ਬਰਤਾਨੀਆ ਦੇ ਹਰ ਸ਼ਹਿਰ ਵਿਚ ਇਸ ਦੀ ਬ੍ਰਾਂਚ ਸੀ।ਇੰਗਲੈਂਡ 'ਚ ਦੋ ਵੱਡੀਆਂ ਕਾਨਫਰੰਸਾਂ ਹੋਈਆਂ ਹਨ।ਪਹਿਲੀ 1980 ਚ ਜਿਹੜੀ ਸਭ ਤੋ ਵੱਡੀ ਵੀ ਸੀ ਤੇ ਵਿਵਾਦ ਗ੍ਰਸਤ ਵੀ।ਅਸਲ ਵਿਚ 1980 ਤੱਕ ਇੰਗਲੈਂਡ ਦੇ ਉਹ ਸਾਰੇ ਲੇਖਕ ਜਿੰਨ੍ਹਾਂ ਨੂੰ ਲੇਖਕ ਮੰਨਿਆਂ ਜਾਂਦਾ ਸੀ/ਹੈ,ਪ੍ਰਗਤੀਸ਼ੀਲ ਲਿਖਾਰੀ ਗ੍ਰੇਟ ਬ੍ਰਿਟੈਨ ਦੇ ਮੈਬਰ ਸਨ। ਸਭਾ ਦੀਆਂ ਛੇ-ਸੱਤ ਬ੍ਰਾਂਚਾਂ ਤਾਂ ਬਹੁਤ ਸਰਗਰਮ ਸੀ ਜਿੰਨ੍ਹਾਂ ਚੋ ਸਾਊਥਾਲ ਸਭ ਤੋ ਵੱਧ ਪਾਵਰਫੁੱਲ ਸੀ ਤੇ ਦੂਜੇ ਨੰਬਰ ਤੇ ਸਾਡੀ ਵੁਲਵਰਹੈਂਟਨ ਬ੍ਰਾਂਚ ਸੀ।ਦੂਜੀ ਇੰਟਰਨੈਸ਼ਨਲ ਕਾਨਫਰੰਸ ਪ੍ਰਗਤੀਸ਼ੀਲ ਲਿਖਾਰੀ ਸਭਾ, ਵੁਲਵਰਹੈਂਪਟਨ (ਗ.ਬ) ਵਲੋ ਮਈ,2000 ਚ ਕਰਵਾਈ ਗਈ ਸੀ। ਇਹ ਕਾਨਫਰੰਸ 1980 ਵਾਲੀ ਕਾਨਫਰੰਸ ਦੀ ਪੱਧਰ ਦਾ ਤਾਂ ਨਹੀ ਕਹੀ ਜਾ ਸਕਦੀ ਪਰ ਕਾਫੀ ਗੰਭੀਰ ਕਿਸਮ ਦੀ ਸੀ, ਉਸ ਵਿਚ ਕਾਫੀ ਗੰਭੀਰ ਮਸਲੇ ਵਿਚਾਰੇ ਗਏ।ਤੀਜੀ ਨਾਮ-ਨਿਹਾਦ ਵਰਲਡ ਕਾਨਫਰੰਸ ਲੰਡਨ ਵਿਚ ਹੋਈ ਸੀ।ਫ਼ਖਰ ਜ਼ਮਾਨ ਪਾਕਿਸਤਾਨ ਤੋਂ ਇੰਗਲੈਂਡ ਆਇਆ ਤੇ ਉਹ ਅਮੀਨ ਮਲਕ ਤੇ ਉਸ ਦੀ ਪਤਨੀ ਰਾਣੀ ਮਲਕ ਨੂੰ ਕਾਨਫਰੰਸ ਦੇ ਕਰਤੇ ਧਰਤੇ ਥਾਪ ਕੇ ਵਾਪਿਸ ਚਲਾ ਗਿਆ ਪਰ ਇਹ ਕਾਨਫੰਰਸ ਕਾਫੀ ਵੱਡਾ ਡਰਾਮਾ ਬਣ ਕੇ ਰਹਿ ਗਈ ਸੀ।

ਪ੍ਰਗਤੀਸ਼ੀਲ ਲਿਖਾਰੀ ਸਭਾ, ਵੁਲਵਰਹੈਂਪਟਨ (ਗ.ਬ) ਦੀ ਹਰ ਮਹੀਨੇ ਦੇ ਅੰਤਲੇ ਐਤਵਾਰ ਨੂੰ,ਵਾਰੀ ਵਾਰੀ ਮੈਬਰਾਂ ਦੇ ਘਰ ਮੀਟਿੰਗ ਹੁੰਦੀ ਸੀ।ਹਰ ਮੈਬਰ ਆਪਣੀ ਨਵੀ ਰਚਨਾ ਪੜ੍ਹ ਦਾ ਤੇ ਬਾਕੀ ਮੈਬਰ ਖੁੱਲ ਕੇ ਰਾਏ ਦਿੰਦੇ।ਧੀਰ ਵੀ ਕਹਾਣੀ ਪੜ੍ਹਦਾ ਤੇ ਉਸ ਦੀ ਕਹਾਣੀ ਤੇ ਭਰਪੂਰ ਬਹਿਸ ਹੁੰਦੀ ਤੇ ਉਸਾਰੂ ਸੁਝਾਓ ਦਿੱਤੇ ਜਾਂਦੇ,ਵਿਸ਼ੇਸ਼ ਕਰਕੇ ਭਾਸ਼ਾ ਪੱਖ ਤੇ। ਨਿਰੰਜਨ ਸਿੰਘ, ਹਰਦੇਵ ਤੇ ਢੇਸੀ ਨੇ ਉਸਦੀ ਭਾਸ਼ਾ ਚ ਹਿੰਦੀ ਪ੍ਰਭਾਵ ਹਟਾਉਣ ਵਿਚ ਬਹੁਤ ਮਦੱਦ ਕੀਤੀ। ਪ੍ਰਗਤੀਸ਼ੀਲ ਲਿਖਾਰੀ ਸਭਾ (ਵੁਲ) ਲਈ 1989-1999 ਦਾ ਦਹਾਕਾ ਬੜੀ ਚੜ੍ਹਾਈ ਦਾ ਦਹਾਕਾ ਸੀ।ਇਸ ਦਹਾਕੇ ਵਿਚ ਮੇਰੇ (ਧੀਰ) ਚਾਰ ਨਾਵਲ ਤੇ ਦੋ ਕਹਾਣੀਆ ਸੰਗ੍ਰਹਿ ਪ੍ਰਕਾਸ਼ਿਤ ਹੋਏ।ਉਸਦੇ ਦਸਾਂ ਨਾਵਲਾ ਵਿਚੋਂ ਜਿਹੜੇ ਛੇ ਨਾਵਲ (ਸੰਘਰਸ਼,ਲਕੀਰਾ ਤੇ ਮਨੁੱਖ,ਇਹ ਲੋਕ,ਘਰ ਤੇ ਕਮਰੇ,ਪੈੜਾਂ ਦੇ ਆਰ ਪਾਰ ਅਤੇ ਹਾਸ਼ੀਏ) ਵੱਧ ਪ੍ਰਸਿੱਧ ਹੋਏ ਹਨ।[6]ਉਨ੍ਹਾਂ ਵਿਚੋ ਲਕੀਰਾ ਤੇ ਮਨੁੱਖ,ਇਹ ਲੋਕ ਅਤੇ ਘਰ ਤੇ ਕਮਰੇ ਇਸ ਦਹਾਕੇ ਵਿਚ ਪ੍ਰਕਾਸ਼ਿਤ ਹੋਏ ਸਨ।ਨਿਰੰਜਨ ਸਿੰਘ ਨੂਰ ਦੀਆਂ ਸੱਤ ਕਾਵਿ ਪੁਸਤਕਾ ਚੋਂ ਸਭ ਤੋ ਪ੍ਰਸਿੱਧ ਕਾਵਿ ਸਗ੍ਰੰਹਿ ਹੜੱਪਾ ਤੋ ਹੀਰੋਸ਼ੀਮਾ ਵੱਲ (ਲੰਮੀ ਕਵਿਤਾ) ਤੇ ਜੋਨ ਦੀ ਅੱਖ ਇਸੇ ਦਹਾਕੇ ਵਿਚ ਪ੍ਰਕਾਸ਼ਿਤ ਹੋਈਆਂ।

**ਧੀਰ ਦੀ ਕਹਾਣੀ ਰਚਨਾ-**

ਹੁਣ ਤੱਕ ਦਰਸ਼ਨ ਸਿੰਘ ਧੀਰ ਦੇ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ।ਛੇਵਾਂ ਤਿਆਰ ਹੈ। ਦੇਖੋ ਕਦ ਕੋਈ ਪ੍ਰਕਾਸ਼ਨ ਉਹਨੂੰ ਛਾਪਣ ਲਈ ਤਿਆਰ ਹੁੰਦਾ ਹੈ। ਧੀਰ ਦੇ ਹੁਣ ਤੱਕ ਦਸ ਨਾਵਲ ਲਿਖੇ ਹਨ। ਇਨ੍ਹਾਂ ਵਿਚੋ 9 ਪਹਿਲਾ ਪ੍ਰਕਾਸ਼ਿਤ ਹੋ ਚੁੱਕੇ ਹਨ।ਹਾਸ਼ੀਏ ਉਸ ਦਾ 10 ਵਾਂ ਨਾਵਲ ਹੈ ਜਿਹੜਾ 26 ਅਪ੍ਰੈਲ 2008 ਨੂੰ ਪ੍ਰਕਾਸ਼ਿਤ ਹੋਇਆ ਉਸਦੇ ਚਾਰ ਸਧਾਰਨ ਆਕਾਰ ਦੇ ਨਾਵਲ ਹਨ ਭਾਵ ਦੋ ਸੋ ਜਮ੍ਹਾਂ ਪੰਨਿਆ ਦੇ ਤੇ ਛੇ ਵੱਡ ਆਕਾਰੀ ਹਨ।ਆਪਣੇ ਆਪਣੇ ਰਾਹ ਸੰਘਰਸ਼,ਧੁੰਦਲਾ ਸੂਰਜ ਅਤੇ ਰਣਭੂਮੀ ਸਧਾਰਨ ਆਕਾਰ ਦੇ ਅਤੇ ਲਕੀਰਾਂ ਤੇ ਮਨੁੱਖ,ਇਹ ਲੋਕ, ਘਰ ਤੇ ਕਮਰੇ,ਪੈੜਾਂ ਦੇ ਆਰ ਪਾਰ,ਅਜਨਬੀ ਚਿਹਰੇ ਤੇ ਹਾਸ਼ੀਏ ਵੱਡ ਆਕਾਰੀ ਨਾਵਲ ਹਨ।

**ਧੀਰ ਦੀਆ ਕਹਾਣੀਆ ਦਾ ਵਰਣਨ ਹੇਠ ਕਿਖੇ ਅਨੁਸਾਰ ਕੀਤਾ ਜਾ ਸਕਦਾ ਹੈ:-**

**ਲੂਣੀ ਮਹਿਕ**-ਲੂਣੀ ਮਹਿਕ ਧੀਰ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ ਜਿਹੜਾ 1972 ਚ ਪ੍ਰਕਾਸ਼ਿਤ ਹੋਇਆ ਸੀ।[7]ਇਸ ਦੇ ਛਪਣ ਤੋ ਪਹਿਲਾ ਉਸ ਦੀਆ ਕਈ ਕਹਾਣੀਆ ਛੱਪ ਚੁੱਕੀਆਂ ਸਨ। ਜਿਨ੍ਹਾਂ ਕਹਾਣੀਆ ਨੂੰ ਚੰਗਾ ਨੋਟਿਸ ਮਿਲਿਆ ਸੀ ਉਹ ਸੀ-**ਬਾਗੜਨੀ,ਇੰਗਲੈਂਡ, ਲੂਣੀ ਮਹਿਕ, ਧੂੜ, ਅਜਗਰ, ਧੁੰਮਾ, ਖੱਟੀ ਲੱਸੀ ਦਾ ਗਿਲਾਸ, ਤਿਲਕਣ।**

**ਮਰਦਾ ਸੱਚ**-ਇਹ ਧੀਰ ਦਾ ਦੂਜਾ ਕਹਾਣੀ ਸੰਗ੍ਰਹਿ ਹੈ ਜੋ 1976 ਵਿਚ ਪ੍ਰਕਾਸ਼ਿਤ ਹੋਇਆ ਇਸ ਵਿਚ, **ਅੱਖ ਅੰਸ਼, ਸਰਮਾਇਆ, ਪੁਸਤਕਾਂ, ਵੇਟਿੰਗ ਰੂਮ,**

**ਦਿੱਸਹੱਦੇ ਤੋ ਪਾਰ**-ਇਹ ਧੀਰ ਦਾ ਤੀਜਾ ਕਹਾਣੀ ਸੰਗ੍ਰਹਿ ਹੈ।ਇਸ ਤੋ ਪਹਿਲਾ ਉਸ ਦੇ ਦੋ ਨਾਵਲ ਤੇ ਦੋ ਕਹਾਣੀ ਸੰਗ੍ਰਹਿ ਛੱਪ ਚੁੱਕੀਆ ਸਨ।ਇਹ 12 ਵਰ੍ਹਿਆਂ ਮਗਰੋ ਪ੍ਰਕਾਸ਼ਿਤ ਹੋਇਆ ਸੀ ਇੰਨੀ ਦੇਰ ਦਾ ਕਾਰਨ ਇਹ ਸੀ ਕਿ 1978 ਤੋਂ ਬਾਅਦ ਉਹ ਨਾਵਲ ਲਿਖਣ ਵੱਲ ਜਿਆਦਾ ਧਿਆਨ ਦੇ ਰਿਹਾ ਸੀ। ਉਸਨੇ 1976 ਤੋਂ 1987 ਤੱਕ ਉਸ ਨੇ ਕੇਵਲ ਤੇਰ੍ਹਾਂ ਕਹਾਣੀਆ ਹੀ ਲਿਖੀਆ ਸਨ। ਇਹ ਸਾਰੀਆ ਕਹਾਣੀਆ ਦਿਸਹੱਦੇ ਤੋ ਪਾਰ ਚ ਸ਼ਮਿਲ ਹਨ।ਇਹ 1988 ਚ ਪ੍ਰਕਾਸ਼ਿਤ ਹੋਇਆ ਸੀ।

ਇਸ ਕਹਾਣੀ ਸੰਗ੍ਰਹਿ ਵਿਚ ਉਸ ਦੇ ਪਹਿਲੇ ਦੋ ਕਹਾਣੀ ਸੰਗ੍ਰਹਿ ਨਾਲੋ ਜਿਆਦਾ ਨਿਖਾਰ ਆ ਗਿਆ ਸੀ ਇਸੇ ਕਾਰਨ ਉਸ ਦਾ ਇਹ ਕਹਾਣੀ ਸੰਗ੍ਰਹਿ ਵਧੇਰੇ ਚਰਚਾ ਵਿਚ ਰਿਹਾ।ਇਸ ਵਿਚ ਹੇਠ ਲਿਖੀਆ ਕਹਾਣੀਆ ਸ਼ਾਮਿਲ ਹਨ- **ਫਟਿਆ ਦੁੱਧ, ਰਿਸ਼ਤਿਆ ਦੇ ਰੰਗ, ਮਾਂ, ਸੂਰਜ ਤੇ ਸਾੜਾ, ਮੈਲੇ ਹੱਥ, ਬੰਧਨ।**

**ਡਰਿਆ ਮਨੁੱਖ**-ਇਹ ਧੀਰ ਦਾ ਚੌਥਾ ਕਹਾਣੀ ਸੰਗ੍ਰਹਿ ਹੈ।ਇਹ 1994 ਚ ਪ੍ਰਕਾਸ਼ਿਤ ਹੋਇਆ।ਇਸ ਕਹਾਣੀ ਸੰਗ੍ਰਹਿ ਦਾ ਵੀ ਵਿਦਵਾਨਾਂ ਵਲੋ ਕਾਫੀ ਨੋਟਿਸ ਕੀਤਾ ਗਿਆ ਇਸ ਕਹਾਣੀ ਸੰਗ੍ਰਹਿ ਦੀਆ ਕਹਾਣੀਆ ਅਨੁਵਾਦਿਤ ਹੋ ਕੇ ਹਿੰਦੀ ਦੇ ਰਸਾਲਿਆ ਵਿਚ ਵੀ ਛੱਪੀਆ।

ਰੋਟੀ ਤੇ ਲੱਡੂ ਨੂੰ ਕੇਂਦਰ ਸਰਕਾਰ ਨੇ ਉਸ ਸਾਲ ਦੀ ਸਰਵੋਤਮ ਕਹਾਣੀ ਦੇ ਤੋਰ ਤੇ ਆਪਣੇ ਰਸਾਲੇ ਵਰਸ਼ਕੀ ਮੈਗਜੀਨ ਚ ਪ੍ਰਕਾਸ਼ਿਤ ਕੀਤਾ।ਡਰਿਆ ਮਨੁੱਖ ਕਹਾਣੀ ਅਨੁਵਾਦ ਹੋ ਕੇ ਭਾਰਤੀ ਸਾਹਿਤ ਅਕੈਡਮੀ ਦੇ ਹਿੰਦੀ

ਰਸਾਲੇ ਚ ਪ੍ਰਕਾਸ਼ਿਤ ਹੋਈ ਸੀ।ਇਸ ਤੋ ਇਲਾਵਾ ਹੋਰ ਕਹਾਣੀਆ ਹਨ-**ਚੋਣ, ਦੌੜ, ਬਦਲਾ, ਕੁਰਬਾਨੀ, ਬੰਧੇਜ , ਸੋਚ ਦੇ ਪਰ, ਪਾੜਾ, ਸਰਮਾਇਆ, ਜੜ੍ਹਾਂ ਤੋ ਦੂਰ, ਪਿੱਛਾ ਰਹਿ ਗਿਆ ਦੂਰ, ਪਿਆਸੇ ਪੌਦੇ, ਸਮਝ ਤੋਂ ਪਰਾਂ**

**ਸ਼ੀਸ਼ੇ ਦੇ ਟੁਕੜੇ**:-ਇਹ ਧੀਰ ਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ ਜੋ 1988 ਚ ਛੱਪਿਆ।ਇਸ ਕਹਾਣੀ ਸੰਗ੍ਰਹਿ ਵਿਚ ਕੁਲ ਤੇਰ੍ਹਾਂ ਕਹਾਣੀਆ ਹਨ ਇਨ੍ਹਾਂ ਕਹਾਣੀਆ ਵਿਚ ਧੀਰ ਨੇ ਕੁਝ ਨਵੇਂ ਤਜਰਬੇ ਕਰਨ ਦੀ ਕੋਸ਼ਿਸ ਕੀਤੀ ਹੈ ਤਾਂ ਜੋ ਉਸ ਦੀ ਕਹਾਣੀ ਕਲਾ ਵਿਚ ਪਹਿਲਾ ਨਾਲੋ ਜਿਆਦਾ ਪ੍ਰੜੋਤਾ ਆ ਜਾਵੇਗੀ।ਉਸ ਦੀਆ ਕਹਾਣੀਆ ਹਨ:-**ਕੱਦ ਤੇ ਢਿੱਡ ,ਕੱਖਾਂ ਕਾਨਿਆ ਦੇ ਘਰ ,ਸ਼ੀਸ਼ੇ ਦੇ ਟੁਕੜੇ**

**ਮਿਸਟਰ ਕੰਪਿਉਟਰ, ਪਾਣੀ ਦੀਆ ਤੇਹਾਂ, ਰੰਗਾਂ ਦੀ ਖੇਡ**

ਹਰੇਕ ਲੇਖਕ ਨੂੰ ਵੱਖਰੀ ਪਛਾਣ ਬਣਾਉਣ ਲਈ ਆਪਣੀ ਗਲਪ-ਭਾਸ਼ਾ ਤੇ ਅੰਦਾਜ਼ ਸਿਰਜਣਾ ਪੈਦਾ ਹੈ ਜਾ ਆਪਣੀ ਵਿਲੱਖਣ ਸ਼ੈਲੀ ਬਣਾਉਣੀ ਪੈਦੀ ਹੈ। ਉਹ ਨੇ ਵੀ ਸਹਿਜੇ ਸਹਿਜੇ ਆਪਣੀ ਗਲਪ ਭਾਸ਼ਾ ਸਿਰਜਣ ਦੀ ਕੋਸ਼ਿਸ਼ ਕਰਨ ਲੱਗ ਪਿਆ ਸੀ ਕਿਉਂਕਿ ਤੱਦ ਤੱਕ ਉਸ ਨੂੰ ਗਿਆਨ ਹੋ ਚੁੱਕਾ ਸੀ ਕਿ ਕਿਸੇ ਵੀ ਲੇਖਕ ਦੀ ਤਦ ਤੱਕ ਪਛਾਣ ਨਹੀ ਹੋ ਸਕਦੀ ਜਦੋ ਤੱਕ ਉਸ ਦੀ ਆਪਣੀ ਗਲਪ ਭਾਸ਼ਾ ਤੇ ਲਿਖਣ ਸ਼ੈਲੀ ਨਹੀ ਬਣਦੀ।ਸ਼ਾਇਦ ਉਹ ਵੀ ਆਪਣੇ ਇਸ ਯਤਨ ਵਿਚ ਕੁਝ ਸਫਲ ਵੀ ਹੋਇਆ ਤਦ ਹੀ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਕਹਿਣ ਲੱਗ ਪਏ ਹਨ ਕਿ ਧੀਰ ਦਾ ਵਾਰਤਕ ਲਿਖਣ ਦਾ ਆਪਣਾ ਤੇ ਵਿਲੱਖਣ ਢੰਗ ਹੈ।

**ਧੀਰ ਦੀ ਨਾਵਲ ਸਿਰਜਣਾ:**

**ਆਪਣੇ-ਆਪਣੇ ਰਾਹ-** ਆਪਣੇ-ਆਪਣੇ ਰਾਹ ਧੀਰ ਦਾ ਪਹਿਲਾ ਨਾਵਲ ਹੈ। ਇਹ 1980 ਚ ਪ੍ਰਕਾਸ਼ਿਤ ਹੋਇਆ ਸੀ।[8] ਇਸ ਤੋ ਪਹਿਲਾ ਉਸਦੇ ਦੇ ਕਹਾਣੀ ਸੰਗ੍ਰਹਿ ਲੂਣੀ ਮਹਿਕ ਤੇ ਮਰਦਾ ਸੱਚ ਛੱਪ ਚੁੱਕੇ ਸਨ

ਆਪਣੇ ਆਪਣੇ ਰਾਹ ਦਾ ਕਥਾ ਸਦੰਰਭ ਲਕੀਰੀ ਬਿਰਤਾਤ ਵਿੱਚ ਪੇਸ਼ ਹੁੰਦਾ ਹੈ। ਇਸ ਨਾਲ ਵਿਚ ਪੰਜਾਬੀ ਦੇ ਪਰਵਾਸ ਧਾਰਨ ਕਰਨ ਦੀ ਬਿਰਤੀ ਨਸਲੀ ਵਿਤਕਰੇ ਕਾਰਨ ਹੋਈ ਮਾਨਸਿਕ ਟੱਟ-ਭੱਜ ਦੇ ਮਾਨਸਿਕ ਸੰਦਰਭਾ ਨੂੰ ਖੂਬਸੂਰਤੀ ਨਾਲ ਚਿਤਰਿਆ ਗਿਆ ਹੈ। ਇਸ ਨਾਵਲ ਦਾ ਮੁੱਖ ਪਾਤਰ ਭੋਲਾ ਸਿੰਘ ਹੈ ਜੋ ਪੰਜਾਬੀ ਸੱਭਿਆਚਾਰ ਦੀਆ ਨੈਤਿਕ ਕਦਰ-ਕੀਮਤਾ ਨੂੰ ਪ੍ਰਗਟਾਇਆ ਹੋਇਆ ਹੈ। ਉਹ ਆਪਣੀ ਪਤਨੀ ਅਤੇ ਬੱਚਿਆ ਨੂੰ ਇੰਗਲੈਂਡ ਬੁਲਾ ਲੈਦਾ ਹੈ। ਉਸ ਦਾ ਲੜਕਾ ਗੁਰਜਸ ਪੱਛਮੀ ਪਦਾਰਥਕ ਹਾਲਤਾਂ ਵਿਚ ਗਲਤਾਨ ਹੋ ਜਾਦਾ ਹੈ ਅਤੇ ਉਸ ਦੀ ਨੂੰਹ ਨਵਨੀਤ ਆਪਣੇ ਪਤੀ ਦੀਆ ਇਨ੍ਹਾਂ ਹਰਕਤਾ ਨੂੰ ਬਰਦਾਸ਼ਤ ਨਹੀ ਕਰਦੀ ।

ਅੰਤ ਵਿਚ ਭੋਲਾ ਸਿੰਘ ਤੇ ਉਸ ਦੀ ਨੂੰਹ ਨਵਨੀਤ ਆਪਣੀ ਆਪਣੀ ਵਿਚਾਰਧਾਰਾ ਦੇ ਰਾਹ ਤੁਰ ਪੈਦੇ ਹਨ ਅਤੇ ਮਾਂ ਤੇ ਪੁਤਰ ਗੁਰਜਸ ਅਤੇ ਰਾਹ ਇਸ ਪ੍ਰਕਾਰ ਇਸ ਨਾਵਲ ਵਿਚ ਨਾਵਲਕਾਰ ਨੇ ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਪ੍ਰਵਾਸੀ ਦੁਖਾਂਤ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਹੈ।

**ਸੰਘਰਸ਼–** ਸੰਘਰਸ਼ ਧੀਰ ਦਾ ਦੂਜਾ ਨਾਵਲ ਹੈ ਜਿਹੜਾ 1984 ਵਿਚ ਪ੍ਰਕਾਸ਼ਿਤ ਹੋਇਆ ।ਸੰਘਰਸ਼ ਨਾਵਲ ਦਾ ਬਿਰਤਾਂਤਕ ਸੰਗਠਨ ਦੋ ਬ੍ਰਿਤਾਂਤਕ ਲੜੀਆ ਰਾਹੀ ਵੱਖ ਵੱਖ ਅਰਥ ਇਕਾਈਆ ਸਿਰਜਦਾ ਹੋਇਆ, ਜਿਥੇ ਯੂਰਪੀ ਸਮਾਜ ਦੀਆ ਅੰਦਰੂਨੀ ਵਿਰੋਧਤਾਵਾਂ, ਮਸਲੇ ਅਤੇ ਸਰੋਕਾਰ ਨੂੰ ਡੂੰਘਾਈ ਨਾਲ ਚਿਤਰਦਾ ਹੈ,ਉਥੇ ਯੂਰਪ ਵਿਚ ਰਹਿ ਰਹੇ ਗੈਰ ਯੂਰਪੀਆ ਦੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸੰਘਰਸ਼ ਨੂੰ ਵੀ ਚਿਤਰਦਾ ਹੈ। ਸੰਘਰਸ਼ ਨਾਵਲ ਪਰਵਾਸੀ ਦੀ ਹੀ ਨਹੀ, ਪੰਜਾਬੀ ਨਾਵਲ ਦੀ ਵੀ ਵਿਸ਼ੇਸ਼ ਪ੍ਰਾਪਤੀ ਹੈ ਜਿਸਨੇ ਵਿਦੇਸ਼ਾ ਵਿਚ ਰਹੇ ਜਾ ਰਹੇ ਨਾਵਲ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।

**ਧੁੰਦਲਾ ਸੂਰਜ**–ਧੁੰਦਲਾ ਸੂਰਜ ਧੀਰ ਦਾ ਤੀਜਾ ਨਾਵਲ ਹੈ ਇਹ 1989 ਚ ਪ੍ਰਕਾਸ਼ਿਤ ਹੋਇਆ ਸੀ।ਇਸ ਨਾਵਲ ਦਾ ਵਿਸ਼ਾ- ਵਸਤੂ ਧੀਰ ਦੇ ਪਹਿਲੇ ਦੋਹਾਂ ਨਾਵਲਾ ਨਾਲੋਂ ਵੱਖਰਾ ਤੇ ਨਵਾ ਹੈ।ਇਹ ਵਿਸ਼ਾ ਉਸ ਦੇ ਆਪਣੇ ਨਾਵਲਾ ਲਈ ਹੀ ਨਹੀ ਸਗੋਂ ਸਮੁੱਚੇ ਪੰਜਾਬੀ ਜਗਤ ਲਈ ਵੀ ਨਵੇਕਲਾ ਤੇ ਨਵਾ ਸੀ ।ਇਸ ਨਾਵਲ ਤੋਂ ਪਹਿਲਾ ਧੀਰ ਦੇ ਦੋਂ ਨਾਵਲ ਤੇ ਤਿੰਨ ਕਹਾਣੀ ਸੰਗ੍ਰਹਿ ਛੱਪ ਚੁੱਕੇ ਸਨ ਇਸ ਨਾਵਲ ਨੂੰ ਵਿਦਵਾਨਾਂ ਅਤੇ ਆਮ ਪਾਠਕਾਂ ਨੇ ਬਹੁਤ ਸਰਾਹਿਆ ਤੇ ਪੜਿਆ ਤੇ ਉਹਨੂੰ ਪੰਜਾਬੀ ਚ ਨਵਾ ਦੇ ਹਟ ਕੇ ਲਿਖਿਆ ਨਾਵਲ ਕਹਿ ਕੇ ਵੀ ਵਡਿਆਇਆ ਸੀ।

ਇਸ ਨਾਵਲ ਦਾ ਸੰਬੰਧ ਵਿਖੰਡਿਤ ਹੋਏ ਮਨ ਦੇ ਇਤਿਹਾਸਕ ਪ੍ਰਸੰਗਾ ਨਾਲ ਹੈ ਅਤੇ ਦੂਸਰੇ ਪਾਸੇ ਸਮਕਾਲੀ ਬਹੁ-ਸਭਿਆਚਾਰਕ ਸਥਿਤੀਆ ਨਾਲ ਹੈ ਇਸੇ ਕਰਕੇ ਇਸ ਨਾਵਲ ਪ੍ਰਵਚਨ ਵਿਚ ਪੇਸ਼ਕਾਰੀ ਇਕਹਰੇ ਰੂਪ ਵਿਚ ਬਿਰਤਾਂਤ- ਸੰਚਾਰ ਦਾ ਅੰਗ ਨਹੀ ਬਣਦੀ ਸਗੋਂ ਯਥਾਰਥ ਦੇ ਵਿਭਿੰਨ ਤੇ ਅਮੂਰਤ ਕਾਰਨ ਪ੍ਰਗਟਾਅ ਬਿਰਤਾਂਤ ਦੇ ਅਵਚੇਤਨੀ ਪੱਖਾਂ ਵਿਚੋਂ ਕਾਰਜਸ਼ੀਲ ਰਹਿੰਦੇ ਹਨ।ਭਾਵੇਂ ਸੁਚੇਤ ਰੂਪ ਵਿਚ ਇਸ ਨਾਵਲੀ ਬ੍ਰਿਤਾਂਤ ਦੀ ਮੁੱਖ ਪੇਸ਼ਕਾਰੀ ਆਰਥਿਕ ਪੱਖਾਂ ਨੂੰ ਰੂਪਮਾਨ ਕਰ ਰਹੀ ਹੈ।ਪਰ ਇਸ ਦੇ ਅਮੂਰਤ ਕਾਰਨਾਂ ਪਿੱਛੇ ਪੂੰਜੀਵਾਦ,ਸਮਰਾਜਵਾਦ ਅਤੇ ਉਪਨਿਵੇਸ਼ਵਾਦ ਤਿੰਨੋਂ ਇਕ ਦੂਜੇ ਨਾਲ ਸਬੰਧਤ ਹਨ ਅਤੇ ਇਕ ਦੂਜੇ ਸਹਾਰੇ ਵਧਦੇ ਫੁਲਦੇ ਹਨ।

**ਲਕੀਰਾਂ ਤੇ ਮਨੁੱਖ**

ਲਕੀਰਾਂ ਤੇ ਮਨੁੱਖ ਧੀਰ ਦਾ ਚੋਥਾ ਨਾਵਲ ਹੈ।ਇਹ 1991 ਚ ਪ੍ਰਕਾਸ਼ਿਤ ਹੋਇਆ ।ਇਹ ਉਸਦਾ ਪਹਿਲਾ ਵੱਡ ਆਕਾਰੀ ਨਾਵਲ ਹੈ ਜੋ ਪ੍ਰਵਾਸੀ ਪੰਜਾਬੀ ਭਾਈਚਾਰੇ ਦੀ ਥਾਂ, ਪੰਜਾਬੀ ਭਾਈਚਾਰੇ ਦੀ ਡਾਇਲੋਕਟਿਕਸ ਨੂੰ ਆਪਣੇ ਕਲਾਵੇਚ ਲੈ ਕੇ ਤੁਰਦਾ ਹੈ ਇਸ ਨਾਵਲ ਦਾ ਵੱਡਾ ਹਿੱਸਾ ਦੇਸ਼-ਵੰਡ ਨਾਲ ਸਬੰਧਤ ਹੈ।

ਇਸ ਨਾਵਲ ਵਿਸ਼ੇਸ਼ਤਾ ਇਹ ਹੈ ਕਿ ਇਹ ਪੂਰਵ ਸੁੰਤਤਰਤਾ ਕਾਲ ਦੇ ਪੰਜਾਬ ਦੀਆ ਵਿਰੋਧਤਾਈਆ ਨੂੰ ਸਹਿਜ ਰੂਪ ਵਿਚ ਜੁੜੇ ਗਲਪ-ਦ੍ਰਿਸ਼ਾਂ ਦੀ ਲੜੀ ਦਾ ਰੂਪ ਵਿਚ ਅੰਕਿਤ ਕਰਦਾ ਹੈ।ਇਸ ਪ੍ਰਸੰਗ ਵਿਚ ਜੁੜੇ ਗਲਪ-ਦ੍ਰਿਸ਼ਾਂ ਦੀ ਲੜੀ ਦੇ ਰੂਪ ਵਿਚ ਅੰਕਿਤ ਕਰਦਾ ਹੈ। ਇਸ ਪ੍ਰਸੰਗ ਵਿਚ ਦੇਸ਼-ਵੰਡ ਦੀ ਤ੍ਰਾਸਦੀ ਦੌਰਾਨ

ਮਾਨਵੀ ਅਤੇ ਅਮਾਨਵੀ ਕਦਰਾਂ ਦੇ ਭੇੜ ਨੂੰ ਹੱਡ ਹਢੰਾਵੇ ਅਨੁਭਵ ਦੀ ਸਿੱਧੀ ਪਕੜ ਦੀ ਤਰਾਂ ਪੂਰੀ ਹਮਦਰਦੀ ਅਤੇ ਡੂੰਘੀ ਵੇਦਨਾ ਨਾਲ ਚਿਤਰਿਆ ਗਿਆ ਹੈ।

**ਇਹ ਲੋਕ-** ਇਹ ਧੀਰ ਦਾ ਪੰਜਵਾਂ ਨਾਵਲ ਹੈ। ਇਹ 1996 ਵਿਚ ਪ੍ਰਕਾਸ਼ਿਤ ਹੋਇਆ ।ਪੰਜਾਬੀ ਨਾਵਲ ਦੇ ਇਤਿਹਾਸ ਵਿਚ ਇਹ ਲੋਕ ਨਿਹਾਇਤ ਹੀ ਮੱਹਤਵਪੂਰਨ ਰਚਨਾ ਹੈ।ਇਹ ਲੋਕ ਇਕ ਯੁੱਗ ਨਾਵਲ ਹੈ।ਇਹ ਸਾਡੇ ਨਾਵਲ ਦੇ ਇਤਿਹਾਸ ਦੇ ਇਤਿਹਾਸ ਵਿਚ ਦੁਰਲਭ ਵਸਤੂ ਹੈ। ਯਥਾਰਥਵਾਦ ਤੋਂ ਇਲਾਵਾ ਦਾਰਸ਼ਨਿਕਤਾ ਦੇ ਗੁਣ ਵਾਂਗ ਯੁੱਗ-ਨਾਵਲ ਦੀ ਵਿਸ਼ੇਸ਼ਤਾ ਇਸ ਨੂੰ ਇਕ ਵਿਲੱਖਣ ਰਚਨਾ ਬਣਾਉਣੀ ਹੈ।

**ਘਰ ਤੇ ਕਮਰੇ-**ਇਹ ਧੀਰ ਦਾ ਛੇਵਾਂ ਨਾਵਲ ਹੈ।ਇਸ ਨਾਵਲ ਦੇ ਸਿਰਲੇਖ ਤੇ ਇਸ ਅੰਦਰਲੇ ਪੱਖ ਵਿਚੋ ਗੁਜਰਦਿਆ ਇਹ ਭਲੀ-ਭਾਂਤ ਸਪੱਸ਼ਟ ਹੋ ਜਾਦਾ ਹੈ ਕਿ ਇਸ ਨਾਵਲ ਦੀ ਸੰਰਚਨਾ ਵਿਚ ਘਰ ਤੇ ਕਮਰੇ ਦੋ ਸਧਾਰਨ ਸ਼ਬਦ ਹੀ ਨਹੀ ਸਗੋ ਰੂਪਕੀ ਭਾਸ਼ਾ ਨਾਲ ਸਬੰਧ ਰੱਖਣ ਵਾਲੇ ਸਕੰਲਪ ਹਨ।ਪੁਰਾਣੀ ਪੀੜੀ ਇਸ ਮੁਲਕ ਨੂੰ ਕਮਰਾ ਜਾਂ ਅਸਥਾਈ ਟਿਕਣਾ ਸਮਝਦੀ ਹੈ ਅਤੇ ਨਵੀਂ ਪੀੜੀ ਇਸਨੂੰ, ਇਥੇ ਹੀ ਜੰਮੀ ਪਲੀ ਹੋਣ ਸਦਕਾ,ਸਥਾਈ ਟਿਕਾਣਾ ਅਤੇ ਘਰ ਤਸਵੁੱਰ ਕਰਦੀ ਹੈ।ਇਸ ਰੂਪਕੀ ਭਾਸ਼ਾ ਦਾ ਦੂਸਰਾ ਪਾਸਾਰ ਮਨੁੱਖੀ ਹੋਂਦ ਨੂੰ ਹੀ ਇਕ ਅਜਿਹੇ ਘਰ ਵਜੋ ਗ੍ਰਹਿਣ ਕਰਦਾ ਹੈ। ਜਿਸ ਦੇ ਅਨੇਕਾ ਕਮਰੇ ਹਨ,ਜਿਸ ਦੀ ਬਾਹਰੀ ਦਿੱਖ ਤੋਂ ਉਸ ਦੇ ਅੰਦਰਲੇ ਦੀ ਜਟਿਲਤਾ ਦੇ ਰੱਹਸ ਨੂੰ ਨਹੀ ਬੁੱਝਿਆ ਜਾਂ ਸਕਦਾ। ਇਹ ਰੂਪਕੀ ਭਾਂਸ਼ਾ ਮਨੁੱਖੀ ਹੋਂਦ ਨੂੰ ਹੀ ਨਿੱਕੇ ਵੱਡੇ ਕਮਰਿਆ ਵਾਲੇ ਘਰ ਵਜੋਂ ਗ੍ਰਹਿਣ ਕਰਦੀ ਹੈ।

**ਪੈੜਾਂ ਦੇ ਆਰ ਪਾਰ**

ਧੀਰ ਦਾ ਇਹ ਨਾਵਲ 2001 ਵਿਚ ਪ੍ਰਕਾਸ਼ਿਤ ਹੋਇਆ ਸੀ ਉਸਦਾ ਇਹ ਨਾਵਲ ਉਸਦੇ ਪਿਛਲੇ ਨਾਵਲ ਘਰ ਤੇ ਕਮਰੇ ਦਾ ਅਗਲਾ ਪੜ੍ਹਾਅ ਹੈ ਕਿਉਂਕਿ ਘਰ ਤੇ ਕਮਰੇ ਵਿਚ ਪੰਜਾਬੀ ਪ੍ਰਵਾਸੀਆਂ ਦਾ ਵਿਲਾਇਤ ਚ ਜੰਮਿਆ,ਪਲਿਆ ਤੇ ਪ੍ਰਵਾਨ ਚੜ੍ਹਿਆ ਨਵਾਪੋਚ ਇਸ ਦੇਸ ਨੂੰ ਆਪਣਾ ਘਰ ਸਮਝਣ ਲੱਗ ਪਿਆ ਸੀ ਤੇ ਪ੍ਰਵਾਨ ਚੜਿਆ ਨਵਾ ਪੋਚ ਇਸ ਦੇਸ਼ ਨੂੰ ਆਪਣਾ ਘਰ ਸਮਝਣ ਲੱਗ ਪਿਆ ਸੀ ਤੇ ਭਾਰਤ ਨੂੰ ਕਮਰੇ ਪਰ ਪੈੜਾਂ ਦੇ ਆਰ ਪਾਰ ਨਾਵਲ ਦੇ ਇਸ ਪੜਾਅ ਵਿਚ ਪਹੁੰਚ ਕੇ ਉਹ ਇਸ ਮੁਲਕ ਨੂੰ ਆਪਣਾ ਘਰ ਹੀ ਨਹੀ ਸੀ ਸਮਝਣ ਲਗਾ ਬਲਕਿ ਇਸ ਦੇਸ਼ ਦੀ ਜੀਵਨ ਸ਼ੈਲੀ ਨੂੰ ਵੀ ਪਰੀ ਤਰ੍ਹਾਂ ਅਪਣਾਉਂਣ ਲਈ ਤੀਂਗੜ ਰਿਹਾ ਸੀ। ਇਹ ਠੀਕ ਸੀ ਕਿ ਉਸ ਪੋਚ ਦੀ ਬਹੁ ਗਿਣਤੀ ਅਜੇ ਵੀ ਬਜੁਰਗਾਂ ਵਾਲੀ ਜੀਵਨ ਜਾਂਚ ਤੇ ਪਹਿਰਾ ਦੇ ਰਹੀ ਸੀ ਉਹਦੀ ਕੁਝ ਕੁ ਗਿਣਤੀ ਵਿਚਲੇ ਲਟਕ ਰਹੀ ਸੀ। ਕਾਫੀ ਥੋੜੀ ਗਿਣਤੀ ਦੇ ਮੁੰਡੇ-ਕੁੜੀਆਂ ਅਜਿਹੇ ਵੀ ਸਨ।ਜਿਹੜੇ ਪੂਰੀ ਤਰਾਂ ਗੋਰਿਆ ਵਾਲੀ ਰਹਿਣੀ ਸਹਿਣੀ ਅਪਣਾਉਣ ਤੇ ਜੀਣ ਲੱਗ ਪਏ ਸਨ।ਸਗੋਂ ਗੋਰਿਆ ਦੀ ਅਤਿ ਆਧੁਨਿਕ ਜੀਵਨ ਸ਼ੈਲੀ ਨੂੰ ਭਾਵ ਬਿਨ੍ਹਾਂ ਵਿਆਹ ਕਰਾਇਆ ਜਾਂ ਪਾਰਟਨਰ ਦੇ ਤੌਰ ਤੇ ਰਹਿਣ ਲਈ

ਅੱਡੀਆਂ ਚੁੱਕ ਚੁੱਕ ਜੋਰ ਲਾ ਰਹੇ ਸਨ।ਕਈ ਉਸ ਤੇ ਤੁਰ ਵੀ ਪਏ ਸਨ।ਬੇਸ਼ਕ ਇਨ੍ਹਾਂ (ਉਨ੍ਹਾਂ) ਦੀ ਗਿਣਤੀ ਬਹੁਤ ਹੀ ਘੱਟ ਸੀ।ਉਸ ਗਿਣਤੀ ਦੀ ਪ੍ਰਤੀਨਿਧਤਾ ਇਸ ਨਾਵਲ ਦੀ ਨਾਇਕਾ 'ਨਵਜੋਤ' ਕਰ ਰਹੀ ਹੈ। ਉਸ ਪੀੜੀ ਚੋ ਜਿਹੜੀ ਗਿਣਤੀ ਵਿਚ-ਵਿਚਾਲੇ ਲਟਕ ਰਹੀ ਸੀ,ਉਸਦੀ ਨੁਮਾਇੰਦਗੀ ਨਾਵਲ ਦਾ ਇਕ ਹੋਰ ਪਾਤਰ ਤਲਵਿੰਦਰ ਕਰ ਰਿਹਾ ਹੈ ਤੇ ਬਜੁਰਗਾਂ ਵਾਲੀ ਜੀਵਨ ਸ਼ੈਲੀ ਜੀਵਨ ਜਾਂਚ ਤੇ ਸੁਖਵਿੰਦਰ ਤੇ ਮਨਜੀਤ ਮਾਨ ਪਹਿਰਾ ਦੇ ਰਹੇ ਹਨ।

ਇਸ ਗੱਲ ਤੋਂ ਬਿੰਨ੍ਹਾਂ ਉਨੀ ਦਿਨੀ ਪੱਛਮੀ ਦੁਨੀਆ 'ਚ ਫੈਮਿਲਿਜ਼ਮਦਾ ਵੀ ਕਾਫੀ ਬੋਲ ਬਾਲਾ ਸੀ।ਖਾਸ ਕਰਕੇ ਯੂਨੀਵਰਸਿਟੀਆਂ ਵਿਚ ਨਾਰੀਵਾਦ ਦੀਆਂ ਲੀਡਰ ਔਰਤਾਂ ਮਰਦਾ ਦੇ ਖਿਲਾਫ ਅੱਗ ਲਾਊ ਨਾਅਰੇ ਲਾ ਰਹੀਆਂ ਸਨ ਤੇ ਕਹਿ ਰਹੀਆਂ ਸਨ ਕਿ ਮਰਦ ਔਰਤ ਨੂੰ ਆਪਣੇ ਅੱਗੇ ਪਿੱਛੇ ਪੂਛ ਹਿਲਾਉਣ ਵਾਲੇ ਪਾਲਤੂ ਜਾਨਵਰਾਂ ਤੋਂ ਬਿੰਨ੍ਹਾਂ ਕੁਝ ਨਹੀ ਸਮਝਦਾ ।ਮਰਦ ਦੀ ਨਜਰ ਵਿਚ ਔਰਤ ਬਰਾਬਰ ਦਾ ਮਨੁੱਖ ਨਹੀ ਹੈ, ਸਿਰਫ ਸੈਕਸੂਅਲ ਇੰਜੋਏਮੈਂਟ ਦਾ ਸਾਧਨ ਹੈ।ਇਸ ਤੋਂ ਬਿੰਨ੍ਹਾਂ ਕੁਝ ਵੀ ਨਹੀ।ਜੇ ਕੁਝ ਹੋਰ ਸਮਝਦਾ ਵੀ ਹੈ ਤਾਂ ਉਹ ਹੈ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਸ ਇਸ ਤੋਂ ਬਿੰਨ੍ਹਾ ਔਰਤ ਦੀ ਉਸ ਦੀ ਜਿੰਦਗੀ ਵਿਚ ਕੋਈ ਥਾਂ ਨਹੀ ਹੈ।ਪਰ ਧੀਰ ਨੇ ਇਸ ਨਾਵਲ ਦੇ ਰਾਹੀ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਹੁਣ ਸਮਾ ਬਦਲ ਗਿਆ ਹੈ ਤੇ ਹੁਣ ਔਰਤ ਇਹ ਗੱਲ ਸਾਬਤ ਕਰ ਦੇਵੇ ਕਿ ਉਹ ਮਰਦ ਦੀ ਗੁਲਾਮ ਨਹੀ ਸਗੋਂ ਮਰਦ ਉਸ ਦੇ ਪੈਰ ਚੱਟਣ ਵਾਲਾ ਕੁੱਤਾ ਹੈ ।ਪਰ ਇਹ ਗੱਲ ਸਾਬਿਤ ਕਰਨ ਲਈ ਜਰੂਰੀ ਕਿ ਉਹ ਆਪਣੇ ਆਪਣੇ ਗਲ ਚ ਵਿਆਹ ਦਾ ਪਟਾ ਨਾ ਪਾਵੇ।ਦਰਸਲ ਮਰਦ ਨੇ ਵਿਆਹ ਦੀ ਸੰਸਥਾ ਦੀ ਕਾਂਢ ਕੇਵਲ ਔਰਤ ਨੂੰ ਆਪਣੀ ਗੁਲਾਮ ਬਣਾਈ ਰੱਖਣ ਲਈ ਹੀ ਕੱਢੀ ਸੀ।ਸੋ ਹੁਣ ਇਸਤਰੀ ਨੂੰ ਇਹ ਸੰਸਥਾ ਗਲੀ ਸੜੀ ਸਮਝ ਕੇ ਡਸਟਬਿਨ ਚ ਸੁੱਟ ਦੇਣਾ ਚਾਹੁੰਦੀ ਹੈ।ਜੇਕਰ ਔਰਤ ਨੂੰ ਮਰਦ ਨਾਲ ਰਹਿਣਾ ਚਾਹੀਦਾ ਹੈ ਤਾਂ ਮਰਦ ਦੇ ਬਰਾਬਰ ਦਾ ਹਿੱਸੇਦਾਰ ਬਣ ਕੇ ਆਪਣਾ ਜੀਵਨ ਗੁਜਾਰਨਾ ਚਾਹੀਦਾ ਹੈ ਨਾ ਕਿ ਦੁਜੈਲ ਬਣੇ।ਆਜਾਦ ਰਹੇ ਤੇ ਆਪਣੇ ਕੈਰੀਅਰ ਵੱਲ ਪੂਾ ਧਿਆਨ ਦੇਵੇ ਕਿਉਂਕਿ ਜਦੋ ਤੱਕ ਔਰਤ ਮਰਦ ਨੂੰ ਕੈਰੀਅਰ ਚ ਨਹੀ ਪਛਾੜ ਦਿੰਦੀ ਤਦ ਤੱਕ ਉਹ ਉਸ ਨੂੰ ਹੋਰ ਫੀਲਡਾਂ ਚ ਵੀ ਨਹੀਂ ਸਕਦੀ।ਇਸਤਰੀ ਨੂੰ ਇਹ ਗੱਲ ਹਮੇਸ਼ਾ ਪੱਲੇ ਬੰਨ ਕੇ ਰੱਖਣੀ ਚਾਹੀਦਾ ਹੈ ਕਿ ਮਰਦ ਓਹਦਾ ਵਿਰੋਧੀ ਹੈ, ਟੱਕਰ ਹੈ ਜਿਸਨੂੰ ਉਸ ਨੇ ਪਛਾੜਨਾ ਹੈ।

ਉਨ੍ਹਾਂ ਦੇ ਅਜਿਹੇ ਗਰਮ ਨਾਅਰਿਆ ਤੋਂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਬਹੁਤ ਤੇਜੀ ਨਾਲ ਉਸ ਦੇ ਪ੍ਰਭਾਵ ਵਿਚ ਆ ਰਹੀਆਂ ਸਨ।ਕਿਉਂਕਿ ਗਰਮ ਖੁਨ ਬਹੁਤ ਜਲਦੀ ਪਿਘਲ ਕੇ ਵੀਹ ਤੁਰਦਾ ਹੈ।ਹਰ ਕੋਈ ਆਪਣਾ ਆਪਣਾ ਹਿੱਸਾ ਪਾਉਣ ਲਈ ਬਹੁਤ ਉਤਸ਼ਹਿਤ ਹੋ ਰਹਾ ਸੀ।ਉਹ ਜੋਸ਼ ਵਿਚ ਆ ਕਿ ਆਪਣੀ ਜਿੰਦਗੀ ਵਿਚ ਵਿਆਹ ਵਰਗੀ ਚੀਜ਼ ਨੂੰ ਹਮੇਸ਼ਾ ਲਈ ਤਿਆਗ ਕਰਨ ਲਈ ਤਿਆਰ ਹੋ ਗਏ ਸਨ।ਜਿਸ ਵਿਚ ਨਵਜੋਤ ਵੀ ਸ਼ਾਮਿਲ ਸੀ।ਇਧਰ ਉਹ ਆਪਣਾ ਵਿਚਾਰ ਭਾਵ ਇਰਾਦਾ ਬਣਾ ਚੁੱਕੀ ਸੀ ਕਿ ਵਿਆਹ ਨਹੀ

ਕਰਾਵੇ ਗੀ ਤੇ ਉਧਰ ਉਸ ਦੇ ਘਰ ਦੇ ਉਸ ਦੇ ਲਈ ਰਿਸ਼ਤਾ ਲੱਭਣ ਲੱਗੇ ਪਏ ਸਨ।ਘਰ ਦੇ ਜਿਹੜਾ ਵੀ ਮੁੰਡਾ ਉਸ ਲਈ ਲੱਭਦੇ ਸਨ,ਉਹ ਉਸ ਨੂੰ ਕਿਸੇ ਨਾ ਕਿਸੇ ਬਹਾਨੇ ਟਰਕਾ ਦਿੰਦੀ ਸੀ।ਇਹ ਹੀ ਗੱਲ ਤਲਵਿੰਦਰ ਤੇ ਉਸ ਦੇ ਵਿਚ ਵਾਪਰੀ ਸੀ।

ਜਦੋਂ ਉਸ ਦੇ ਘਰ ਉਸ ਦੇ ਰਿਸ਼ਤੇ ਲਈ ਤਲਵਿੰਦਰ ਨੂੰ ਚੁਣ ਦੇ ਹਨ ਤਾਂ ਨਵਜੋਤ ਨੂੰ ਤਲਵਿੰਦਰ ਤੇ ਤਲਵਿੰਦਰ ਨੂੰ ਨਵਜੋਤ ਪਸੰਦ ਆ ਜਾਦੇ ਹਨ ਪਰ ਪਸੰਦ ਆਣ ਦੇ ਬਾਵਜੂਦ ਵੀ ਨਵਜੋਤ ਤਲਵਿੰਦਰ ਨਾਲ ਵਿਆਹ ਲਈ ਤਿਆਰ ਨਹੀ ਹੁੰਦੀ ਪਰ ਉਸ ਨੂੰ ਛੱਡਣਾ ਵੀ ਨਹੀ ਚਾਹੁੰਦੀ ਸੀ ਜਿਸ ਕਾਰਣ ਉਹ ਉਸ ਨਾਲ ਪਾਰਟਨਰ ਦੇ ਤੌਂਰ ਤੇ ਰਹਿਣਾ ਚਾਹੁੰਦੀ ਸੀ। ਤਲਵਿੰਦਰ ਨੂੰ ਵੀ ਨਵਜੋਤ ਪਸੰਦ ਸੀ ਉਹ ਵੀ ਤੇ ਉਹ ਵੀ ਉਸ ਨੂੰ ਛੱਡਣਾ ਨਹੀ ਸੀ ਚਾਹੁੰਦਾ ਜਿਸ ਕਰਕੇ ਉਹ ਵੀ ਉਸ ਨਾਲ ਦੋਸਤੀ ਕਰਨ ਲਈ ਮਨ ਜਾਦਾ ਹੈ।ਪਰ ਥੋੜੇ ਹੀ ਸਮੇ ਵਿਚ ਇਹ ਦੋਸਤੀ ਪਾਰਟਨਰਸ਼ਿਪ ਚ ਬਦਲ ਜਾਦੀ ਹੈ।ਤਲਵਿੰਦਰ ਤੋਂ ਪਹਿਲਾ ਜਾਹਨ-ਕੀਥ ਉਸ ਦੀ ਜਿੰਦਗੀ ਵਿਚ ਆ ਚੁੱਕਾ ਸੀ।ਉਹ ਦੋਵੇਂ ਯੂਨੀਵਰਸਿਟੀ ਤੋਂ ਹੀ ਦੋਸਤ ਸਨ।ਇਸ ਤਰ੍ਹਾਂ ਨਵਜੋਤ ਦੀ ਜਿੰਦਗੀ ਜਾਹਨ-ਕੀਥ ਤੇ ਤਲਵਿੰਦਰ ਦੇ ਵਿਚਕਾਰ ਲਟਕਣ ਲਗ ਪਈ।ਇਸ ਰਿਸ਼ਤੇ ਨੂੰ ਨਾ ਕਰਕੇ ਨਵਜੋਤ ਵਾਪਿਸ ਮਾਨਚੈਸਟਰ ਆ ਜਾਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਅਗਰ ਘਰ ਜਿਆਦਾ ਸਮਾਂ ਰਹੀ ਤਾਂ ਉਸ ਦੇ ਘਰ ਦਿਆਂ ਨੇ ਉਸ ਤੋਂ ਨਾਂਹ ਦਾ ਕਾਰਨ ਪੁੱਛਣਾ ਹੈ।ਇਸ ਘਟਨਾ ਨੇ ਉਸ ਦੇਘਰਦਿਆਂ ਨੂੰ ਬਹੁਤ ਤਕਲੀਫ ਦਿੱਤੀ ਸੀ ।

ਜਦੋਂ ਉਹ ਇਕ ਦਿਨ ਕੰਮ ਤੇ ਹੁੰਦੀ ਹੈ ਤਾਂ ਅਚਾਨਕ ਉਸ ਨੂੰ ਫੂਨ ਆ ਜਾਦਾ ਹੈ ਕਿਉਂਕਿ ਜਦੋਂ ਉਹ ਦੋਸਤੀ ਲਈ ਮੰਨੇ ਸਨ ਤਾਂ ਉਨ੍ਹਾਂ ਨੇ ਆਪੋ ਆਪਣੇ ਫੂਨ ਨੰਬਰ ਇਕ ਦੂਜੇ ਨੂੰ ਦੱਸ ਦਿੱਤੇ ਸਨ। ਜਿਸ ਕਾਰਨ ਦੋਨ੍ਹਾ ਨੇ ਆਪਣੀ ਦੋਸਤੀ ਨੂੰ ਅੱਗੇ ਵਧਾਉਣ ਦਾ ਫੇਸਲਾ ਕਰ ਲਿਆ ਸੀ। ਨਵਜੋਤ ਵੀ ਉਸ ਆਪਣੇ ਘਰ ਆਉਣ ਦੀ ਇਜਾਜਤ ਦੇ ਦਿੰਦੀ ਹੈ।ਉਹ ਗਰ ਆ ਕਿ ਉਸ ਦੇ ਆਉਣ ਦੀ ਉਡੀਕ ਕਰਦੀ ਹੈ।ਉਸ ਦੇ ਆਉਣ ਤੇ ਉਹ ਰਸਮੀ ਤੋਰ ਤੇ ਮਿਲਦੀ ਹੈ ਤੇ ਉਸ ਨਾਲ ਗਲਾਂ ਕਰਦੀ ਹੈ।ਉਹ ਇਕ ਦੂਜੇ ਨਾਲ ਗਲ ਕਰਨ ਵਿਚ ਕੋਈ ਝਿਜਕ ਨਹੀ ਮਹਿਸੂਸ ਕਰਦੇ। ਥੋੜੇ ਜਿਹੇ ਸਮਾਂ ਵਿਚ ਹੀ ਉਹ ਇਕ ਦੂਜੇ ਦੇ ਇੰਨੇ ਜਿਆਦਾ ਨੇੜੇ ਆ ਜਾਦੇ ਹਨ ਕਿ ਉਹ ਸਾਰੇ ਹੱਦ ਬੰਨੇ ਟੱਪ ਜਾਦੇ ਹਨ।

ਇਸ ਕਰਮ ਤੋਂ ਬਾਅਦ ਉਹ ਖਾਣਾ ਖਾਦੇ ਹਨ ਤੇ ਵਾਇਨ ਪੀਦੇ ਹਨ ਜਿਸ ਦਾ ਖਰਚਾ ਉਹ ਅੱਧਾ ਅੱਧਾ ਕਰਦੇ ਹਨ। ਉਸ ਰਾਤ ਤੋਂ ਬਾਅਦ ਉਹ ਹਰ ਹਫਤੇ ਮਿਲਦੇ ਹਨ ਤੇ ਹਰ ਹਫਤੇ ਉਹ ਇਹੀ ਕਰਮ ਕਰਦੇ ਹਨ ਤੇ ਜੋ ਵੀ ਉਨ੍ਹਾਂ ਦਾ ਖਰਚਾ ਹੁੰਦਾ ਹੈ ਉਹ ਆਪਸ ਵਿਚ ਵੰਡ ਲੈਦੇ ਹਨ।ਕਦੇ ਨਵਜੋਤ ਤਲਵਿੰਦਰ ਕੋਲ ਚਲੀ ਜਾਦੀ ਤੇ ਕਦੇ ਤਲਵਿੰਦਰ ਉਸ ਕੋਲ ਆ ਜਾਦਾ।ਹੁਣ ਉਹ ਇਕ ਦੂਜੇ ਨੂੰ ਸਿਰਫ ਪਸੰਦ ਹੀ ਨਹੀ ਕਰਦੇ ਸਗੋਂ ਇਕ ਦੂਜੇ

ਨੂੰ ਕੁਝ ਸਮਝਣ ਲੱਗ ਪਏ ਸਨ।ਤਲਵਿੰਦਰ ਵੀ ਹੁਣ ਆਪਣੇ ਘਰ ਦਿਆ ਨੂੰ ਬਹਾਨੇ ਮਾਰਨ ਲੱਗ ਗਿਆ ਸੀ।ਉਸ ਇਸੇ ਤਰ੍ਹਾ ਨਵਜੋਤ ਨਾਲ ਰਹਿਣਾ ਚਾਹੁੰਦਾ ਸੀ।

ਪਰ ਇਕ ਰਾਤ ਉਹ ਦੋਵੇਂ ਜਦੋ ਪੱਬ ਚ ਜਾਦੇ ਹਨ ਤਾਂ ਉਥੇ ਉਹਨਾਂ ਨੂੰ ਜਾਨ-ਕੀਥ ਮਿਲਦਾ ਹੈ।ਜਦੋਂ ਤਲਵਿੰਦਰ ਕੀਥ ਲਈ ਪੀਣ ਲਈ ਲੈਣ ਜਾਦਾ ਹੈ ਤਾਂ ਤਲਵਿੰਦਰ ਉਨ੍ਹਾਂ ਦੀਆ ਗੱਲਾਂ ਸੁਣ ਲੈਦਾ ਹੈ ਉਸ ਨੂੰ ਸਮਝ ਤਾਂ ਜਿਆਦਾ ਨਹੀ ਲੱਗਦੀ ਪਰ ਉਹ ਸਮਝ ਜਾਂਦਾ ਹੈ ਕਿ ਇੰਨ੍ਹਾਂ ਦੇ ਵਿਚ ਦੋਸਤੀ ਤੋਂ ਜਿਆਦਾ ਕੁਝ ਹੈ ਜਾਂ ਸੀ।ਉਸ ਦੇ ਦਿਮਾਗ ਵਿਚ ਸ਼ੱਕ ਪੈਦਾ ਹੋ ਜਾਂਦੀ ਹੈ। ਘਰ ਵਾਪਿਸ ਆ ਕੇ ਵੀ ਉਹ ਉਸ ਨਾਲ ਸਹੀ ਗੱਲ ਨਹੀ ਕਰਦਾ ਜਿਸ ਕਰਕੇ ਨਵਜੋਤ ਪ੍ਰੇਸ਼ਾਨ ਹੋ ਜਾਂਦੀ ਹੈ। ਪਰ ਤਲਵਿੰਦਰ ਕੁਝ ਪ੍ਰੇਸ਼ਾਨ ਸੀ ਜੋ ਨਵਜੋਤ ਨੂੰ ਜਿਆਦਾ ਤੰਗ ਕਰਦਾ ਹੈ ਉਹ ਇਹ ਸੀ ਕਿ ਕਿਤੇ ਉਸ ਨੂੰ ਉਸ ਦਾ ਅਤੇ ਜਾਨ ਕੀਥ ਦੇ ਸਬੰਧਾ ਬਾਰੇ ਕੁਝ ਪਤਾ ਤਾਂ ਨਹੀ ਲੱਗ ਗਿਆ ਹੈ। ਇਸ ਗੱਲ ਤੋ ਡਰਦੀ ਉਹ ਪੁਛਦੀ ਤਾਂ ਹੈ ਪਰ ਉਹ ਕੁਝ ਨਹੀ ਦੱਸਦਾ।ਕੁਝ ਚਿਰ ਦੀ ਨਰਾਜਗੀ ਤੋ ਪਿਛੋਂ ਉਹ ਫਿਰ ਪਿਆਰ ਦੀ ਕਾਮ-ਕ੍ਰੀੜਾ ਵਿਚ ਜੁੱਟ ਜਾਂਦੇ ਹਨ।ਪਰ ਉਸ ਤੋ ਬਾਅਦ ਵਾਰ ਵਾਰ ਬਲਾਉਂਣ ਤੇ ਵੀ ਉਹ ਉਸ ਨੂੰ ਮਿਲਣ ਨਹੀ ਆਉਂਦਾ।ਉਹ ਆਪਣੇ ਘਰ ਵਾਪਿਸ ਘਰ ਦਿਆ ਨੂੰ ਮਿਲਣ ਚਲਾ ਜਾਦਾ ਹੈ।ਉਥੇ ਉਸ ਦੇ ਘਰ ਦੇ ਉਸ ਦੇ ਲਈ ਇਕ ਪੰਜਾਬਣ ਕੁੜੀ ਦਾ ਰਿਸ਼ਤਾ ਲੱਭਦੇ ਹਨ ਤੇ ਤਲਵਿੰਦਏ ਤੇ ਹਾ ਕਰਨ ਲਈ ਜੋਰ ਪਾਉਦੇ ਹਨ। ਤਲਵਿੰਦਰ ਵੀ ਨਵਜੋਤ ਦੇ ਵਲੋਂ ਟੁੱਟ ਚੁੱਕਾ ਸੀ ਜਿਸ ਕਾਰਨ ਉਹ ਵੀ ਉਸ ਤੋਂ ਪਿੱਛਾ ਛਡਾਉਣਾ ਚਾਹੁੰਦਾ ਸੀ।ਜਿਸ ਕਾਰਨ ਉਹ ਵੀ ਵਿਆਹ ਲਈ ਮੰਨ ਤਾਂ ਗਿਆ ਪਰ ਉਸ ਦੇ ਦਿਲ ਵਿਚ ਅਜੇ ਵੀ ਨਵਜੋਤ ਧੜਕਦੀ ਸੀ। ਉਹ ਅਜੇ ਵੀ ਉਸ ਕੋਲ ਵਾਪਸ ਜਾਣਾ ਚਾਹੁੰਦਾ ਸੀ।ਉਹ ਸੋਚ ਦਾ ਸੀ ਕਿ ਉਸ ਕੁੜੀ ਨੂੰ ਸਭ ਸੱਚ ਦੱਸ ਦੇਵੇ ਤੇ ਵਿਆਹ ਲਈ ਮਨਾ ਕਰ ਦੇਵੇ। ਪਰ ਉਥੇ ਜਾ ਕੇ ਉਸ ਨੂੰ ਕੁੜੀ ਪਸੰਦ ਆ ਜਾਦੀ ਹੈ।ਫਿਰ ਉਹ ਸੋਚਦਾ ਹੈ ਕਿ ਇਸ ਗੱਲ ਵਿਚ ਇਸ ਕੁੜੀ ਦਾ ਕੀ ਕਸੂਰ ਆ ਉਸ ਦੀ ਗਲਤੀ ਦੀ ਸਜਾ ਉਸ ਕੁੜੀ ਨੂੰ ਕਿਉਂ ਮਿਲੇ। ਵੇਸੇ ਤਲਵਿੰਦਰ ਨੂੰ ਕੁੜੀ ਪਸੰਦ ਆ ਗਈ ਸੀ।ਉਹ ਰਿਸ਼ਤੇ ਲਈ ਹਾ ਕਰਕੇ ਵਾਪਿਸਆਪਣੇ ਕੰਮ ਤੇ ਆ ਗਿਆ। ਨਵਜੋਤ ਦਾ ਫੋਨ ਆਉਣ ਤੇ ਉਹ ਉਸ ਨੂੰ ਕਹਿੰਦਾ ਕਿ ਉਸ ਨੂੰ ਹੁਣ ਫੋਨ ਨਾ ਕਰਿਆ ਕਰੇ ਕਿਉਂਕਿ ਉਸ ਦਾ ਰਿਸ਼ਤਾ ਹੋ ਗਿਆ ਹੈ ਤੇ ਉਹ ਹੁਣ ਉਸ ਦਾ ਹੋ ਕੇ ਰਹਿਣਾ ਚਾਹੁੰਦਾ ਸੀ।ਗੁੱਸੇ ਵਿਚ ਨਵਜੋਤ ਨੇ ਦੱਸ ਦਿੱਤਾ ਕਿ ਉਹ ਉਸ ਦੇ ਬੱਚੇ ਦੀ ਮਾਂ ਬਣ ਵਾਲੀ ਹੈ।ਇਹ ਸੁਣ ਕੇ ਉਸ ਦੇ ਮਨ ਚ ਨਵਜੋਤ ਲਈ ਪਿਆਰ ਤਾਂ ਆਉਦਾ ਹੈ ਪਰ ਨਾਲ ਦੀ ਨਾਲ ਉਸ ਦੇ ਦਿਮਾਗ ਚ ਆ ਜਾਂਦਾ ਹੈ ਕਿ ਉਸ ਦੇ ਤਾਂ ਜਾਨ ਨਾਲ ਵੀ ਇਹੋ ਜਿਹੇ ਸਬੰਧ ਸਨ ਜਾਂ ਹਨ ਕੀ ਪਤਾ ਇਹ ਬੱਚਾ ਕਿਸ ਦਾ ਹੈ। ਇਕ ਵਾਰ ਤਾਂ ਉਸ ਨੂੰ ਲੱਗਦਾ ਕਿ ਇਹ ਬੱਚਾ ਉਸ ਦਾ ਹੀ ਹੈ ਪਰ ਦੂਜੇ ਪਾਸੇ ਉਸ ਨੂੰ ਅਜਿਹਾ ਨਹੀਂ ਲੱਗਦਾ।ਉਹ ਦੁਵਿਧਾ ਚ ਫੱਸ ਜਾਂਦਾ ਹੈ ਕਿ ਨਵਜੋਤ ਜੋ ਕਹਿ ਰਹੀ ਹੈ ਉਹ ਸਹੀ ਹੈ ਜਾ ਗਲਤ।ਉਹ ਜਾਣਾ ਚਾਹੁੰਦਾ ਹੈ ਉਸ ਕੋਲ ਪਰ ਜਾਂ ਨਹੀ ਸਕਿਆ।

ਕੁੱਝ ਸਮੇਂ ਬਾਅਦ ਫਿਰ ਜਾਹਨ ਕੀਥ ਉਸ ਦੀ ਜ਼ਿੰਦਗੀ ਚ ਵਾਪਿਸ ਆ ਜਾਂਦਾ ਹੈ ਉਹ ਉਸ ਦੀ ਉਸ ਸਮੇਂ ਵਿਚ ਮਦਦ ਕਰਦਾ ਹੈ। ਜਦੋਂਉਸ ਨੂੰ ਤਲਵਿੰਦਰ ਜਾਂ ਕਿਸੇ ਆਪਣੇ ਦੀ ਲੋੜ ਸੀ ਕਿਉਂਕਿ ਉਸ ਦਾ ਬਰਫ਼ ਤੋਂ ਤਿਲਕਜਾਣ ਕਾਰਨ ਗਰਭਪਾਤ ਹੋ ਜਾਂਦਾ ਹੈ ਤੇ ਉਹ ਉਸ ਮੌਕੇ ਜਾਨ ਉਸ ਦੇ ਨਾਲ ਸੀ ਜਿਸ ਕਰਕੇ ਉਹ ਉਸ ਦੀ ਦਿਨ ਰਾਤ ਸੇਵਾ ਕਰਦਾ ਹੈ।ਉਸ ਦੀ ਇਹ ਸੇਵਾ ਦੇਖ ਕੇ ਉਸ ਦਾ ਮਨ ਫਿਰ ਤੋਂ ਜਾਹਨ ਕੀਥ ਨਾਲ ਮਿਲ ਜਾਂਦਾ ਹੈ ਤੇ ਉਹ ਉਸ ਨਾਲ ਦਿਲੋ ਇਸ ਪਾਰਟਨਰਸ਼ਿਪ ਲਈ ਮਨ ਜਾਂਦੀ ਹੈ ਤੇ ਉਸ ਦੇ ਨਾਲ ਪੱਕੇ ਤੋਰ ਤੇ ਉਸ ਦੇ ਨਾਲ ਰਹਿਣ ਲੱਗ ਜਾਂਦੀ ਹੈ ਤੇ ਜਾਨ ਵੀ ਆਪਣਾ ਘਰ ਵੇਚ ਕੇ ਉਸ ਦੇ ਨਾਲ ਹੀ ਰਹਿਣ ਲੱਗ ਜਾਂਦਾ ਹੈ।

ਉਹ ਇਕੱਠੇ ਰਹਿ ਰਹੇ ਸਨ ਕਿ ਇਕ ਦਿਨ ਅਚਾਨਕ ਹੀ ਨਵਜੋਤ ਦੀ ਮਾਂ ਉਸ ਨੂੰ ਮਿਲਣ ਆਉਂਦੀ ਹੈ।ਉਹ ਜਾਨ ਦੁਆਰ ਖੋਲੇ ਗਏ ਦਰਵਾਜੇ ਦੇ ਕਾਰਨ ਉਹ ਤੇ ਉਸ ਦੁਆਰਾ ਉਸ ਦੀ ਆਓ ਭਗਤ ਕਰਨ ਦੇ ਕਾਰਨ ਬਹੁਤ ਹੈਰਾਨ ਹੁੰਦੀ ਉਹ ਸੋਚਦੀ ਹੈ ਕਿ ਇਹ ਹੀ ਉਹ ਆਦਮੀ ਹੈ ਜਿਸ ਨੇ ਮੇਰੀ ਧੀ ਦੀ ਜਿੰਦਗੀ ਖਰਾਬ ਕੀਤੀ ਹੈ ਕਿਉਂਕਿ ਉਸ ਨੂੰ ਪਤਾ ਲੱਗ ਜਾਦਾ ਹੈ ਕਿ ਨਵਜੋਤ ਦਾ ਗਰਭਪਾਤ ਹੋਇਆ ਹੈ ਪਰ ਉਸ ਨੂੰ ਆਪਣੀ ਧੀ ਤੇ ਬਹੁਤ ਯਕੀਨ ਸੀ ਜਿਸ ਕਾਰਨ ਉਹ ਇਸ ਗੱਲ ਨੂੰ ਨਕਾਰਨ ਲਈ ਉਸ ਨੂੰ ਮਿਲਣ ਗਈ ਸੀ।ਪਰ ਨਵਜੋਤ ਦੇ ਸਰੀਰ ਵਿਚੋਂ ਆ ਰਹੀ ਜਣੇਪਾ ਮਹਿਕ ਬਿਨਾਂ ਪੁੱਛੇ ਉਸ ਨੂੰ ਹਰ ਗੱਲ ਦਾ ਜਵਾਬ ਦੇ ਦਿੰਦੀ ਹੈ। ਜਿਸ ਕਾਰਨ ਉਹ ਗੁੱਸੇ ਵਿਚ ਆ ਉਸ ਨੂੰ ਚੰਗਾ ਮੰਦਾ ਬੋਲਣ ਲੱਗ ਜਾਂਦੀ ਹੈ।ਨਵਜੋਤ ਜਦੋਂ ਇਸ ਦੱਲ ਤੋ ਇਨਕਾਰ ਕਰਦੀ ਹੈ ਤੇ ਕਹਿੰਦੀ ਕਿ ਉਸ ਨੂੰ ਸਭ ਪਤਾ ਹੈ ਕੁਝ ਵੀ ਹੁਣ ਲਕੋਣ ਦੀ ਲੋੜ ਨਹੀ ਹੈ। ਨਵਜੋਤ ਉਸ ਨੂੰ ਨਾ ਬੋਲਣ ਲਈ ਕਹਿੰਦੀ ਹੈ ਪਰ ਉਸ ਦਾ ਗੁੱਸਾ ਤਾਂ ਵੱਧਦਾ ਹੀ ਜਾਂ ਰਿਹਾ ਸੀ।ਜਿਸ ਤੋਂ ਅੱਕ ਕੇ ਉਹ ਆਪਣੀ ਮਾਂ ਨੂੰ ਘਰੋਂ ਬਾਹਰ ਨਿਕਲਣ ਲਈ ਕਹਿੰਦੀ ਹੈ।ਇਕ ਦਮ ਧੀ ਦੇ ਮੂੰਹ ਤੋਂ ਇਹ ਗਲ ਸੁਣ ਕੇ ਉਹ ਤਾਂ ਸੁੰਨ ਹੋ ਜਾਂਦੀ ਹੈ।ਉਸ ਨੂੰ ਕੁਝ ਸਮਝ ਨਹੀ ਆਉਂਦੀ ਕਿ ਉਹ ਕੀ ਕਰੇ।ਉਸ ਨੂੰ ਅਪਣਾ ਆਲਾ-ਦੁਆਲਾ ਸਭ ਕੁਝ ਹੀ ਘੁੰਮਦਾ ਦਾ ਨਜ਼ਰ ਆ ਰਿਹਾ ਸੀ।ਪਰ ਨਵਜੋਤ ਲਗਾਤਾਰ ਉਸ ਨੂੰ ਘਰੋ ਬਾਹਰ ਜਾਣ ਲਈ ਕਹਿ ਰਹੀ ਦੀ ਪਰ ਉਸ ਨੂੰ ਉਸ ਦੀ ਕੋਈ ਵੀ ਗੱਲ ਸਮਝ ਨਹੀ ਸੀ ਆ ਰਹੀ।ਪਰ ਅੰਤ ਉਹ ਉੱਠਕੇ ਉਸ ਦੇ ਘਰ ਤੋਂ ਬਾਹਰ ਆ ਗਈ ਸੀ ਪਰ ਉਸ ਨੂੰ ਇਸ ਲੱਗ ਰਿਹਾ ਸੀ ਕਿ ਜਿਵੇਂ ਕਿ ਉਸ ਦੇ ਸਰੀਰ ਵਿਚ ਸਾਹ-ਸੱਤ ਹੀ ਨਾ ਰਿਹਾ ਹੋਵੇ।ਉਸ ਨੂੰ ਹੁਣ ਗੋਰਿਆ ਨਾਲ ਹੋਰ ਵੀ ਨਫ਼ਰਤ ਹੋ ਗਈ ਸੀ।ਘਰ ਆ ਕੇ ੳਹ ਬਹੁਤ ਰੋਂਦੀ ਹੈ।

ਨਵਜੋਤ ਤੇ ਜਾਨ ਕੀਥ ਹੁਣ ਆਪਣੀ ਜ਼ਿੰਦਗੀ ਜਿਉਂਦੇ ਸਨ।ਉਹ ਇਕੱਠੇ ਕੰਮਤੇ ਜਾਂਦੇ ਅਤੇ ਇਕੱਠੇ ਆ ਕੇ ਘਰ ਦਾ ਕੰਮ ਕਰਦੇ ਸਨ।ਇਦਾ ਹੀ ਉਨ੍ਹਾਂ ਨੂੰ ਇਕੱਠਿਆ ਰਹਿੰਦੇ ਹੋਏ ਕਾਫ਼ੀ ਸਮਾਂ ਹੋ ਗਿਆ ਸੀ। ਨਵਜੋਤ ਫਿਰ ਦੋਬਾਰਾ ਪਰੇਗਨਟ ਹੋ ਜਾਂਦੀ ਹੈ। ਉਸ ਦੇ ਨਾਲ ਕੰਮ ਕਰਦੀਆਂ ਔਰਤਾਂ ਉਸ ਦੇ ਵੱਧ ਰਹੇ ਪੇਟ ਵੱਲ ਦੇਖ

ਕੇ ਬਹੁਤ ਗੱਲਾਂ ਕਰਦੀਆਂ ਹਨ। ਉਸ ਨੂੰ ਬਹੁਤ ਚੰਗਾ ਮਾੜਾ ਵੀ ਬੋਲਦੀਆਂ ਹਨ ਪਰ ਉਹ ਕਿਸੇ ਦੀ ਕੋਈ ਵੱਲ ਧਿਆਨ ਨਹੀਂ ਦਿੰਦੀ ਬਸ ਆਪਣੇ ਕੰਮ ਵੱਲ ਧਿਆਨ ਦਿੰਦੀ ਹੈ।

ਇਕ ਦਿਨ ਅਚਾਨਕ ਖਬਰ ਆਉਂਦੀ ਹੈ ਟੀ.ਵੀ. ਤੇ ਕਿ ਇਕ ਆਦਮੀ ਦਾ ਐਕਸੀਡੇਟ ਹੋ ਗਿਆ ਹੈ। ਨਿਸ਼ਾਨੀਆ ਤੋਂ ਨਵਜੋਤ ਅਦਾਜਾ ਲਗਾਉਂਦੀ ਹੈ ਕਿ ਗੱਡੀ ਤਾਂ ਜਾਨ ਕੀਥ ਦੀ ਹੈ ਘਟਨਾ ਦੀ ਪੂਰੀ ਜਾਣਕਾਰੀ ਦਾ ਵੇਰਵਾ ਲੈਣ ਤੋਂ ਬਾਅਦ ਜਦੋ ਉਸ ਦਾ ਸ਼ੱਕ ਪੱਕਾ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੀ ਦੁਨੀਆ ਘੁੰਮਦੀ ਹੋਈ ਨਜ਼ਰ ਆਈ ਕਿਉਂਕਿ ਕੀਥ ਤੋਂ ਬਿਨਾਂ ਉਸ ਦਾ ਕੋਈ ਵੀ ਸਹਾਰਾ ਨਹੀਂ ਸੀ।

ਉਸ ਦਾ ਕਾਨੂੰਨੀ ਤੇ ਜਾਨ ਨਾਲ ਕੋਈ ਸਬੰਧ ਨਹੀ ਸੀ ਜਿਸ ਕਾਰਨ ਉਹ ਉਸ ਦਾ ਸੰਸਕਾਰ ਨਹੀ ਕਰ ਸਕੀ।ਉਸ ਦੀ ਮੌਤ ਦੇ ਪੰਜ ਮਹੀਨਿਆ ਬਾਅਦ ਨਵਜੋਤ ਦੇ ਘਰ ਬੇਟੀ ਦਾ ਜਨਮ ਹੋਇਆ।ਉਹ ਨਾ ਅੰਗਰੇਜ਼ ਸੀ ਤੇ ਨਾ ਹੀ ਭਾਰਤੀ ਦੋਨਾ ਸੱਭਿਆਚਾਰਾ ਦੀ ਸਾਂਝ ਹੋਣ ਕਾਰਨ ਉਹ ਉਸ ਦਾ ਨਾਂ ਵਾਰਿਸ ਰੱਖਦੀ ਹੈ।

ਉਸ ਦੀ ਬੇਟੀ ਅਜੇ ਕੁਝ ਹੀ ਸਮੇ ਦੀ ਹੁੰਦੀ ਹੈ ਕਿ ਉਹ ਇਕ ਦਿਨ ਸਟੋਰ ਵਿਚੋ ਸਮਾਨ ਖਰੀਦ ਦੀ ਹੈ ਤਾਂ ਉਸ ਨੂੰ ਆਪਣੀ ਇਕ ਪੁਰਾਣੀ ਦੋਸਤ ਤੋ ਇਹ ਪਤਾ ਲੱਗਦਾ ਹੈ ਕਿ ਕੁਝ ਦਿਨ ਪਹਿਲਾ ਉਸ ਦੇ ਪਿਤਾ ਦੀ ਮੋਤ ਮਸ਼ੀਨ ਵਿਚ ਆ ਜਾਣ ਕਾਰਨ ਹੋ ਗਈ ਹੈ ਇਹ ਖ਼ਬਰ ਸੁਣ ਕੇ ਉਹ ਇਕ ਦਮ ਸੁੰਨ ਹੋ ਜਾਦੀ ਹੈ।ਉਹ ਮਨ ਹੀ ਮਨ ਇਹ ਸੋਚਦੀ ਹੈ ਕਿ ਉਹ ਆਪਣੇ ਪਿਤਾ ਦੇ ਦਾਗਾ ਤੇ ਜਾਵੇ ਕੇ ਨਾ।ਉਹ ਫਿਰ ਵਿਚਾਰ ਕਰਦੀ ਹੈ ਕਿ ਉਸ ਨੂੰ ਜਾਣਾ ਚਾਹੀਦਾ ਹੈ।ਉਹ ਮਿੱਥੇ ਦਿਨ ਤੇ ਇਕ ਫੁੱਲਾ ਦਾ ਗੁਲਦਸਤਾ ਲੈਂਦੀ ਹੈ ਤੇ ਵਾਰਿਸ ਨੂੰ ਗੱਡੀ ਚ ਬਿਠਾਉਂਦੀ ਹੈ ਤੇ ਆਪਣੇ ਘਰ ਚਲੀ ਜਾਦੀ ਹੈ। ਪਰ ਉਸ ਦਾ ਚਾਚਾ ਉਸ ਨੂੰ ਬਹੁਤ ਚੰਗਾ ਮਾੜਾ ਕਹਿੰਦਾ ਹੈ।ਉਹ ਤਾ ਉਸ ਨੂੰ ਉਸ ਦੇ ਪਿਤਾ ਦਾ ਮੂੰਹ ਵੀ ਨਹੀ ਸੀ ਦੇਖਣ ਦਿੱਤਾ।ਉਹ ਆਪਣੇ ਭਰਾ ਵੱਲ ਬਹੁਤ ਤਰਸ ਭਰੀਆ ਨਜ਼ਰਾ ਨਾਲ ਦੇਖਦੀ ਹੈ ਪਰ ਉਹ ਵੀ ਆਪਣੀ ਬੇਬਸੀ ਬਿਆਨ ਕਰਦਾ ਹੈ ਤੇ ਅੱਖਾ ਚੁਰਾ ਲੈਦਾ ਹੈ।ਉਹ ਬਹੁਤ ਰੋਦੀ ਹੈ ਪਰ ਕੋਈ ਵੀ ਉਸ ਦੀ ਗੱਲ ਨਹੀ ਸੁਣਦਾ ਤੇ ਉਸ ਨੂੰ ਅਤਿੰਮ ਦਰਸ਼ਨ ਵੀ ਨਹੀ ਕਰਨ ਦਿੱਤੇ।ਉਹ ਆਪਣੀ ਮਾਂ ਨੂੰ ਮਿਲਣਾ ਚਾਹੁੰਦੀ ਸੀ ਪਰ ਫਿਰ ਵੀ ਸੋਚਦੀ ਹੈ ਕਿ ਉਸ ਨੇ ਵੀ ਉਸ ਦਾ ਮੂੰਹ ਨਹੀ ਦੇਖਣਾ ਇਸ ਕਰਕੇ ਉਹ ਉਸ ਕੋਲ ਨਹੀ ਜਾਂਦੀ ਹੈ। ਉਹ ਬਿਨ੍ਹਾਂ ਕਿਸ ਨੂੰ ਮਿਲੇ ਵਾਪਿਸ ਬਾਹਰ ਆਉਦੀ ਹੈ ਤੇ ਵਾਰਿਸ ਨੂੰ ਗੱਡੀ ਚ ਬਿਠਾ ਕੇ ਸੀਟ ਬੇਲੱਟ ਬੰਨਦੀ ਹੈ ਤੇ ਵਾਪਿਸ ਮਾਨਚੈਸਟਰ ਨੂੰ ਚੱਲ ਪੈਦੀ ਹੈ।

ਦਰਸ਼ਨ ਸਿੰਘ ਧੀਰ ਦੇ ਨਾਵਲ ਬਾਰੇ ਵੱਖ ਵੱਖ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਹਨ ਜਿਵੇਂ ਉਦਾਹਰਨ ਲਈ ਡਾ. ਧੰਨਵੰਤ ਕੌਰ (ਡਾ. ਜਗਬੀਰ ਸਿੰਘ ਅਤੇ ਡਾ. ਬਲਕਾਰ ਸਿੰਘ ਦੁਆਰਾ ਸੰਪਾਦਿਤ ਪੁਸਤਕ, ਦਰਸ਼ਨ ਸਿੰਘ ਧੀਰ ਦੀ ਨਾਵਲ ਚੇਤਨਾ ) ਵਿਚਾਲੇ ਵਿਸ਼ਲੇਸ਼ਣਾਤਮਿਕ ਆਰਟੀਕਲ 'ਔਰਤ

ਸੁਤੰਤਰਤਾ ਦੇ': ਪੈੜਾਂ ਦੇ ਆਰ ਪਾਰ ਵਿਚ ਲਿਖਦੀ ਹੈ।[9]( ਜਿਸ ਨੂੰ ਧੀਰ ਨੇ ਆਪਣੀ ਸਵੈ ਜੀਵਨੀ ਪੂਰਬ ਪੱਛਮ ਦੀ ਕਮਾਈ ਵਿਚ ਦਰਜ ਕੀਤਾ ਹੈ)।

ਦਰਸ਼ਨ ਸਿੰਘ ਧੀਰ ਚਰਿਤ ਨਵਾਂ ਨਾਵਲ ਔਰਤ ਦੀ ਸੁਤੰਤਰਤਾ ਦੇ ਸੰਭਵ ਵਿਕਲਪਾਂ ਦੇ ਸਨਮੁੱਖ ਹੋਣ ਵਾਲਾ ਪੰਜਾਬੀ ਦਾ ਪਹਿਲਾ ਵਿਚਾਰਨਯੋਗ ਨਾਵਲ ਹੈ। 'ਪੈੜਾਂ ਦੇ ਆਰ ਪਾਰ' ਨਾਵਲ ਦਾ ਸਮੁੱਚਾ ਬਿਰਤਾਂਤ ਪਾਸਾਰ ਔਰਤ ਸੁਤੰਤਰ ਹੋਂਦ ਦੇ ਵਿਚਾਰਧਾਰਕ ਪ੍ਰਤਿਮਾਨ ਨੂੰ ਸਿੱਧੇ ਤੇ ਸੁਚੇਤ ਰੂਪ ਚ ਰਚਨਾਤਮਿਕਤਾ ਦਾ ਆਧਾਰ ਬਣਾਉਂਦਾ ਹੈ।ਔਰਤ ਦੀ ਸੁਤੰਤਰ ਹੋਂਦ ਦਾ ਸੰਕਲਪ, ਔਰਤ ਦੇ ਉਥਾਨ, ਔਰਤ ਦੇ ਵਗਾਰ ਅਤੇ ਔਰਤ ਦੀ ਸੰਪੂਰਨ ਆਜ਼ਦੀ ਲਈ ਹੋਂਦ ਵਿਚ ਆਏ ਨਾਰੀਵਾਦ ਅੰਦੋਲਨਦੀ ਦੇਣ ਹੈ। ਇਸ ਨਾਵਲ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੀ ਨਾਇਕਾ ਇਸ ਸਥਾਪਿਤ ਪ੍ਰਵਾਣਿਤ ਅਰਯਾਦਿਤ ਸਮਾਜਿਕ ਪ੍ਰੰਬਧ ਦੇ ਸਮਾਨਾਂਤਰ ਆਪਣਾ ਇਕ ਬਦਲਵਾਂ ਪੈਰਾਡਾਈਮ ਸਿਰਜਣਾ ਚਾਹੁੰਦੀ ਹੈ। ਉਹ ਮਰਦ ਔਰਤ ਸਬੰਧਾ ਨੂੰ ਨਿਗੇਟ ਕਰਨ ਦੀ ਥਾਂ ਮਰਦ ਔਰਤ ਦੀ ਖੁੱਲ੍ਹੀ ਸਹਿਹੋਂਦ ਦਾ ਇਕ ਨਵਾ ਮਾਡਲ ਸਿਰਜਣ ਦੇ ਆਹਰ ਵਿਚ ਹੈ।ਇਹ ਮਾਡਲ ਜ਼ਿੰਦਗੀ ਦੇ ਹਰ ਖੇਤਰ ਵਿਚ ਬਰਾਬਰ ਦੀ ਹਿੱਸੇਦਾਰੀ ਦਾ ਮਾਡਲ ਹੈ ਜਿਸ ਨੂੰ ਉਹ 'ਪਾਟਨਰਸ਼ਿਪ' ਦੀ ਜੀਵਲ ਫਿਲਾਸਫੀ ਵਜੋਂ ਪ੍ਰਭਾਸ਼ਿਤ ਕਰਦੀ ਹੈ।ਪਰ ਇਹ ਬਹੁ-ਪਰਤੀ, ਬਹੁ-ਪਸਾਰੀ ਅਤੇ ਬਹੁ-ਸਭਿਆਚਾਰਕ ਸਘੰਰਸ ਨੂੰ ਇਸ ਜੀਵਨ ਫਿਲਾਸਫੀ ਅਤੇ ਜਿਸ ਯੁਕਤ ਰਾਹੀ ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ, ਉਸ ਨੇ ਇਸ ਨਾਵਲ ਵਿਚ  ਇਕ ਵਿਲੱਖਣ ਮੁਹਾਦਰਾ ਪੇਸ਼ ਕੀਤਾ ਹੈ।

ਇਸ ਤਰ੍ਹਾਂ ਪੈੜਾਂ ਦੇ ਆਰ-ਪਾਰ ਨਾਵਲ ਦਾ ਬਿਰਤਾਂਤ ਔਰਤ ਦੀ ਸੁਤੰਤਰ ਹੋਂਦ ਬਾਰੇ ਸੁਚੇਤ ਪ੍ਰਵਚਨ ਹੀ ਨਹੀ ਸਿਰਜਦਾ, ਇਕ ਸੰਘਣੀ ਬੁਣਤੀ ਵਾਲੇ ਕਥਾਨਕ ਵਿਚੋਂ ਇਸ ਵਿਕਲਪ ਦੇ ਬਹੁ-ਇਕ ਪਰਤੀ, ਬਹ-ਪਸਾਰੀ,ਗਲਪਮਿਕ ਬਿੰਬ ਸਿਰਜਦਾ ਹੈ।ਇਹ ਦਰਸ਼ਨ ਧੀਰ ਦੀ ਸਾਵੀਂ ਤੇ ਸੰਤੁਲਿਤ ਸਾਹਿਤ ਸੰਵੇਦਨਾ ਦਾ ਕਮਾਲ ਹੈ ਕਿ ਉਹ ਪ੍ਰਚੱਲਤ ਮਰਯਾਦਾ ਅਤੇ ਸੰਭਾਵੀ ਬਦਲ ਦੋਹਾ ਨੂੰ ਇਕ ਵਿਚਾਰਧਾਰਕ ਵਿੱਥ ਨਾਲ ਪੇਸ਼ ਕਰਦਾ ਹੈ।ਇਹ ਕਾਰਨ ਹੈ ਕਿ ਇਸ ਨਾਵਲ ਦਾ ਵਕਤਾ ਕਿਸੇ ਪਾਤਰ ਦੀ ਧਿਰ ਨਹੀ ਬਣਦਾ। ਉਹ ਕਿਤੇ ਵਿਅੰਗ ਰਾਹੀ, ਕਿਤੇ ਪਾਤਰ ਦੇ ਆਤਮ ਚਾਨਣ ਰਾਹੀ ਅਤੇ ਕਿਤੇ ਸਿੱਧੇ ਪ੍ਰਸ਼ਨ ਰਾਹੀ ਸਥਿਤੀ ਨੂੰ ਪੰਚਰ ਕਰਦਾ ਹੈ। ਔਰਤ/ ਮਰਦ ਸਬੰਧਾ ਵਿਚ ਪਰਿਵਾਰ ਅਤੇ ਵਿਆਹ ਦੀ ਭੂਮਿਕਾ ਨੂੰ ਹੀ ਨਹੀਂ, ਪਾਰਟਨਰ ਸ਼ਿਪ ਵਰਗੇ ਸੰਭਾਵੀ ਪ੍ਰਤਿਬਦਲਾਂ ਨੂੰ ਵੀ ਉਹ ਠੋਸ ਸਮਾਜੀ,ਮਨੱਖੀ ਦ੍ਰਿਸ਼ਟੀਕੋਣ ਤੋਂ ਪਰਖਦਾ ਹੈ।ਉਸ ਲਈ ਔਰਤ ਇਕ ਨਿਰਪੇਖ ਇਕਾਈ ਨਹੀ ਸਗੋਂ ਪ੍ਰਕਿਰਤਕ, ਸਮਾਜਕ ਭਾਈਚਾਰਕ ਵਿਆਕਰਨਿਕ ਵਿਚ ਬੱਝੀ ਇਕ ਸਾਪੇਖ ਹੋਂਦ ਹੈ। ਇਸੇ ਲਈ ਉਹ ਸਮਾਜ ਵਿਚ ਉਭਰਦੇ ਨਵੇਂ ਵਿਰਧੀ ਜਿਵੇਂ ਕੈਰੀਅਰ ਵੂਮੇਨ, ਮੈਰਿਡ ਵੂਮੇਨ,ਪਾਰਟਨਰ/ਪਤੀ,ਆਜ਼ਾਦੀ/ਨਿਰੰਕੁਸ਼ ਖੁੱਲ, ਤ੍ਰਾਸਦੀ ਐਬਸਰਡਿਟੀ, ਮਿੱਤਰਤਾ/ਮਤਲਬ ਆਦਿ ਨੂੰ ਬੜੀ ਸਪੱਸ਼ਟਤਾ ਦੇ ਇਕ ਔਰਤ ਸੁਤੰਤਰਤਾ ਦੇ ਇਕ ਵਿਕਲਪ ਵਜੋਂ ਉਭਰੀ ਪਾਰਟਨਰਸ਼ਿਪ ਦਾ ਪ੍ਰਕਿਰਤਕ,

ਮਨੋਵਿਗਿਆਨਕ,ਸਮਾਜਕ ਅਤੇ ਭਾਈਚਾਰਕ ਰੈਸ਼ਨਲ ਉਧਰ ਭਾਵ ਉਪਰ ਦੱਸੀਪੁਸਤਕ ਵਿਚ ਡਾ. ਸੁਖਬੀਰ ਕੌਰ ਆਪਣੇ ਆਲੋਚਨਾਤਮਿਕ ਲੇਖ 'ਪੈੜਾਂ ਦੇ ਆਰ ਪਾਰ ਦਾ ਸਮੱਸਿਆਕਾਰ ਚ ਲਿਖਦੀ ਹੈ:-

ਅਸਲ ਵਿਚ ਪੀੜੀ ਪਾੜੇ ਦੀ ਖਿੱਚੋਤਾਣ ਸਦਾ ਤੋਂ ਹੀ ਹਰ ਜਾਤੀ ਨਸਲ ਕੋਮ ਤੇ ਖਿੱਤੇ ਵਿਚ ਬਣੀ ਰਹੀ ਹੈ। ਪੀੜੀ ਪਾੜੇ ਵਾਂਗ ਹੀ ਸਾਂਸਕਿਰਤਕ ਵਖਰੇਵੇਂ ਦੀ ਸਮੱਸਿਆ ਵੀ ਸ਼ਕਤੀਸ਼ਾਲੀ ਤੇ ਸਰਬਵਿਆਪੀ ਹੈ। ਪਰਵਾਸੀ ਪੰਜਾਬੀ ਸਾਹਿਤ ਵਿਚ ਉਪਰੋਕਤ ਸਾਮਿਅਕ ਮਸਲਿਆ ਨੂੰ ਆਮ ਤੌਂਰ ਤੇ ਸਤਹੀ ਪੱਧਰ ਤੇ ਨਜਿਠਿਆ ਗਿਆ ਹੈ।ਸਿਰਫ ਇੱਕਾ-ਦੁੱਕਾ ਪਰਵਾਸੀ ਸਾਹਿਤਕਾਰ ਨੇ ਇਨ੍ਹਾਂ ਮਸਲਿਆ ਦੀਆਂ ਜੜ੍ਹਾਂ ਇਤਿਹਾਸਕ ਤੇ ਸੀਭਆਚਾਰਕ ਪ੍ਰਸੰਗਾਂ ਵਿਚ ਤਲਾਸ਼ਣ ਦਾ ਸੁਚੇਤ ਪ੍ਰਯਤਨ ਕੀਤਾ ਹੈ। ਦਰਸ਼ਨ ਸਿੰਘ ਧੀਰ ਇਸੇ ਵਰਗ ਵਿਚ ਆਉਣ ਵਾਲਾ ਗਲਪਕਾਰ ਹੈ।ਉਹ ਸਮੱਸਿਆ ਦੇ ਵਿਭਿੰਨ ਪਾਸਾਰਾਂ ਨੂੰ ਅਪਣੀ ਵਿਸ਼ਲੇਸ਼ਣੀ ਸੂਝ ਨਾਲ ਨਿਖੇੜਦਾ ਅਤੇ ਅਭਿਵਿਅਕਤੀ ਕਰਦਾ ਹੈ।ਆਪਣੀ ਇਸ ਵਿਵੇਕਸ਼ੀਲਤਾ ਦਾ ਸਿੱਟਾ ਉਹ ਦੋਹਾਂ ਸੰਸਕ੍ਰਿਤੀਆਂ ਵਿਚਲੇ ਵਖਰੇਵੇਂ ਦੇ ਬਾਵਜੂਦ ਸੰਤੁਲਣ ਬਣਾਈ ਰੱਖਣ ਵਿਚ ਕਾਮਯਾਬ ਦਿਖਾਈ ਦਿੰਦਾ ਹੈ। ਉਹ ਕਿਧਰੇ ਵੀ ਨਾ ਤਾਂ ਪੱਛਮੀ-ਮੱਲ ਪ੍ਰਬੰਧ ਪ੍ਰਤਿ ਉਲਾਰ ਦ੍ਰਿਸ਼ਟੀਕੋਣ ਅਪਣਾਉਦਾ ਨਜ਼ਰ ਆਉਦਾ ਹੈ ਅਤੇ ਨਾ ਹੀ ਭਾਰਤੀ ਸਾਂਸਕ੍ਰਿਤ ਕਦਰਾਂ ਪ੍ਰਤਿ ਉਪਭਾਵਕਤਾ ਵਾਲਾ ਨਜ਼ਰੀਆ। ਪੈੜਾਂ ਦੇ ਆਰ ਪਾਰ ਬਾਰੇ ਡਾ. ਰਾਜਿੰਦਰ ਸਿੰਘ ਆਪਣੇ ਵਿਸ਼ਲੇਸ਼ਣਾਤਮਕ ਲੇਖ (ਸਮਦਰਸ਼ੀ :ਨਵਾਂ ਪੰਜਾਬੀ ਨਾਵਲ ਵਿਸ਼ੇਸ਼ ਅੰਕ) ਦਰਸ਼ਨ ਸਿੰਘ ਧੀਰ ਦੇ ਨਾਵਲਾਂ ਚ ਪਰਵਾਸ ਅਤੇ ਮੂਲਵਾਸ ਦਾ ਦਵੰਦ ਚ ਲਿਖਦਾ ਹੈ-

"ਨਾਵਲ ਪੈੜਾਂ ਦੇ ਆਰ ਪਾਰ ਉਸਦੇ ਆਰ ਪਾਰ ਉਸਦੇ ਪਹਿਲੇ ਨਾਵਲ ਵਾਂਗ ਪਰਵਾਸੀਆਂ ਦੇ ਪਰਵਾਸੀ ਅਨੁਭਵ ਨੂੰ ਹੀ ਨਹੀਂ ਦਰਸਾਉਦਾ ਸਗੋਂ ਇਹ ਆਵਾਸੀਆਂ ਦੀਆਂ ਸਮੱਸਿਆਵਾਂ ਨੂੰ ਸਮੁਚੇ ਪੰਜਾਬੀ ਸਮਾਜ ਦੇ ਪ੍ਰਸੰਗ ਵਿਚ ਚਿਤਰਦਾ ਹੈ।ਬਹੁਤ ਪਰਵਾਸੀ ਪੰਜਾਬੀ ਨਾਵਲ ਪ੍ਰਵਾਸੀ ਪੰਜਾਬੀ ਸਮਾਜ ਨੂੰ ਬਾਕੀ ਪੱਛਮੀ ਸਮਾਜ ਤੋਂ ਨਿਰਲੇਪ ਰੱਖ ਕੇ ਚਿਤਰਦੇ ਹਨ। ਇਸ ਨਾਵਲ ਵਿਚ ਦੂਜੀ ਪੀੜੀ ਜੋ ਸਭਿਆਚਾਰ ਵਿਲੀਨੀਕਰਨ ਦੀ ਪ੍ਰਕਿਰਿਆ ਵਿਚ ਪੈ ਚੁੱਕੀ ਹੈ ਦੀਆਂ ਸਮੱਸਿਆਵਾਂ ਹਨ ਉਨ੍ਹਾਂ ਨੂੰ ਵੀ ਮਾਨਵੀ ਇਤਿਹਾਸ ਦੇ ਪਰਿਪੇਖ ਵਿਚ ਰੱਖ ਕੇ ਉਘਾੜਿਆ ਹੈ। ਇਸ ਨਾਵਲ ਦੀ ਮੁੱਖ ਪਾਤਰ ਕੇਵਲ ਭਾਰਤੀ ਵਿਆਹ ਸੰਸਥਾ ਤੋਂ ਹੀ ਬਗਾਵਤ ਨਹੀਂ ਕਰਦੀ ਸਗੋਂ ਉਹ ਪੱਛਮੀ ਵਿਆਹ ਸੰਸਥਾ ਤੋਂ ਵੀ ਬਗਾਵਤ ਕਰਦੀ ਹੈ।ਉਸਦੀ ਇਹ ਬਗਾਵਤ ਸਾਰੇ ਪੱਛਮੀ ਸਮਾਜ ਦੀ ਸਮੱਸਿਆ ਨੂੰ ਵੀ ਸਾਮ੍ਹਣੇ ਲੈ ਆਉਦੀ ਹੈ। ਧੀਰ ਦੇ ਇਸ ਨਾਵਲ ਤੋਂ ਇਹ ਵੀ ਪਤਾ ਚੱਲਦਾ ਕਿ ਪਰਵਾਸੀਆਂ ਦੀਆਾਂ ਸਮੱਸਿਆਵਾਂ ਨਿਰੋਲ ਪ੍ਰਵਾਸੀਆਂ ਵਾਲੀਆਂ ਤਾਂ ਹਨ ਹੀ ਸਗੋਂ ਇਸ ਤੋਂ ਵੀ ਅੱਗੇ ਸਮੁੱਚੇ ਮਾਨਵੀ ਸਮਾਜ ਨੂੰ ਪੇਸ਼ ਸੱਮਸਿਆਵਾਂ ਵੀ ਉਸ ਦੀਆਂ ਸੱਮਸਿਅਵਾਂ ਹਨ।"

ਡਾ. ਸੁਖਪਾਲ ਸਿੰਘ ਥਿੰਦ ਆਪਣੇ ਆਲੋਚਨਾਤਮਿਕ ਆਰਟੀਕਲ ਔਰਤ ਦੀ ਸੁਤੰਤਰਤਾ ਬਨਾਮ ਸਿਸਟਮ ਤੇ ਸੰਸਕਾਰਾ ਦੀ ਕਸ਼ਮਕਸ਼: ਪੈੜਾਂ ਦੇ ਆਰ ਪਾਰ (ਸਮਦਰਸ਼ੀ ਅੰਕ -84) ਜਿਸ ਨੂੰ ਧੀਰ ਨੇ ਆਪਣੀ ਸਵੈ ਜੀਵਨੀ ਪੂਰਬ ਅਤੇ ਪੱਛਮ ਦੀ ਕਮਾਈ ਵਿਚ ਪੇਜ਼ ਨੰ. 235 ਵਿਚ ਥਾਂ ਦਿੱਤੀ ਹੈ-

ਦਰਸ਼ਨ ਸਿੰਘ ਧੀਰ ਸਾਡਾ ਕੁਲਵਰਤੀ ਪੰਜਾਬੀ ਸਾਹਿਤਕਾਰ ਹੈ।ਆਪਣੇ ਸਾਹਿਤਕ ਯੋਗਦਾਨ ਕਾਰਨ ਉਹ ਕਿਸੇ ਜਾਣ ਪਛਾਣ ਦਾ ਮੁਹਤਾਜ ਨਹੀ ਹੈ। ਉਸ ਦਾ ਗਲਪ ਪ੍ਰਵਾਸੀ ਜੀਵਨ ਦੇ ਇਸ ਨਾਲ ਜੁੜੇ ਅਣਗਿਣਤ ਮਸਲਿਆਂ ਨੂੰ ਡੂੰਘੇ ਵਿਸ਼ਲੇਸ਼ਣ ਰਾਹੀ ਸਮਝਣ ਤੇ ਸਿਰਜਣ ਦਾ ਅਮਲ ਹੈ।[10] ਉਸ ਵਰਗੇ ਲੇਖਕ ਦੇ ਬਲਬੂਤੇ ਪਰਵਾਸੀ ਪੰਜਾਬੀ ਸਾਹਿਤ ਬਾਰੇ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਆਪਣੇ ਸਿਰਜਣ ਵਿਕਾਸ ਦੇ ਤੌਜੇ ਪੜਾਅ ਤੇ ਪਹੁੰਚ ਗਿਆ ਹੈ। ਦਰਸ਼ਨ ਸਿੰਘ ਧੀਰ ਆਪਣੇ ਇਸ ਨਾਵਲ ਵਿਚ ਪੱਛਮੀ ਸਮਾਜ ਵਿਚ ਪ੍ਰਫੁਲਤ ਹੋਏ ਔਰਤ ਦੀ ਆਜਾਦ ਹਸਤੀ ਦੇ ਵਿਚਾਰ ਦੇ ਪੱਖਾਂ ਨੂੰ ਸਿਰਜਣ ਪ੍ਰਕਿਰਿਆ ਵਿਚ ਪਾਉਂਦਿਆਂ ਪੰਜਾਬੀ ਕੁੜੀ ਨਵਜੋਤ ਵਲੋਂ ਇਸ ਆਦਰਸ਼ ਨੂੰ ਲੇ ਕੇ ਚੱਲਣ ਦੇ ਵਿਭਿੰਨ ਪੱਖਾਂ ਤੇ ਆਪਣਾ ਫੋਕਸੀਕਰਨ ਕਰਦਾ ਹੈ ਅਜਿਹਾ ਕਰਦਿਆ ਉਹ ਅਜਿਹੀ ਔਰਤ ਦੀ ਸਥਿਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਭਾਈਚਾਰੇ ਦੇ ਪ੍ਰਸੰਗ ਵਿਚ ਉਪਜਦੇ ਤਣਾਓ ਨੂੰ ਸਿਰਜਣ ਦੀ ਰੁਚੀ ਭਾਰੂ ਸਭਿਆਚਾਰ ਹੇਠ ਪੰਜਾਬੀ ਭਾਈਚਾਰਾ ਆਪਣੇ ਮੁੱਲ-ਵਿਧਾਨ ਦੀਆਂ ਜੜਾਂ ਕਾਇਮ ਰੱਖ ਸਕਦਾ ਹੈ?

ਦਰਸ਼ਨ ਧੀਰ ਦੀ ਇਸ ਸੱਮਸਿਆਕਾਰ ਨੂੰ ਪੇਸ਼ ਕਰਨ ਦੀ ਪੁਖਤਗੀ ਇਸ ਗੱਲ ਵਿਚ ਹੈ ਕਿ ਉਹ ਨਵਜੋਤ ਦੀ ਫਿਲਾਸਫੀ ਜਾਂ ਪੁਟੇ ਕਦਮ ਨੂੰ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਪਰਵਾਨਗੀ ਅਤੇ ਪੂਰਬੀ ਜਾਂ ਭਾਰਤੀ ਭਾਈਚਾਰੇ ਵਲੋਂ ਅਪ੍ਰਵਾਨਗੀ ਵਜੋਂ ਨਹੀ ਦੇਖਦਾ ਸਗੋਂ ਨਵਜੋਤ ਦੇ ਘਰਦਿਆਂ ਜਾਂ ਭਾਰਤੀ ਸਭਿਆਚਾਰ ਵਲੋਂ ਤਾਂ ਇਸ ਗੱਲ ਦਾ ਵਿਰੋਧ ਅਤੇ ਅਪ੍ਰਵਾਨਗੀ ਹੋਣੀ ਹੀ ਸੀ।ਪ੍ਰਤੂੰ ਨਵਜੋਤ ਦੀਆਂ ਸਹਿਕਰਮਣ ਪੱਛਮੀ ਔਰਤਾਂ ਵੀ ਇਸ ਵਿਚਾਰ ਨੂੰ ਬੜੀ ਘਿਰਣਾਨਾਲ ਤੱਕਦੀਆਂ ਹਨ। ਇਸ ਸਬੰਧ ਵਿਚ ਨਵਜੋਤ ਦੀ ਸਹਿਕਰਮਣ ਐਨ ਰੈਡਹਿੱਲ ਦੀ ਟਿੱਪਣੀ ਵਾਚਣਯੋਗ ਹੈ।

ਧੀਰ ਆਪਣੀ ਸਿਰਜਣਾ ਨੂੰ ਡੰਘਾਈ ਅਤੇ ਦਾਰਸ਼ਨਿਕਤਾ ਦੇਣ ਲਈ ਇਸ ਸਭ ਨੂੰ ਪੂੰਜੀਵਾਦ ਦੀ ਅਲਾਮਤ ਦਸਦਾ ਹੈ।ਨਵਜੋਤ ਦੇ ਕਦਮ ਮਰਦ ਦੀ ਅੱਤ ਖਤਮ ਕਰਨ ਲਈ ਔਰਤ ਦੀ ਅਤ ਸਿਰਜ ਲੈਂਦੇ ਹਨ।ਇਸ ਮੁੱਖ ਗੂੰਜ ਦੇ ਨਾਲ ਨਾਲ ਦਰਸ਼ਨ ਧੀਰ ਦੇ ਇਸ ਇੰਨ੍ਹਾਂ ਗੂੰਜਾ ਦੇ ਨਾਲ ਹੀ ਉਸਦੇ ਨਾਵਲ ਦਾ ਸੰਸਾਰ ਆਪਣੀ ਭਰਪੂਰ ਗਤੀਸ਼ੀਲਤਾ ਪ੍ਰਗਟ ਕਰਦਾ ਹੈ। ਨਵਜੋਤ ਦੀ ਜਿੰਦਗੀ ਦੇ ਸਮਾਗਰਾ ਦੇ ਨਾਲ-ਨਾਲ ਏਸ਼ੀਅਨ ਲੋਕਾਂ ਨਾਲ ਹੁੰਦੇ ਨਸਲੀ ਵਿਤਕਰੇ,ਪੰਜਾਬੀ ਔਰਤਾ ਦੇ ਕੰਮ ਦੀਆ ਬਿਹਤਰ ਸਹੂਲਤਾ ਲਈ ਸੰਘਰਸ਼, ਮੁਸਲਮਾਨ ਸਮਾਜ ਵਿੱਚ ਬੁਹਤੇ ਵਿਆਹ ਕਰਨ ਪਿੱਛੇ ਪਛੜਿਆ ਅੰਧਕਾਰਮਈ ਤਰਕ,ਲੇਬਰ ਪਾਰਟੀ ਅਤੇ ਟੋਰੀ ਪਾਰਟੀ

ਦੀਆ ਨੀਤੀਆ,ਨਜਾਇਜ਼ ਧਾਰਨ ਕੀਤੇ ਆਪਣੇ ਗਰਭਾ ਨੂੰ ਛੁਪਾਉਣ ਦੀ ਪੱਛਮੀ ਸਮਾਜ ਦੀ ਆਦਤ ਅਦਿ ਵੇਰਵੇ ਕਥਾ ਵਿੱਚ ਬੱਝ ਕੇ ਇੱਸ ਰੱਚਨਾ ਨੂੰ ਅਮੀਰ ਕਰਦੇ ਹਨ। ਇੱਸ ਸਭ ਨੂੰ ਪੇਸ਼ ਕਰਨਾ ਧੀਰ ਮਨਬਚਨੀ,ਪਿਛਲਝਾਤ,ਅਗਲਝਾਤ,ਸਵੈ-ਸੰਬਾਦ ਅਤੇ ਚੇਤਨਾ ਪਰਵਾਹ ਦੀਆ ਤਕਨੀਕਾ ਜਿਵੇ ਸੁਪਨੇ,ਯਾਦਾ ਦਾ ਭਰਪੂਰ ਇਸਤੇਮਾਲ ਕਰਦਾ ਹੈ।ਦਰਸ਼ਨ ਧੀਰ ਦਾ ਇਹ ਯਤਨ ਇੱਕ ਨਵੇਕਲੇ ਵਿਸ਼ੇ ਨੂੰ ਪਕੜਨ ਅਤੇ ਸਿਰਜਣ ਵਿੱਚ ਢਾਲਣ ਕਾਰਨ ਮੁੱਲਵਾਨ ਹੈ।ਔਰਤ ਦੀ ਆਜ਼ਾਦ ਹੋਣ ਦੇ ਪੱਖ ਨੂੰ ਸਿਧਾਂਤਕ ਅਤੇ ਅਸਲੀ ਰੂਪ ਵਿੱਚ ਦੇਖਦਿਆਂ ਉਹ ਜਿਵੇ ਸਿਸਟਮ ਅਤੇ ਸੰਸਕਾਰਾ ਦੀ ਟੱਕਰ ਨੂੰ ਪੇਸ਼ ਕਰਦਾ ਹੈ ਉਸ ਨਾਲ ਮੁੱਲਵਾਨ ਨੁਕਤੇ ਸਤਹਿ ਤੇ ਆ ਜਾਦੇ ਹਨ।ਇੰਨਾ ਨੁਕਤਿਆਂ ਦੇ ਪਰਿਪੇਖ ਵਿੱਚ ਨਾਰੀ ਮੁਕਤੀ ਦੇ ਭਵਿੱਖ ਦੇ ਅੰਦੋਲਨ ਦੀ ਰੂਪ-ਰੇਖਾ ਘੜੀ ਜਾ ਸਕਦੀ ਹੈ।

ਡਾ. ਗੁਰਪਾਲ ਸਿੰਘ ਸੰਧੂ ਯਾਦਾਂ,ਦੇਹੀ ਅਤੇ ਪ੍ਰਵਾਸ: 'ਪੈੜਾਂ ਦੇ ਆਰ ਪਾਰ' ਵਾਲੇ ਆਪਣੇ ਵਿਸ਼ਲੇਸ਼ਣਾਤਿਮਕ ਨਿਬੰਧ (ਉਪਰ ਦੱਸੀ ਪੁਸਤਕ ਡਾ.ਜਗਬੀਰ ਸਿੰਘ ਅਤੇ ਡਾ. ਬਲਕਾਰ ਸਿੰਘ ਦੁਆਰਾ ਸੰਪਾਦਿਤ ਪੁਸਤਕ) 'ਚ ਲਿਖਦਾ ਹੈ (ਜਿਸ ਨੂੰ ਧੀਰ ਨੇ ਅਤਪਣੀ ਸਵੇ ਜੀਵਨੀ ਪੂਰਬ ਪੱਛਮ ਦੀ ਕਮਾਈ (ਪੇਜ਼ ਨੰ.236-37) ਵਿਚ ਇਸ ਦਾ ਵਰਨਣ ਕੀਤਾ ਹੈ) ਕਿ-"ਵਿਡੰਬਨਾ ਤਾਂ ਇਹ ਹੈ ਕਿ 'ਯਾਦਾਂ ਅਤੇ ਦੇਹੀ ਦੇ ਅੰਤਰ ਵਟਾਂਦਰੇ ਤਹਿਤ ਦੋਵੇਂ ਧਿਰਾਂ ਹੀ ਪੀੜਤ ਹਨ।ਉਪਰੋਕਤ ਕਥਨਾਂ ਵਿਚ ਭਾਵੇਂ ਜ਼ਹਿਰਾ ਤੋਰ ਤੇ ਮਾਪੇ ਅਤੇ ਨਵਜੋਤ ਇਕ ਦੂਜੇ ਨੂੰ ਅਲਵਿਦਾ ਕਹਿ ਰਹੇ ਹਨ,ਪਰ ਅਸਲ ਵਿਚ ਇਹ ਅਲਵਿਦਾ ਨਹੀ ਹੈ।ਇਸ ਅਲਵਿਦਾ ਵਿਚ ਜੁਲਮ,ਹਾਰ,ਵਿਦਰੋਹ ਅਤੇ ਬਦਲੇ ਦੀ ਅੰਤਰ-ਖੇਡ ਸਰਗਰਮ ਹੈ ਜੋ ਨਵੇਂ ਰਾਹਾ ਵਿਚ ਸੰਭਵ ਹੋਣੀ ਹੈ।ਇਹ ਨਵਾ ਰਾਹ ਵਾਰਿਸ ਦਾ ਹੋਵੇਗਾ।ਜਿਸਦੀ ਇਸ ਨਾਵਲ ਦੇ ਅੰਤ ਵਿਚ ਨਾਵਲਕਾਰ ਨੇ ਪੇਸ਼ਨਗੋਈ ਕਰ ਰਿਹਾ ਹੈ ਕਿ ਅਜੇ ਤਾਂ ਵਾਰਿਸ ਨੇ ਹੋਰ ਵੀ ਪ੍ਰਸ਼ਨ ਖੜ੍ਹੇ ਕਰਨੇ ਹਨ।ਜਿਸ ਦਾ ਸਾਡੇ ਸਮੁੱਚੇ ਭਾਈਚਾਰੇ ਨੂੰ ਜਵਾਬ ਦੇਣਾ ਪਵੇਗਾ"।[11]

ਦਰਸ਼ਨ ਸਿੰਘ ਧੀਰ ਪ੍ਰਵਾਸੀ ਰਚਨਾ-ਪ੍ਰਕਿਰਿਆ ਅਤੇ ਪੰਜਾਬੀ ਨਾਵਲਕਾਰੀ ਨੂੰ ਨਵੇਂ ਸਮੱਸਿਆਕਾਰ ਨਾਲ ਜੋੜਦਾ ਹੈ।ਭਾਵੇਂ ਇਸ ਤੋਂ ਪਹਿਲਾਂ ਵੀ ਪੰਜਾਬੀ ਨਾਵਲ ਵਿਚ ਔਰਤ ਦੇ ਦਮਨ ਦੀ ਪੇਸ਼ਕਾਰੀ ਰਾਹੀ ਅਜੋਕੇ ਪੱਛਮੀ ਮੁਆਰਸਰੇ ਵਿਚਲੇ ਸੰਸਥਾਗਤ ਤਾਣੇ ਪੇਟੇ ਦੇ ਦਮਨਕਾਰੀ ਪ੍ਰਕਰਣਾ ਨੂੰ ਬਿਰਤਾਂਤ ਰੂਪ ਦਿੱਤਾ ਗਿਆ ਹੈ,ਪਰ ਅਜਿਹੇ ਯਤਨਥ ਵਿਚ ਵਧੇਰੇ ਕਰਕੇ ਤੱਥਗਤ ਪੇਸ਼ਕਾਰੀ ਭਾਰੂ ਰਹੀ ਹੈ।ਵਰਤਮਾਨ ਨਾਵਲ ਇਸ ਦੇਸ਼ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਅਤੇ ਪਰਵਾਸੀ ਔਰਤ ਦੇ ਦੁਖਾਂਤ ਅਤੇ ਸੰਕਟਮਈ ਸੰਦਰਭਾਂ ਨੂੰ ਵਧੇਰੇ ਦਾਰਸ਼ਨਿਕ, ਸਮਾਜ-ਸ਼ਾਸ਼ਤਰੀ ਅਤੇ ਸਹੁਜਾਤਮਿਕ ਦ੍ਰਿਸ਼ਟੀ ਨਾਲ ਪੇਸ਼ ਕਰ ਸਕਿਆ ਹੈ।ਨਿਰਸੰਦੇਹ, ਪੈੜਾਂ ਦੇ ਆਰ ਪਾਰ ਨਾਵਲ ਸਮਕਾਲੀ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਆਪਣੇ ਮਹੱਤਵ ਅਤੇ ਵਿਲੱਖਣਤਾ ਦੇ ਫਲਸਰੂਪ ਵਿਸ਼ੇਸ਼ ਧਿਆਨ ਆਕਰਸ਼ਿਤ ਕਰਦਾ ਰਹੇਗਾ।

ਡਾ. ਗੁਰਦਿਆਲ ਸਿੰਘ ਪੈੜਾਂ ਦੇ ਆਰ ਪਾਰ ਵਿਚ ਦ੍ਰਿਸ਼ਟੀ-ਬਿੰਦੂ ਦੀ ਜੁਗਤ (ਡਾ. ਜਗਬੀਰ ਸਿੰਘ ਅਤੇ ਬਲਕਾਰ ਸਿੰਘ ਦੁਆਰਾ ਸੰਪਾਦਿਤ ਪੁਸਤਕ ਦਰਸ਼ਨ ਸਿੰਘ ਦੀ ਨਾਵਲ ਚੇਤਨਾ) ਨਾਮਕ ਆਪਣੇ ਲੇਖ ਲਿਖਿਆ ਤੇ ਧੀਰ ਨੇ ਇਸ ਨੂੰ ਆਪਣੀ ਸਵੈ ਜੀਵਨੀ ਪੂਰਬ ਪੱਛਮ ਦੀ ਕਮਾਈ (ਪੇਜ ਨੰ.238-39) ਵਿਚ ਸਥਾਨ ਦਿੱਤਾ ਹੈ-"ਨਵਜੋਤ ਦਾ ਦੁਖਾਂਤ ਕੇਵਲ ਵਿਆਕਤੀਗਤ ਨਹੀਂ ਰਹਿ ਜਾਂਦਾ ਬਲਕਿ ਸਥਾਪਤ ਕਦਰਾਂ ਕੀਮਤਾਂ ਤੋਂ ਹਟ ਕੇ ਵਿਚਰਨ ਵਾਲੇ ਲੋਕ ਦਾ ਦੁਖਾਂਤ ਬਣ ਕੇ ਪੇਸ਼ ਹੁੰਦਾ ਹੈ ਅਤੇ ਵਿਅਕਤੀ ਤੇ ਸਮਾਜ ਦੇ ਦਵੰਦਵਾਦੀ ਸਬੰਧਾਂ ਉੱਪਰ ਝਰੋਖਾ ਹੋ ਨਿਬੜਦਾ ਹੈ।ਨਵਜੋਤ ਦੀਆ ਆਪਣੇ ਭਾਈਚਾਰੇ, ਇਸ ਦੀਆਂ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਅੱਗੇ ਹਰ ਪਾਠਕ ਮੂਹਰੇ ਅਨੇਕਾਂ ਸਵਾਲ ਛੱਡ ਜਾਂਦੀ ਹੈ ਜੋਂ ਉਸ ਨੂੰ ਇਸ ਬਾਰੇ ਸੋਚਣ ਸਈ ਮਜਬੂਰ ਕਰਦੇ ਹਨ।"

ਨਾਵਲ ਪੈੜਾਂ ਦੇ ਆਰ ਪਾਰ ਚੋਂ ਸ਼ਇਦ  ਇਹ ਸੁਰ ਉਭਰਦੀ ਦੇਖ ਕੇ ਡਾ. ਕਿਰਨਜੀਤ ਕੌਰ-ਡਾ.ਗੁਰਮੀਤ ਕੌਰ ਸੰਧੂ ਨਾਲ ਸਾਂਝੀ ਪੁਸਤਕ -'ਦਰਸ਼ਨ ਸਿੰਘ ਧੀਰ ਦਾ ਗਲਪ- ਪ੍ਰਬੰਧ ਚ ਲਿਖਦੀ ਹੈ- "ਪੈੜਾਂ ਦੇ ਆਰ ਪਾਰ ਨਾਵਲ ਦੀ ਨਾਇਕਾ ਨਸਲੀ ਵਿਤਕਰੇ ਦੇ ਵਿਰੁੱਧ ਬਗ਼ਾਵਤ ਕਰਦੀ ਹੈ।ਦਰਸ਼ਨ ਸਿੰਘ ਧੀਰ ਦੇ ਇਸ ਨਾਵਲ ਦੀ ਪ੍ਰਾਪਤੀ ਇਹ ਹੈ ਕਿ ਉਹ ਨਸਲੀ ਵਿਤਕਰੇ ਨੂੰ ਕੇਵਲ ਗੋਰਿਆਂ ਦੇ ਪ੍ਰਸੰਗ ਵਿਚੋਂ ਹੀ ਪਰਿਭਾਸ਼ਤ ਨਹੀਂ ਕਰਦਾ, ਸਗੋਂ ਇਹ ਵੀ ਸਥਾਪਤ ਕਰਦਾ ਹੈ ਕਿ ਪੰਜਾਬੀ ਮਾਨਸਿਕਤਾ ਵਿਚ ਵੀ ਬੱਚੀ ਨੂੰ ਜਨਮ ਦਿੰਦੀ ਹੈ ਉਹ ਨਸਲਪ੍ਰਸਤੀ ਤੋਂ ਪਾਰ ਵਸਣ ਵਾਲੇ ਮਾਨਵ ਦਾ ਹੀ ਇਕ ਪ੍ਰਤੀਕ ਹੈ,ਜਿਸਦਾ ਭਵਿੱਖ-ਮੁੱਖੀ ਸੁਪਨਾ ਨਸਲ ਰਹਿਤ ਸਮਾਜ ਦੀ ਸਿਰਜਣਾ ਕਰਦਾ ਹੈ।"

ਇਸ ਪ੍ਰਕਾਰ 'ਪੈੜਾਂ ਦੇ ਆਰ ਪਾਰ' ਵਿਚ ਨਵਜੋਤ ਦੋਹਰਾ ਸੰਵਾਦ ਪੈਦਾ ਕਰਦਾ ਕਰਕੇ ਔਰਤ ਦੀ ਸਮੁੱਚੀ ਸਥਿਤੀ ਨੂੰ ਪਿਤਾ ਪੁਰਖੀ ਪ੍ਰਬੰਧ ਪ੍ਰਤੀਕ ਅਤੇ ਪੱਛਮੀ ਅਵਚੇਤਨ ਦੇ ਸਾਹਵੇਂ ਸੰਵਾਦ ਰਾਹੀ ਰੂਪ ਮਾਨ ਕਰਦੀ ਹੈ।ਇਸ ਜੁਗਤ ਰਾਹੀਂ ਬਿਰਤਾਂਤਕਾਰ ਨੇ ਔਰਤ ਦੀ ਸੁਤੰਤਰ ਹੋਂਦ ਨੂੰ ਨਿਰੰਤਰ ਬਿਰਤਾਂਤ ਵਿਚ ਪਾਸਾਰਿਆ ਹੈ। ਇਸ ਸੰਵਾਦੀ ਸੁਰ ਵਿਚ ਔਰਤ ਦੀ ਵਿਦਰੋਹੀ ਚੇਤਨਾ ਅਤੇ ਸਘੰਰਸ਼ ਨੂੰ ਰੂਪਮਾਨ ਕੀਤਾ ਹੈ। ਇਹ ਸੰਵਾਦ ਵਿਸ਼ਾਲ ਰੂਪ ਵਿਚ ਅਤੇ ਅਤੋਣੇ ਅੰਤਮ ਰੂਪ ਵਿਚ ਰਾਜਸੀ ਸੰਘਰਸ਼ ਹੋ ਨਿਬੜਦਾ ਹੈ।"ਧੀਰ ਦਾ ਇਹ ਨਾਵਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਿੰਡੀਕੇਟ ਨੇ ਇਕ ਮੀਟਿੰਗ ਚ ਅੰਗਰੇਜ਼ੀ ਚ ਅੁਨਵਾਦ ਹੋਣ ਲਈ ਚੁਣਿਆ ਗਿਆ ਸੀ ਜੋ ਕਿ ਉਸ ਲਈ ਬਹੁਤ ਮਾਣ ਵਾਲੀ ਗੱਲ ਤੇ ਸਗੋਂ ਉਸ ਲਈ ਬਹੁਤ ਵੱਡਾ ਇਨਾਮ ਸੀ।

**ਅਹਨਬੀ ਚਿਹਰੇ-** ਇਹ ਧੀਰ ਦਾ ਅੱਠਵਾਂ ਤੇ ਵੱਡ ਆਕਾਰੀ ਪੰਜਵਾਂ ਨਾਵਲ ਹੈ।ਜਿਹੜਾ 2003 ਵਿਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਪੰਜਾਬੀ ਵਿਚ ਵੱਖਰੀ ਅਤੇ ਅਜਨਬੀਅਤਾ ਭਰਪੂਰ ਜ਼ਿੰਦਗੀ ਦਾ ਬਿਰਤਾਂਤ

ਹੈ। ਅਮੀਰੀ-ਗਰੀਬੀ ਦਾ ਪਾੜਾ,ਕਿਸਾਨੀ ਦਾ ਸੰਕਟ,ਰਾਜਨੀਤੀ ਦਾ ਘਟੀਆਪਣ,ਸਾਹਿਤ ਇਨਾਮਾਂ ਦੀ ਰਾਜਨੀਤੀ,ਪਿੰਡਾਂ ਵਿਚ ਆਇਆ ਬੁਨਿਆਦੀ ਬਦਲਾਅ,ਕਾਮੁਕ ਰਿਸ਼ਤਿਆ ਦੀ ਘੜਮਸ ਅਤੇ ਠੱਗੀ,ਭਟਕਣਾ ਆਦਿ ਮਸਲੇ ਇਸ ਨਾਵਲ ਵਿਚ ਬਾਰ-ਬਾਰ ਉਜਾਗਰ ਹੋਏ ਹਨ।

**ਰਣਭੂਮੀ-** ਇਹ ਧੀਰ ਦਾ ਨੌਵਾਂ ਨਾਵਲ ਹੈ। ਇਹ ਨਾਵਲ 2005 ਵਿਚ ਪ੍ਰਕਾਸ਼ਿਤ ਹੋਇਆ ਸੀ।ਰਣਭੂਮੀ ਦੇ ਨਾਮ ਤੋਂ ਇਹ ਭੁਲੇਖਾ ਪੈ ਸਕਦਾ ਹੈ ਕਿ ਇਹ ਕਿਸੇ ਯੁੱਧ ਦਾ ਜਿਕਰ ਕਰਦੀ ਰਚਨਾ ਹੈ ਪਰ ਅਜਿਹੇ ਕਿਸੇ ਯੁੱਧ ਦਾ ਇਸ ਵਿਚ ਵਰਣਨ ਨਹੀ ਹੈ ਜੋ ਭੋਤਿਕ ਤੋਰ ਤੇ ਵਾਪਰਦਾ ਦਿਖਾਈ ਦਿੰਦਾ ਹੋਵੇ ਸਗੋਂ ਇਸ ਵਿਚ ਇਕ ਅਜਿਹਾ ਯੁੱਧ ਦਾ ਜਿਕਰ ਹੈ ਜੋ ਮਨੁੱਖ ਆਪਣੀ ਹੋਂਦ ਬਚਾਉਣ ਹਿਤ ਜਾਂ ਹੋਰ ਨਿੱਜੀ ਹਿੱਤਾ ਦੀ ਖਾਤਰ ਸਾਰੀ ਜਿੰਦਗੀ ਲੜਦਾ ਹੈ।

**ਹਾਸ਼ੀਏ**-ਇਹ ਧੀਰ ਦਾ ਦਸਵਾਂ ਨਾਵਲ ਹੈ। ਇਹ ਅਪ੍ਰੈਲ 2008 ਵਿਚ ਪ੍ਰਕਾਸ਼ਿਤ ਹੋਇਆ ਹੈ।ਇਹ ਨਾਵਲ ਪੈੜਾਂ ਦੇ ਆਰ-ਪਾਰ ਨਾਵਲ ਦੇ ਅਗਲੇ ਪੜਾਅ ਦੇ ਬਰਤਾਨਵੀ ਭਾਈਚਾਰੇ ਦੀ ਬਾਤ ਪਾਉਦਾ ਹੈ।ਇਹ ਪਰਵਾਸੀ ਪੰਜਾਬੀ ਭਾਈਚਾਰੇ ਦੇ ਉਸ ਕਾਲ ਦੇ ਸਮਾਜਕ ਪਰਵਾਹ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ ਜਦ ਪਰਵਾਸੀ ਪੰਜਾਬੀਆ ਦੇ ਬੱਚੇ ਜਿਹੜੇ ਇਸ ਦੇਸ਼ ਵਿਚ ਜੰਮੇ,ਪਲੇ,ਪੜੇ ਤੇ ਪ੍ਰਵਾਨ ਹੀ ਨਹੀਂ ਸਨ ਚੜ੍ਹੇ, ਸਗੋਂ ਜਿੰਨ੍ਹਾਂ ਨੇ ਇਸ ਮੁਲਕ ਦੀ ਜੀਵਨ-ਸ਼ੈਲੀ ਵੀ ਗ੍ਰਹਿਣ ਕਰ ਲਈ ਸੀ।ਦੂਜੇ ਸ਼ਬਦਾ 'ਚ ਇਹ ਨਾਵਲ ਪਰਵਾਸੀ ਪੰਜਾਬੀਆਂ ਦੀ ਪਹਿਲੀ,ਦੂਜੀ ਤੇ ਤੀਜੀ ਪੀੜ੍ਹੀਆਂ ਦੀ ਬਾਤ ਪਾਉਂਦਾ ਹੈ, ਵਿਸ਼ੇਸ਼ ਕਰਕੇ ਦੂਜੀ ਤੇ ਤੀਜੀ ਪੀੜ੍ਹੀ ਦੀ ਗੱਲ ਕਰਦਾ ਹੈ।ਦੂਜੀ ਪੀੜ੍ਹੀ ਦੇ ਉਨ੍ਹਾਂ ਮੁੰਡਿਆਂ-ਕੁੜੀਆਂ ਦੀ ਵੀ ਜਿਨ੍ਹਾਂ ਗੋਰਿਆਂ-ਗੋਰੀਆਂ ਨਾਲ ਵਿਆਹ ਕਰਵਾ ਲਏ ਸਨ ਤੇ ਉਨ੍ਹਾਂ ਦੇ ਬੱਚੇ ਪ੍ਰਵਾਨ ਚੜ੍ਹ ਕੇ ਬਰਤਾਨਵੀ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਚ ਪੜ੍ਹਨ ਲਗ ਪਏ ਸਨ। ਇਸ ਨਾਵਲ ਚ ਦੋ ਨਸਲਾਂ ਦੇ ਮਿਲਾਪ ਤੋਂ ਪੈਦਾ ਹੋਈ ਮਿੱਸੀ ਨਸਲ ਦੇ ਬੱਚੇ ਬੱਚੀਆਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਨੀ ਵੀ ਕਹੀ ਜਾ ਸਕਦੀ ਹੈ।

ਜੋ ਕਿ ਇਸ ਖੋਜ-ਕਾਰਜ ਦਾ ਮੁੱਖ ਆਧਾਰ ਦਰਸ਼ਨ ਸਿੰਘ ਧੀਰ ਦੇ ਨਾਵਲ ਪੈੜਾਂ ਦੇ ਆਰ ਪਾਰ ਨੂੰ ਬਣਾਇਆ ਗਿਆ ਹੈ ਜਿਸ ਬਾਰੇ ਭਰਪੂਰ ਚਰਚਾ ਤੀਜੇ ਅਧਿਆਇ ਵਿਚ ਕੀਤੀ ਜਾ ਰਹੀ ਹੈ।

## ਹਵਾਲੇ ਟਿੱਪਣੀਆਂ

1. ਦਰਸ਼ਨ ਸਿੰਘ ਧੀਰ, ਸਾਹਿਤਕ ਸਵੈ ਜੀਵਨੀ (ਪੂਰਬ ਪੱਛਮ ਦੀ ਕਮਾਈ), ਪੰਨਾ ਨੰ. 1
2. ਉਹੀ, ਪੰਨਾ ਨੰ. 11
3. ਉਹੀ, ਪੰਨਾ ਨੰ. 51
4. ਉਹੀ, ਪੰਨਾ ਨੰ. 52
5. ਉਹੀ, ਪੰਨਾ ਨੰ. 54
6. ਉਹੀ, ਪੰਨਾ ਨੰ. 60
7. ਉਹੀ, ਪੰਨਾ ਨੰ. 68
8. ਉਹੀ, ਪੰਨਾ ਨੰ. 143
9. ਉਹੀ, ਪੰਨਾ ਨੰ. 232
10. ਉਹੀ, ਪੰਨਾ ਨੰ. 235
11. ਉਹੀ, ਪੰਨਾ ਨੰ. 237

# ਅਧਿਆਇ-ਤੀਜਾ

# ਨਾਵਲ ਪੈੜਾਂ ਦੇ ਆਰ ਪਾਰ ਦਾ ਵਿਸ਼ਾਗਤ ਅਧਿਐਨ

ਪੈੜਾਂ ਦੇ ਆਰ ਪਾਰ ਨਾਵਲ ਦਰਸ਼ਨ ਸਿੰਘ ਦਾ ਬਹੁਤ ਹੀ ਵੱਡਾ ਤੇ ਬਹੁਤ ਹੀ ਵਧੀਆ ਹੈ।ਉਸ ਦੇ ਨਾਵਲ ਦੀ ਮੁੱਖ ਪਾਤਰ ਨਵਜੋਤ ਦੀ ਜਿੰਦਗੀ ਦੇ ਆਲੇ ਦੁਆਲੇ ਘੁੰਮਦੀ ਹੈ।ਇਸ ਨਾਵਲ ਵਿਚ ਪੱਛਮੀ ਦੇ ਪ੍ਰਭਾਵ ਕਾਰਨ ਪੈਦਾ ਹੋਇਆ ਨਵਾਂ ਰਿਸ਼ਤਾ ਭਾਵ ਪਾਰਟਨਰਸ਼ਿਪ ਦਾ ਖੁੱਲ ਕੇ ਸਮਰਥਨ ਕੀਤਾ ਗਿਆ ਹੈ ਇਸ ਦੀ ਮੁੱਖ ਪਾਤਰ ਇਸ ਰਿਸ਼ਤੇ ਦਾ ਸਮਰਥਨ ਕਰਦੀ ਹੈ ਤੇ ਇਸ ਨੂੰ ਅਪਣਉਂਦੀ ਹੈ ਤੇ ਆਪਣੀ ਜਿੰਦਗੀ ਦੀ ਆਜਾਦੀ ਨਾਲ ਮਾਣਦੀ ਹੋਈ ਇਸ ਨਵੀ ਪੈੜ ਨੂੰ ਬਣਾਉਦੀ ਹੈ ਉਹ ਇਹ ਕੱਢ ਲੈਦੀ ਹੈ ਪਰ ਉਸ ਨੂੰ ਕਿਸੇ ਦਾ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਨਹੀ ਮਿਲਦਾ।ਉਹ ਇਸ ਨਾਵਲ ਵਿਚ ਦੋ ਵਾਰ ਆਪਣਾ ਪਾਰਟਨਰ ਚੁਣਦੀ ਹੈ ਪਰ ਦੋਨੋ ਹੀ ਉਸ ਨੂੰ ਛੱਡ ਕੇ ਚਲੇ ਜਾਂਦੇ ਹਨ ਕੋਈ ਦਿਲ ਭਰ ਜਾਣ ਕਾਰਨ ਤੇ ਕੋਈ ਜਿੰਦਗੀ ਖਤਮ ਹੋ ਜਾਣ ਦੇ ਕਾਰਣ।ਨਾਵਲ ਦੇ ਅੰਤ ਵਿਚ ਉਹ ਇਕੱਲੀ ਰਹਿ ਜਾਦੀ ਹੈ ਤੇ ਵਾਰਿਸ ਨੂੰ ਨਾਲ ਲੈ ਕੇ ਉਹ ਮਾਨਚੈਸਟਰ ਮੁੜ ਜਾਦੀ ਕਦੇ ਵੀ ਵਾਪਿਸ ਨਾ ਮੁੜਣ ਲਈ।ਇਸ ਤੋਂ ਬਾਅਦ ਉਸ ਦਾ ਕੋਈ ਪਤਾ ਨਹੀ ਕਿ ਉਸ ਦੀ ਅਗਲੀ ਜ਼ਿੰਦਗੀ ਵਿਚ ਕੀ ਹੋਇਆ।ਉਸ ਦੀ ਵਾਰਿਸ ਦੀ ਜ਼ਿੰਦਗੀ ਦਾ ਕੀ ਬਣਿਆ।

ਇਸ ਨਾਵਲ ਵਿਚ ਨਵਜੋਤ ਤੇ ਪੱਛਮੀ ਸੱਭਿਆਚਾਰ ਦਾ ਹੀ ਨਹੀ ਸਗੋ ਭਾਰਤੀ ਸੱਭਿਆਚਾਰ ਦਾ ਵੀ ਕਾਫੀ ਪ੍ਰਭਾਵ ਹੈ ਕਿਉਂਕਿ ਉਹ ਆਪਣੇ ਸੰਸਕਾਰਾ ਦੇ ਕਾਰਣ ਭਾਰਤੀ ਸੱਭਿਆਚਾਰ ਦਾ ਵੀ ਉਸ ਤੇ ਬਹੁਤ ਪ੍ਰਭਾਵ ਹੈ।ਉਸ ਦੇ ਚਰਿਤਰ ਤੋ ਉਸ ਦਾ ਤੇ ਉਸ ਦੇ ਪਰਿਵਾਰ ਦੀ ਧਾਰਮਿਕ ਸ਼ਰਧਾ ਬਾਰੇ ਪਤਾ ਲੱਗਦਾ ਹੈ।

**ਪਰਵਾਸਧਾਰਨ ਦੀ ਮਜਬੂਰੀ**-ਭਾਰਤੀ ਦਾ ਪਰਵਾਸ ਧਾਰਨ ਕਾਰਣ ਕੋਈ ਖੁਸ਼ੀ ਨਹੀ ਸਗੋ ਮਜ਼ਬੂਰੀ ਆ ਕਿਉਂਕਿ ਵੱਧ ਤੋਂ ਵੱਧ ਪੇਸੇ ਕਮਾਉਣ ਦੀ ਚਾਹ ਉਨ੍ਹਾਂ ਦੀ ਆਪਣੇ ਦੇਸ਼ ਅਤੇ ਆਪਣੇ ਪਰਿਵਾਰ ਨਾਲੋਂ ਦੂਰ ਹੋਣਾ ਪੈਦਾ ਹੈ।ਉਹ ਬਸ ਪੇਸੇ ਦੀ ਹੀ ਚਾਹ ਵਿਚ ਹੀ ਆਪਣੀ ਸਾਰੀ ਜਿੰਦਗੀ ਗੁਜਾਰ ਦਿੰਦੇ ਹਨ ਨਾ ਤਾਂ ਉਨ੍ਹਾਂ ਦੇ ਪੱਲੇ ਪਰਿਵਾਰ ਰਹਿੰਦਾ ਹੈ ਤੇ ਨਾ ਹੀ ਕੁਝ ਰਹਿੰਦਾ ਹੈ। ਉਹ ਤਾਂ ਬਸ ਪੇਸੇ ਕਮਾਉਣ ਵਾਲੀ ਮਸ਼ੀਨ ਵਾਂਗ ਬਣ ਜਾਦੇ ਹਨ। ਇਸ ਲਈ ਭਾਰਤੀ ਵਿਚ ਇਹ ਰੀਤ ਬਹੁਤ ਚੱਲਦੀ ਹੈ ਜਿਸ ਕਾਰਨ ਉਹ ਪਰਵਾਸ ਧਾਰਨ ਕਰਦੇ ਹਨ ਤੇ ਉਥੋ ਦੀਆ ਸੁੱਖ ਸਹੂਲਤਾ ਦੇਖ ਕੇ ਉਥੇ ਹੀ ਵਸ ਜਾਦੇ ਹਨ।ਜਿਸ ਕਾਰਨ ਉਨ੍ਹਾਂ ਦੀ ਔਲਾਦ ਆਪਣੀ ਅਸਲ ਭੂਮੀ ਤੇ ਆਪਣੇ ਅਮੀਰਸਭਿਆਚਾਰ ਨੂੰ ਭੁੱਲ ਜਾਦੀ ਹੈ।ਪਹਿਲਾ ਉਨ੍ਹਾਂ ਨੂੰ ਆਪਣੀ ਪਰਵਰਿਸ਼ ਤੇ ਮਾਣ ਹੁੰਦਾ ਹੈ ਪਰ ਹੋਲੀ ਹੋਲੀ ਇਹ ਮਾਣ ਬਹੁਤ ਬੁਰੀ ਤਰ੍ਹਾਂ ਟੁੱਟਦਾ ਹੈ।ਜਿਸ ਕਾਰਨ ਪਰਵਾਸ ਮਨ ਮਰਜੀ

ਨਾਲ ਕੀਤਾ ਹੋਇਆ ਵੀ ਮਜਬੂਰੀ ਲੱਗਦਾ ਹੈ ਕਿਉਂਕਿ ਜਿਸ ਥਾਂ ਉਹ ਆ ਕੇ ਵਸ ਜਾਦਾ ਹੈ ਉਹ ਉਸ ਨੂੰ ਆਪਣੇ ਅਨੁਸਾਰ ਚਲਾਉਣਾ ਚੁਹੰਦਾ ਹੈ ਪਰ ਉਸ ਦੀ ਪੀੜੀ ਉਦੋਂ ਤੱਕ ਉਸ ਸਭਿਆਚਾਰ ਦੇ ਪ੍ਰਭਾਵ ਹੇਠ ਪੂਰੀ ਤਰ੍ਹਾਂ ਦੱਬ ਜਾਂਦੀ ਹੈ ਜਿਸ ਕਾਰਨ ਉਸ ਸਵਾਏ ਪਸ਼ਤਾਵੇ ਹੋਰ ਕੁਝ ਨਹੀ ਰਹਿੰਦਾ।

**ਪਿਛੋਕੜ ਨਾਲ ਜੁੜੇ ਹੋਏ** :-

ਲਖਬੀਰ ਸਿੰਘ ਅਤੇ ਸਰਨ ਕੌਰ ਦੋਵੇਂ ਬਹੁਤ ਧਾਰਮਿਕ ਵਿਰਤੀ ਦੇ ਹਨ।ਰੋਜ ਪਾਠ ਕਰਦੇ ਅਤੇ ਪ੍ਰਮਾਤਮਾ ਦਾ ਸ਼ੁਕਰ ਕਰਦੇ ਕਿ ਉਹ ਵਿਦੇਸ਼ ਵਿਚ ਰਹਿੰਦੇ ਹੋਇਆ ਵੀ ਆਪਣੇ ਪਿਛੋਕੜ ਨਾਲ ਜੁੜੇ ਹਨ ਉਨ੍ਹਾਂ ਨੂੰ ਆਪਣੀ ਪ੍ਰਵਰਿਸ਼ ਤੇ ਬਹੁਤ ਮਾਣ ਸੀ ਕਿਉਂਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਕਹਿਣੇ ਵਿਚ ਹਨ।ਉਨ੍ਹਾਂ ਦੀ ਧੀ ਨਵਜੋਤ ਵੀ ਆਪਣੇ ਸੱਭਿਆਚਾਰ ਨਾਲ ਜੁੜੀ ਹੋਣ ਦੇ ਕਾਰਣ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ।ਉਨ੍ਹਾਂ ਦੀ ਖੁਸ਼ੀ ਇਸ ਲਈ ਹੋਰ ਵੀ ਵੱਧ ਜਾਦੀ ਹੈ ਜਦੋ ਨਵਜੋਤ ਵੀ ਉਨ੍ਹਾਂ ਨਾਲ ਭਾਰਤ ਆਉਣ ਲਈ ਤਿਆਰ ਹੁੰਦੀ ਹੈ।ਜਿਵੇਂ:-

ਓ. ਲੈਵਲਦੀ ਪਰੀਖਿਆ ਵਲੋ ਵਿਹਲੀ ਹੁੰਦੀ ਹੀ ਉਹ ਮਾਂ ਨੂੰ ਕਹਿਣ ਲੱਗੀ, "ਮੰਮ ਤੁਸੀ ਇਨ੍ਹਾਂ ਗਰਮੀ ਦੀਆ ਛੁੱਟੀਆਂ ਦੇ ਨਾਲ ਦੋ ਹਫ਼ਤਿਆ ਦੀਆ ਹੋਰ ਛੁੱਟੀਆ ਲੈ ਲਓ। ਮੇਰਾ ਬੜਾ ਦਿਲ ਕਰਦਾ ਏ ਕਿ ਇਨ੍ਹਾਂ ਛੁੱਟੀਆ ਚ ਤੁਹਾਡੇ ਨਾਲ ਪੰਜਾਬ ਜਾਵਾਂ ਤੇ ਗੁਰਦੁਆਰੇ ਦੇਖਾਂ।ਏ ਲੈਵਲ ਚ ਪੜਾਈ ਦਾ ਹੋਰ ਪੈ ਜਾਣਾ ਏ।ਫੇਰ ਜਾ ਨਹੀ ਹੋਣਾ।"[1]

ਇਹ ਗੱਲ ਸੁਣ ਕੇ ਸ਼ਰਨ ਕੌਰ ਇੰਦਾ ਖਿੜੀ ਜਿਵੇਂ ਉਸ ਦੇ ਦਿਨ ਦੀ ਮੁਰਾਦ ਪੂਰੀ ਹੋ ਗਈ ਹੋਵੇਂ।ਉਸ ਨੇ ਖੁਸ਼ੀ ਵਿਚ ਝੁਮਦੀ ਹੋਈ ਨੇ ਬਾਬਿਆ ਦੀ ਫੋਟੋ ਨੂੰ ਮੱਥੇ ਨਾਲ ਲਾਇਆ ਤੇ ਉਨ੍ਹਾਂ ਦਾ ਸ਼ੁਕਰ ਕੀਤਾ।ਫਿਰ ਉਸ ਧੀ ਨੂੰ ਕਲਾਵੇ ਚ ਲੈ ਕੇ ਕਿਹਾ,"ਬਾਰੀ ਜਾਮਾਂ,ਸਦਕੇ ਜਾਮਾਂ ਧੀਏ!ਜਰੂਰ ਚਲਾਂਗੀਆਂ ਇਨ੍ਹਾਂ ਛੁੱਟੀਆਂ ਚ।ਮੇਰਾ ਆਪਣਾ ਦਿਲ ਬੀ ਬੜਾ ਕਰਦਾ,ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣ ਲਈ,ਪਰ ਤੇਰੀ ਪੜਾਈ ਕੇ ਤੇ ਘਰ ਦੇ ਝਮੇਲਿਆਂ ਕਰ ਕੇ ਪਿੱਛਲੇ ਪੰਜਾਂ-ਛੇਆਂ ਸਾਲਾਂ ਚ ਜਾ ਈ ਨ੍ਹੀਂ ਹੋਇਆ।ਕੱਲ ਨੂੰ ਜਦੋ ਕੰਮ ਤੇ ਗਈ ਤੇ ਗਈ ਤਾਂ ਸੁਪਰਵਾਈਜ਼ ਨੂੰ ਕਹਿ ਕੇ ਦੋ ਹਫਤਿਆਂ ਦੀ ਹੋਰ ਛੁੱਟੀ ਬੁੱਕ ਕਰਾ ਲਾਂਗੀ।"[2]

ਭਾਰਤ ਵਿਚ ਆ ਕੇ ਉਹ ਪਹਿਲਾ ਵਿਛੋੜਾ ਸਾਹਿਬ ਦੇ ਦਰਸ਼ਨ ਕਰਨ ਗਏ।ਫਿਰ ਆਨੰਦਪੁਰ ਸਾਹਿਬ ਮੱਥਾ ਟੇਕਣ ਜਾਂਦੀ ਹੈ।ਉਸ ਦਾ ਅੱਤ ਦਰਜੇ ਦੀ ਗਰਮੀ ਵਿਚ ਮੱਥਾ ਟੇਕਣ ਜਾਣਾ ਇਹ ਗੱਲ ਸਾਬਿਤ ਕਰਦਾ ਹੈ ਕਿ ਉਸ ਨੂੰ ਸਿੱਖ ਧਰਮ ਵਿਚ ਅਸੀਮ ਸ਼ਰਧਾ ਹੈ।ਫਿਰ ਉਹ ਲਖਬੀਰ ਸਿੰਘ ਤੋਂ ਬਾਬਾ ਜੀ ਦੇ ਵਿਛੋੜਾ ਦੀ ਕਥਾ ਸੁਣਦੀ ਹੈ।ਬਹੁਤ ਸਾਰੇ ਪ੍ਰਸ਼ਨ ਪੁੱਛਦੀ ਹੈ।ਫਿਰ ਦੋਂ ਕੁ ਵਜੇ ਉਹ ਗੁਰਦੁਆਰੇ ਪਹੁੰਚ ਜਾਦੇ ਹਨ। ਭੁੱਖ ਨਾਲ ਉਨ੍ਹਾਂ ਦਾ ਬੁਰਾ ਹਾਲ ਸੀ।ਉਹ ਬਾਹਰੋ ਕੁਝ ਨਾ ਖਾਣ ਨਾਲੋਂ ਲੰਗਰ ਛੱਕਣ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ

ਖਾਸ ਤੋਰ ਤੇ ਸ਼ਰਨ ਕੌਰ ਤੇ ਨਵਜੋਤ।ਪਰ ਲਖਬੀਰ ਸਿੰਘ ਪਹਿਲਾ ਬਾਹਰੋ ਖਾਣ ਨੂੰ ਕਹਿੰਦਾ ਤੇ ਡਰਾਇਵਰ ਨੂੰ ਨਾਲ ਲੈ ਕੇ ਖਾਣ ਜਾਦਾ ਹੈ।

**ਧਾਰਮਿਕ ਅਖੌਤੀ ਪੈਰੋਕਾਰਾਂ ਦੇ ਕਿਰਦਾਰ-** ਇਸ ਨਾਵਲ ਦੇ ਜ਼ਰੀਏ ਧੀਰ ਨੇ ਭਾਰਤੀ ਗੁਰਦੁਆਰਿਆ ਦੇ ਪਰੋਕਾਰਾ ਭਾਵ ਉਥੋ ਦੇ ਮਹੋਰੀ ਜੋ ਕਿ ਸੇਵਾਦਾਦ ਹੋਣ ਦਾ ਸਿਰਫ ਢੋਂਗ ਰਚ ਰਹੇ ਹਨ ਕਿਉਂਕਿ ਕਹਿਣ ਨੂੰ ਤਾਂ ਉਹ ਸੇਵਾਦਾਰ ਹਨ ਪਰ ਉਹ ਸ਼ਰਧਾਲੂਆ ਨਾਲ ਬਹੁਤ ਮਾੜਾ ਵਿਵਹਾਰ ਕਰਦੇ ਹਨ।ਉਨ੍ਹਾਂ ਦੀ ਸਹਾਇਤਾ ਤਾਂ ਕੀ ਕਰਨੀ ਆ ਸਗੋ ਉਨ੍ਹਾਂ ਨਾਲ ਦੁਰ ਵਿਵਹਾਰ ਕਰਦੇ ਉਹ ਦੇਅਣ ਚ ਤਾਂ ਬਹੁਤ ਸ਼ਰਧਾ ਵਾਲੇ ਲੱਗ ਦੇ ਹਨ ਪਰ ਅਸਲੀਅਤ ਤੋਂ ਕੁਝ ਹੋਰ ਹੁੰਦੇ ਹਨ। ਇਸ ਗੱਲ ਨੂੰ ਧੀਰ ਨੇ ਬੜੀ ਸਰਲਤਾ ਨਾਲ ਦਰਸਾਇਆ ਹੈ ਜਿਵੇਂ-

ਲਖਬੀਰ ਸਿੰਘ ਪਤਨੀ ਅਤੇ ਧੀ ਨੂੰ ਦੇਖਣ ਕੇਸਗੜ੍ਹ ਗੁਰਦੁਆਰੇ ਵਲ ਤੁਰ ਪਿਆ।ਜਰ ਉਹ ਕੇਸਗੜ੍ਹ ਗੁਰਦੁਆਰੇ ਦੇ ਪ੍ਰਵੇਸ਼ਸਥਾਨਦੇ ਲਾਗੇ ਪਹੁੰਚਿਆ ਇਕ ਸੇਵਾਦਾਰ ਹੱਥ ਵਿਚ ਬਰਸ਼ੀ ਫੜੀ ਮਾਂ-ਧੀ ਨੂੰ ਦਬਕੇ ਮਾਰ ਰਿਹਾ ਸੀ।ਉਹ ਅੱਗੇ ਵਧ ਕੇ ਸੇਵਾਦਾਰ ਤੋਂ ਪੁੱਛਿਆ, “ਜਥੇਦਾਰ ਜੀ! ਇਨ੍ਹਾਂ ਤੋਂ ਕੀ ਖੁਨਾਮੀ ਹੋ ਗਈ ਏ?”

“ਇਨ੍ਹਾਂ ਨੇ ਏਸ ਸਥਾਨ ਦੀ ਪਵਿੱਤਰਤਾ ਭੰਗ ਕਰ ਦਿੱਤੀ ਆ,ਉਸ ਨੁ ਨੱਕ ਚੜ੍ਹਕੇ ਫਰਾਟਾ ਮਾਰਿਆ।

“ਪਵਿਤੱਰਤਾ ਕਿੰਦਾਂ ਬੰਗ ਕਰ ਦਿੱਤੀ ਏ ਇਨ੍ਹਾਂ?” ਲਖਬੀਰ ਸਿੰਘ ਨੂੰ ਸਮਝ ਨਹੀ ਸੀ ਆ ਰਹੀ ।

“ਇਹ ਜੋੜਿਆਂ ਸਣੀ ਆ ਗਈਆਂ ਨੇ,ਐਥੇ।”

“ਹੋਰ ਕਿੱਥੇ ਲਾਹੁੰਦੀਆਂ ਜੋੜੇ?”

“ਔਥੇ, ਉਸ ਨੇ ਦਸ ਕੁ ਗਜ਼ ਪਰ੍ਹਾਂ ਨੂੰ ਇਸ਼ਾਰਾ ਨੂੰ ਇਸ਼ਾਰਾ ਕੀਤਾ।

“ਜੀ,ਅਸੀਂ ਪਰਦੇਸ਼ੋ ਆਏ ਆਂ।ਇਨ੍ਹਾਂ ਤੋਂ ਅਣਜਾਣਪੁਣੇ ਚ ਭੁਲ ਹੋ ਗਈ ਏ।ਮੈਂ ਮਾਫੀ ਚਾਹੁੰਦਾ ਹਾਂ।ਅਸੀ ਪਾਣੀ ਨਾਲ ਇਹ ਥਾਂ ਧੋ ਦਿੰਦੇ ਹਾਂ।”

“ਪਾਣੀ ਨਾਲ ਧੋਤਿਆਂ ਭਿੱਟੀ ਥਾਂ ਸੁਚੀ ਹੋ ਜਾਊ?”ਉਸ ਫੇਰ ਫਰਾਟਾ ਮਾਰਿਆ।

“ਹੋਰ ਕਿੰਦਾਂ ਹੋਵੇਗੀ?ਤੁਸੀ ਹੁਕਮ ਕਰੋ,ਅਸੀ ਓਦਾਂ ਕਰ ਦਿੰਦੇ ਆਂ!”[3]

ਲਖਬੀਰ ਸਿੰਘ ਇੰਨੀ ਗੱਲ ਅਜੇ ਕਹਿ ਹੀ ਰਿਹਾ ਸੀ ਕਿ ਇਕ ਖੁਲ੍ਹੇ ਦਾੜ੍ਹੇ ਵਾਲਾ ਜਥੇਦਾਰ ਕਿਸਮ ਦਾ ਬੰਦਾ ਖੱਟੀ ਫਿਫਟੀ ਤੋਂ ਦੀ ਨੀਲੀ ਪੋਚਵੀਂ ਪੱਗ ਬੰਨੀ,ਗਲ ਵਿਚ ਕੱਚੀ ਮਲਮਲ ਦਾ ਕਲੀਆ ਕੁੜਤਾ ਤੇ ਚਿੱਟੇ ਲੱਠੇ ਦਾ ਧਾੜ ਧਾੜ ਕਰਦਾ ਰੇਬਦਾਰ ਪਜਾਮਾ ਲਈ,ਛੋਟੀ ਕਿਰਪਾਨ ਗਾਤਰੇ ਵਿਚ ਪਾਈ,ਸਾਢੇ ਤਿੰਨ ਫੁੱਟੀ ਕੱਛ ਵਿਚ ਲਈ ਤੇ ਪੈਰੀਂ ਨੋਕਾਂ ਵਾਲੀ ਕਾਲੇ ਕੁਰਮ ਦੀ ਸੁੱਚੇ ਤਿੱਲੇ ਨਾਲ ਮੜ੍ਹੀ ਪਾਈ ਬੜੀ ਮੜਕ ਨਾਲ ਉਨ੍ਹਾਂ ਦੇ ਕੋਲੋ ਅੱਗੇ ਲੰਘ ਗਿਆ।ਉਸ ਜਥੇਦਾਰ ਕਿਸਮ ਦੇ ਬੰਦੇ ਨੂੰ ਜੁੱਤੀ ਸਣੇ ਕੋਲ ਦੀ ਲੰਘਦਾ ਦੇਖ ਕੇ ਲਖਬੀਰ ਸਿੰਘ ਦੇ ਦਿਲ ਵਿਚ ਆਇਆ ਕਿ ਉਹ ਉਸ ਨੂੰ ਇਕ ਵਾਰ ਪੁੱਛੇ ਕਿ ਇਸ ਦੇ ਜੁੱਤੀ ਪਾ ਨਾਲ ਥਾਂ ਨਹੀ ਭਿੱਟੀ ਕਿ ਵਿਸ਼ੇਸ਼ ਬੰਦੇ ਦੀ ਜੁੱਤੀ ਵੀ ਵਿਸ਼ੇਸ਼ ਹੋ ਜਾਦੀ ਹੈ ਪਰ ਉਦੋਂ ਤੱਕ ਉਹ ਬਹੁਤ ਜਿਆਦਾ ਦੂਰ ਨਿਕਲ ਗਿਆ ਸੀ।[4] ਨਵਜੋਤ ਵੀ ਇਸ ਗੱਲ ਤੇ ਬਹੁਤ ਹੈਰਾਨ ਹੋਈ ਕਦੇ ਮਾਂ ਦੀ ਜੁੱਤੀ ਵੱਲ ਤੇ ਕਦੇ ਉਸ ਜਾਦੇ ਹੋਏ ਜਥੇਦਾਰ ਕਿਸਮ ਦੇ ਬੰਦੇ ਵਲ।ਇਸੇ ਤਰ੍ਹਾਂ ਲੰਗਰ ਹਾਲ ਵਿਚ ਵੀ ਸੇਵਾਦਾਰ ਚੱਜ ਨਾਲ ਗੱਲ ਨਹੀ ਕਰਦੇ ਜਿਵੇਂ:-

"ਖੜੇ ਕਹਤੋਂ ਆਂ? ਬੈਠਦੇ ਨਈਂ। ਲੰਗਰ ਨੀਂ ਛੱਕਣਾ?"

ਛੱਕਣਾ ਏ, ਖਾਲਸਾ ਜੀ," ਲਖਬੀਰ ਸਿੰਘ ਬੋਲਿਆ

"ਬੈਠਦੇ ਨਈਂ ਫੇਰ?"

ਉਹ ਅਜੇ ਗੱਲਾ ਹੀ ਕਰਦੇ ਹਨ ਕਿ ਇੰਨੇ ਨੂੰ ਕਿ ਦਾਲ ਵਾਲਾ ਸੇਵਾਦਾਰ ਵੀ ਆ ਗਿਆ। ਉਹ ਉਸ ਸੇਵਾਦਾਰ ਨਾਲੋਂ ਸੀਨੀਅਰ ਸੀ।ਉਹ ਆਉਦਾ ਹੀ ਕਹਿਣ ਲੱਗਾ, "ਬੈਠਣਾ ਤਾਂ ਬੈਠੋ, ਨਹੀ ਆਪਣੇ ਰਾਹ ਲਗੋ।"[5]

ਉਹ ਗੁਰਦੁਆਰੇ ਦੇ ਕੰਪਲੈਕਸ ਵਿਚੋ ਬਾਹਰ ਹੀ ਨਿਕਲੇ ਸਨ ਕਿਲਖਬੀਰ ਸਿੰਘ ਦਾ ਪੁਰਾਣਾ ਸਹਿਪਾਠੀ ਬਲਬੀਰ ਸਿੰਘ ਸੰਘੇੜਾ ਉਨ੍ਹਾਂ ਨੂੰ ਮਿਲ ਪਿਆ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਾਇਕ ਜਨਰਲ ਸਕੱਤਰ ਸੀ।ਲਖਬੀਰ ਸਿੰਘ ਨੇ ਉਹ ਨੂੰ ਆਪਣੀ ਪਤਨੀ ਤੇ ਬੇਟੀ ਨਾਲ ਮਿਲਾਇਆ।ਨਵਜੋਤ ਉਹਦੇ ਪੁਛੱਣ ਤੇ ਦੱਸਦੀ ਹੈ ਕਿ ਇਥੋ ਦਾ ਪ੍ਰਬੰਧ ਵਧੀਆ ਨਹੀ ਹੈ।ਲੰਗਰ ਹਾਲ ਦੀ ਗੱਲ ਵੀ ਦੱਸਦੀ ਹੈ।

**ਪੰਜਾਬੀਆ ਤੇ ਪੱਛਮੀਕਰਨਦਾ ਪ੍ਰਭਾਵ**-ਪੰਜਾਬੀ ਤੇ ਪੱਛਮੀ ਕਰਨ ਦਾ ਬਹੁਤ ਪ੍ਰਭਾਵ ਪਿਆ ਹੈ।ਉਹ ਆਪਣੀ ਹਰ ਗੱਲ, ਹਰ ਕੰਮ,ਆਪਣੀ ਰੋਜ਼ ਮਰਾ ਦੀ ਜ਼ਿਦੰਗੀ ਉਨ੍ਹਾਂ ਵਾਂਗ ਹੀ ਗੁਜਾਰਣਾ ਚਾਹੁੰਦੇ ਹਨ ਜਿਸ ਕਰਨ ਉਹ ਉਨ੍ਹਾਂ ਦਾ ਪ੍ਰਭਾਵ ਕਬੂਲੀ ਜਾਂਦੇ ਹਨ।ਪ੍ਰਵਾਸ ਧਾਰਨ ਕਰਕੇ ਗਏ ਪੰਜਾਬੀ ਹਰ ਗੱਲ ਸਵਿਕਾਰ ਕਰਦੇ ਹਨ ਉੱਥੋਂ ਦੀ ਸਿਵਾਏ ਇਸ ਗੱਲ ਦੇ ਕਿ ਉਹਨਾਂ ਦੇ ਬੱਚੇ ਉਨ੍ਹਾਂ ਦੀ ਮਰਜੀ ਤੋ ਬਿੰਨ੍ਹਾਂ ਕਿਸੇ ਅਗੰਰੇਜ਼ ਮੁੰਡੇ ਨਾਲ ਵਿਆਹ

ਕਰਾਉਣ ।ਪੱਛਮੀ ਕਰਨ ਦੇ ਕਾਰਨ ਭਾਰਤੀਆਂ ਨੂੰ ਬਹੁਤ ਸਾਰੀਆਂ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈਦਾ ਹੈ।ਇਸ ਦੇ ਕੁਝ ਕੁ ਕਾਰਨ ਇਸ ਤਰ੍ਹਾਂ ਹਨ-

ਇਸ ਨਾਵਲ ਦੀ ਮੁੱਖ ਪਾਤਰ ਨਵਜੋਤ ਪੂਰੀ ਤਰ੍ਹਾਂ ਪੱਛਮ ਦੇ ਪ੍ਰਭਾਵ ਵਿਚ ਰੰਗੀ ਹੋਈ ਹੈ।ਉਸਦੀ ਹਰ ਗੱਲ ਵਿਚੋਂ ਪੱਛਮ ਝਲਕਦਾ ਹੈ ਉਸਦੇ ਰਹਿਣ ਸਹਿਣ, ਉਸਦਾ ਪਹਿਰਾਵਾ, ਉਸਦੀ ਬੋਲ ਚਾਲ, ਉਸਦੇ ਦੋਸਤ ਮਿੱਤਰ ਸਭ ਪੱਛਮੀ ਹਨ।ਉਸ ਦੀ ਹਰ ਗੱਲ ਉਨ੍ਹਾਂ ਦੇ ਅਨੁਸਾਰ ਹੀ ਹੁੰਦੀ ਸੀ।ਪੜਾਈ ਕਰਦੀ ਕਰਦੀ ਹੀ ਉਹ ਆਪਣੀ ਇਕ ਪ੍ਰਫੈਸਰ ਜੈਕੀ ਗ੍ਰੀਨ ਤੋਂ ਕਾਫੀ ਪ੍ਰਭਾਵਿਤ ਸੀ।ਪ੍ਰਭਾਵਿਤ ਹੀ ਨਹੀ,ਓਹਦੀ "ਔਰਤ ਦੀ ਸੁਤੰਤਰ ਹੋਂਦ" ਨਾਂ ਦੀ ਸੰਸਥਾ ਦੀ ਬੜੀ ਸਰਗਰਮ ਮੈਂਬਰ ਵੀ ਸੀ।ਇਹ ਸੰਸਥਾ ਇਸ ਗੱਲ ਦਾ ਪ੍ਰਚਾਰ ਕਰਦੀ ਸੀ ਕਿ ਵਿਆਹ ਕਰਾਉਣ ਨਾਲ ਔਰਤ ਦੀ ਸੁਤੰਤਰ ਹੋਂਦ ਨਹੀਂ ਰਹਿੰਦੀ।ਉਹਨੂੰ ਮਰਦ ਦੀ ਯਸ ਮੈਨ ਬਣ ਕੇ ਸਾਰੀ ਉਮਰ ਲੰਘਾਉਣੀ ਪੈਂਦੀ ਹੈ।ਏਸ਼ੀਅਨ ਮਰਦ ਤਾਂ ਇਹ ਗੱਲ ਸੋਚ ਹੀ ਨਹੀ ਸਕਦਾ ਕਿ ਔਰਤ ਵੀ ਵਿਅਕਤੀ ਹੈ।ਉਹਦੀ ਵੀ ਕੋਈ ਹੋਂਦ ਹੈ।ਉਹਦੀ ਨਜ਼ਰ ਵਿਚ ਮਰਦ ਤੋਂ ਬਿੰਨ੍ਹਾਂ ਔਰਤ ਦੀ ਹੁੰਦੀ ਹੀ ਨਹੀ।

ਪ੍ਰੋ. ਜੈਕੀ ਗਰੀਨ ਇਹ ਵੀ ਕਹਿੰਦੀ ਸੀ ਕਿ ਏਸ਼ੀਅਨ ਮਰਦ ਦਾ ਇਹ ਵੀ ਵਿਚਾਰ ਹੈ ਕਿ ਇਸਤਰੀ,ਇਸਤਰੀ ਹੀ ਹੁੰਦੀ ਹੈ।ਭਾਵੇਂ ਉਹ ਕਿੰਨੀ ਵੀ ਪੜ੍ਹੀ ਲਿਖੀ ਹੋਵੇ,ਕਿੰਨੀ ਵੀ ਇੰਨਟੈਲੀਜ਼ੈਂਟ ਕਿੰਨੀ ਵੀ ਵਧੀਆਂ ਨੌਕਰੀ ਤੇ ਕਿਉਂ ਨਾ ਹੋਵੇ।ਮਨਿਸਟਰ, ਪ੍ਰਾਈਮਨਿਸਟਰ ਤਾਂ ਬਣ ਸਕਦੀ ਹੈ।ਵੱਡੀ ਤੋਂ ਵੱਡੀ ਅਫਸਰੀ ਵੀ ਕਰ ਸਕਦੀ ਹ ਪਰ ਜਿੰਦਗੀ ਦੇ ਜਾਂ ਘਰ ਦੇ ਨਿਰਣੇਦਾਇਕ ਫੈਸਲੇ ਨਹੀ ਸਕਦੀ।ਉਥੇ ਉਹ ਹੈਂਡੀਕੈਪਟ ਬਣ ਬਣ ਜਾਂਦੀ ਹੈ।ਘਰ ਜਾਂ ਪਰਿਵਾਰ ਦੇ ਫੈਸਲੇ ਕਰਨ ਵੇਲੇ ਉਸ ਦੀ ਕੋਈ ਰਾਏ ਨਹੀ ਪੁੱਛਦਾ।

ਇਨ੍ਹਾਂ ਸਾਰੀਆ ਗੱਲਾਂ ਦਾ ਨਵਜੋਤ ਇਹ ਅਸਰ ਹੋਇਆ ਕਿ ਉਹ ਵਿਆਹ ਨਾ ਕਰਾਉਣ ਦਾ ਪੱਕਾ ਮਨ ਬਣਾ ਲਿਆ ਸੀ ਪਰ ਉਸ ਦੇ ਘਰ ਦੇ ਉਸ ਲਈ ਮੁੰਡਾ ਦੇਖਣ ਲੱਗ ਜਾਦੇ ਪਰ ਉਹ ਹਰ ਮੁੰਡੇ ਨੂੰ ਮਨਾ ਕਰ ਦਿੰਦੀ ਆ।ਜਿਸ ਤੇ ਉਸ ਦੇ ਘਰ ਦੇ ਬਹੁਤ ਦੁਖੀ ਹੁਦੇ ਹਨ ਜਿਸ ਕਾਰਨ ਉਸਦੀ ਘਰਦਿਆ ਨਾਲ ਹਮੇਸ਼ਾ ਹੀ ਬਹਿਸ ਹੁੰਦੀ ਰਹਿੰਦੀ ਹੈ। ਇਸ ਤਰਾ ਜਦੋਂਉਹ ਤਲਵਿੰਦਰ ਨੂੰ ਮਿਲਦੀ ਹੈ ਤਾਂ ਤਲਵਿੰਦਰ ਉਸ ਨੂੰ ਪਸੰਦ ਆ ਜਾਂਦਾ ਹੈ ਪਰ ਉਹ ਉਸ ਨਾਲ ਵਿਆਹ ਨਾ ਕਰਾ ਕੇ ਉਸ ਦੇ ਨਾਲ ਪਾਰਟਨਰ ਦੇ ਤੋਰ ਤੇ ਰਹਿਣ ਲਈ ਮੰਨ ਜਾਂਦੀ। ਉਹ ਵੀ ਉਸ ਦੀ ਇਹ ਗੱਲ ਨੂੰ ਸਵਿਕਾਰ ਕਰ ਲੈਦਾ ਹੈ ਇਹ ਸਭ ਪੱਛਮ ਦੇ ਪ੍ਰਭਾਵ ਦੇ ਕਾਰਨ ਹੀ ਹੁੰਦਾ ਹੈ ਕਿਉਂਕਿ ਇਹ ਸਭ ਭਾਰਤੀਆ ਅਨੁਸਾਰ ਬਹੁਤ ਮਾੜੀ ਹੈ ਕਿ ਵਿਆਹ ਤੋਂ ਬਿੰਨ੍ਹਾਂ ਕਿਸੇ ਮਰਦ ਨਾਲ ਰਹਿਣਾ। ਪੰਜ਼ਾਬੀ ਸੱਭਿਆਚਾਰ ਇਸ ਗੱਲ ਦੀ ਗਵਾਹੀ ਕਦੀ ਨਹੀ ਭਰਦਾ।ਉਹ ਵਿਆਹ ਨੂੰ ਤਰਜ਼ੀਹ ਦਿੰਦੇ ਹਨ ਜਿਸ ਦੇ ਕਾਰਨ ਨਵਜੋਤ ਦੇ ਘਰ ਵੀ ਵਿਆਹਉਸ ਦਾ ਵਿਆਹ ਕਰਨਾ ਚਾਹੁੰਦੇ ਹਨ ਪਰ ਉਹ ਹਰ ਵਾਰ ਗੱਲ ਟਾਲ ਦਿੰਦੀ ਹੈ।ਉਸ ਦੇ ਘਰ ਦੇ ਵੀ ਉਸ ਤੋਂ ਅੱਕ ਜਾਦੇ ਜਿਸ ਕਾਰਨ ਉਸ ਨੂੰ ਕਹਿੰਦੇ ਹਨ ਕਿ ਉਹ ਉਨ੍ਹਾ ਲਈ

ਮਰ ਗਈ ਤੇ ਉਹ ਉਸ ਲਈ। ਉਹ ਵੀ ਉਨ੍ਹਾਂ ਦੀ ਗੱਲ ਮੰਨਣ ਥਾਂ ਘਰ ਛੱਡ ਦਿੰਦੀ ਹੈ ਤੇ ਤਲਵਿੰਦਰ ਨਾਲ ਰਹਿਣ ਲੱਗ ਜਾਂਦੀ ਹੈ।

ਔਰਤ ਦੀ ਸੁਤੰਤਰਤਾ ਦੀ ਹਾਮੀ ਭਰਨ ਦੇ ਕਾਰਨ ਉਹ ਜਿੰਨ੍ਹਾ ਵੀ ਖ਼ਰਚਾ ਹੁੰਦਾ ਹੈ ਅੱਧਾ ਅੱਧਾ ਕਰ ਲੈਦੀ ਹੈ ਜਿਸ ਕਾਰਨ ਉਸ ਨੂੰ ਲੱਗਦਾ ਕਿ ਇਸ ਨਾਲ ਉਸ ਦੀ ਅਜ਼ਾਦੀ ਨੂੰ ਕੋਈ ਠੇਸ ਨਹੀ ਪਹੁੰਚੇ ਗੀ ਤੇ ਉਸੀ ਆਜ਼ਾਦੀ ਵੀ ਬਣੀ ਰਹੇ ਗੀ।ਉਹ ਇਕੱਠੇ ਵੀ ਰਹੀ ਜਾਂਣ ਗੇ।

ਨਸਲੀ ਵਿਤਕਰਾ ਵੀ ਪੱਛਮ ਦੀ ਬਹੁਤ ਵੱਡੀ ਤੇ ਲਾਇਲਾਜ਼ ਬਿਮਾਰੀ ਹੈ ਕਿਉਂਕਿ ਇਸ ਦੇ ਪ੍ਰਭਾਵ ਨਾਲ ਪੰਜਾਬੀ ਨੂੰ ਬਹੁਤ ਕੁਝ ਸਹਿਣਾ ਪੈਂਦਾ ਹੈ ਇਸ ਗੱਲ ਦੇ ਪ੍ਰਭਾਵ ਦਾ ਹਿਸਾਬ ਉਹਨਾਂ ਨੂੰ ਹਰ ਸਮੇ ਹਰ ਥਾਂ ਦੇਣਾ ਹੈ ਕਿਉਂਕਿ ਉਹ ਉਨ੍ਹਾਂ ਨੂੰ ਬਹੁਤ ਨਫਰਤ ਕਰਦੇ ਹਨ ਜਿਸ ਕਾਰਨ ਉਨ੍ਹਾਂ ਨਾਲ ਵਿਤਕਰਾ ਹੁੰਦਾ ਰਹਿੰਦਾ ਹੈ।ਚਾਹੇ ਕੋਈ ਕੰਮ ਕਰਨਾ ਹੈ ਜਾ ਕਿਸੇ ਥਾਂ ਆਉਣਾ ਜਾਂਣਾ ਹੈ।

ਜਦੋਂ ਮਨਜੀਤ ਕੰਮ ਤੇ ਲੱਗਦੀ ਹੈ।ਉਸ ਦੀ ਸੀਨੀਅਰ ਔਰਤਾਂ ਜੋ ਪੱਛਮੀ ਹਨ ਉਸ ਨਾਲ ਬਹੁਤ ਮਾੜਾ ਸਲੂਕ ਕਰਦੀ ਹਨ। ਉਸ ਨੂੰ ਬਹੁਤ ਤੰਗ ਕਰਦੀਆ ਹਨ ਉਸ ਦਾ ਕੰਮ ਵਧਾ ਦਿੰਦੀਆ ਹਨ। ਉਸ ਦੀ ਗਲਤ ਸ਼ਕਾਇਤ ਕਰਦੀ ਦਿੰਦੀਆਂ ਹਨ। ਜਿਸ ਕਾਰਨ ਉਸਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।ਪਰ ਫਿਰ ਵੀ ਉਹ ਕਿਸੇ ਦੀ ਪਰਵਾਹ ਨਹੀ ਕਰਦੀ।

ਜਿੰਨ੍ਹਾਂ ਚਿਰ ਸਰੀਰ ਮਘਿਆ ਰਹਿੰਦਾ,ਓਨਾ ਚਿਰ ਕਿਸੇ ਨਾ ਕਿਸੇ ਤਰ੍ਹਾਂ ਕੰਮ ਨੂੰ ਧੱਕੀ ਜਾਦੀ। ਜਿਉਂ ਜਿਉਂ ਸਰੀਰ ਵਿਚੋਂ ਗਰਮਾਇਸ਼ ਨਿਕਲਦੀ ਜਾਂਦੀ,ਉਹ ਆਕੜੀ ਜਾਂਦਾ। ਉਹ ਕੰਮੋ ਆ ਕੇ ਸਰੀਰ ਨੂੰ ਤੇਲ ਮਲ ਕੇ ਗਰਮ ਪਾਣੀ ਨਾਲ ਇਸ਼ਨਾਨ ਕਰਦੀ ਤਾਂ ਕਿਤੇ ਹੱਡ ਤੁਰਨ ਜੋਗੇ ਹੁੰਦੇ।

ਮਨਜੀਤ ਚਾਦਰਾ ਨਾਲ ਘੁਲ ਹੀ ਰਹੀ ਹੁੰਦੀ ਕਿ ਉ ਖਿੜ ਖਿੜਾ ਕੇ ਹੱਸ ਪੈਂਦੀਆਂ।ਹਾਸੇ ਦੀ ਗੂੰਜ ਸੁਣ ਕੇ ਉਹ ਤ੍ਰਿਬਕ ਕੇ ਉਨ੍ਹਾਂ ਵਲ ਦੇਖਦੀ ਤਾਂ ਚਾਰਜ਼-ਹੈਂਡ ਦੰਦ ਜਿਹੇ ਕਢਦੀ ਕਹਿੰਦੀ,“ਵਟਸ ਮੈਟਾ,ਮਿਸੇਜ਼ ਇੰਡੀਆ?”

ਮਨਜੀਤ ਉਨ੍ਹਾਂ ਸਾਰੀਆਂ ਨਾਲੋ ਵੱਧ ਜਾਂਣਦੀ ਸੀ ਪਰ ਉਸ ਨੂੰ ਇਹ ਸਮਝ ਨਹੀ ਲੱਗਦਾ ਸੀ ਕਿ ਉਹ ਉਸਨੂੰ ਮਿਸੇਜ਼ ਇੰਡੀਆ ਕਿਉਂ ਕਹਿੰਦੀਆ ਹਨ।

ਉਹ ਬੁੜ ਬੁੜ ਹੀ ਕਰਦੀ ਸੀ ਕਿ ਚਾਰਜ਼-ਹੈਂਡ ਫੋਰਮੈਨ ਕੋਲ ਉਸਦੀ ਸ਼ਿਕਾਇਤ ਲਾਉਣ ਤੁਰ ਜਾਂਦੀ ਹੈ। ਉਸ ਆ ਕੇ ਪੱਛਿਆ, “ਕੀ ਗੱਲ ਏ, ਮਿਸਜ਼ ਮਾਨ?”

"ਕਾਹਦੀ ਗੱਲ?" ਮਨਜੀਤ ਹੈਰਾਨ ਹੁੰਦੀ।

"ਇਹ ਤੇਰੀ ਕੰਪਲੇਂਟਕਰ ਰਹੀ ਏ।"

"ਫੇਰ ਇਹਦੇ ਕੋਲੋਂ ਈ ਪੁੱਛ ਲਓ ਕਿ ਕੀ ਗੱਲ ਏ?"ਮਨਜੀਤ ਨੇ ਰਤਾ ਗੱਸੇ ਨਾਲ ਫੋਰਮੈਨ ਤੋਂ ਪੱਛਿਆ।

"ਕੀ ਗੱਲ ਕੈਥਰੀਨ?" ਫੋਰਮੈਨ ਨੇ ਚਾਰਜ-ਹੈਂਡ ਨੂੰ ਕਿਹਾ।

"ਇਹ ਮੈਨੂੰ ਇੰਡੀਅਨ ਚ ਗਾਲ੍ਹਾਂ ਕਢਦੀ ਆ?"ਚਾਰਜ ਹੈਂਡ ਨੇ ਬੜੀ ਘਿਰਣਾ ਨਾਲ ਮਨਜੀਤ ਨੂੰ ਦੇਖਿਆ।

"ਮੈ ਕਿਸੇ ਨੂੰ ਗਾਲ੍ਹ ਨਹੀ ਕੱਢੀ। ਇਹ ਗਲਤ ਬਿਆਨ ਕਰਦੀ ਏ, ਮਿਸਟਰ ਹਾਲ।"

"ਜੇ ਤੂੰ ਇੰਡੀਅਨ ਭਾਸ਼ਾ ਚ ਗੱਲ ਨਾ ਕਰੇਂ ਥਾ ਇਹ ਆਪੇ ਨਾ ਗਲਤ ਸਮਝਿਆ ਕਰੇ।"[6]

ਜਿੱਥੇ ਨਸਲੀ ਵਿਤਕਰਾ ਹੈ ਉਥੇ **ਨਸਲੀ ਵਿਤਕਰੇ ਦੇ ਵਿਰੁੱਧ ਬਗਾਵਤ ਵੀ** ਹੈ ਕਿਉਂਕਿ ਮਨਜੀਤ ਤੇ ਸੁਖਵਿੰਦਰ ਦੇ ਦੁਆਰਾ ਉਸ ਦੀਆਂ ਸਹਿਕਰਮੀ ਦੀ ਕੀਤੀ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਵੀ ਹੱਕ ਹੈ ਆਪਣੀ ਗੱਲ ਰੱਖਣ ਦਾ ਜਿਸ ਕਾਰਨ ਉਹਨਾਂ ਦੀ ਵੀ ਸੁਣਵਾਈ ਹੁੰਦੀ ਹੈ ਤੇ ਉਹਨਾਂ ਨੂੰ ਵੀ ਵਾਰਨਿੰਗ ਦਿੱਤੀ ਜਾਂਦੀ ਹੈ।

ਇਸ ਤਰਾ ਉਸ ਨੂੰ ਥਾਂ ਥਾਂ ਇਸ ਗੱਲ ਦੇ ਕਰਕੇ ਬੇ ਇੱਜਤੀ ਸਹਿਣ ਕਰਨੀ ਪੈਂਦੀ ਹੈ।ਇਸ ਦਾ ਕਾਰਨ ਇਹ ਸੀ ਸਿਰਫ ਕਿ ਉਹ ਇੰਡੀਅਨ ਆ।ਇਸ ਸਭ ਦਾ ਪ੍ਰਭਾਵ ਨਾਵਲ ਵਿਚ ਬਹੁਤ ਦਾਰੇ ਥਾਂਵਾਂ ਤੇ ਦੇਖਿਆ ਜਾ ਸਕਦਾ ਇੰਡੀਅਨ ਵੀ ਪੱਛਮੀ ਲੋਕਾ ਨੂੰ ਜਿਆਦਾ ਪਸੰਦ ਨਹੀ ਕਰਦੇ ਇਹ ਹੀ ਕਾਰਨ ਹੈ ਕਿ ਨਵਜੋਤ ਦੀ ਮਾਂ ਓਸਦੀ ਜਾਹਨ ਕੀਥ ਨੂੰ ਦੇਖ ਕੇ ਬਰਦਾਸ਼ਤ ਨਹੀ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਦੀ ਧੀ ਇਸ ਗੋਰੇ ਦੇ ਕਾਰਨ ਹੀ ਪਰੇਗਨਟ ਹੋਈ ਸੀ ਕਿਉਂਕਿ ਉਹ ਇਸ ਸਚਾਈ ਤੋ ਅਣਜਾਣ ਸੀ ਕਿ ਨਵਜੋਤ ਦੇ ਤਲਵਿੰਦਰ ਨਾਲ ਸਰੀਰਕ ਸਬੰਧ ਸਨ ਤੇ ਉਸ ਦੇ ਬੱਚੇ ਦਾ ਬਾਪ ਤਲਵਿੰਦਰ ਸੀ ਨਾ ਕਿ ਜਾਹਨ ਕੀਥ। ਉਹ ਗੋਰਿਆ ਨਾਲ ਇੰਨੀ ਨਫਰਤ ਕਰਨ ਲੱਗ ਜਾਂਦੀ ਹੈ ਕਿ ਉਹ ਕਿਸੇ ਗੋਰੇ ਦੀ ਟੈਕਸੀ ਵਿਚ ਵੀ ਬੈਠਣਾ ਨਹੀ ਚਾਹੁੰਦੀ। ਇਕ ਨਾਲ ਨਫ਼ਰਤ ਉਸ ਨੂੰ ਸਾਰੇ ਉਦਾ ਦੇ ਲੋਕਾ ਨਾਲ ਨਫ਼ਰਤ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ।ਭਾਵ ਕਿ ਇਹ **ਨਸਲੀ ਵਿਤਕਰਾ ਦੋਨਾਂ ਪਾਸੇ ਹੈ** ਤੇ ਇਸ ਦਾ ਕਿਸੇ ਕੋਲ ਪੱਕਾ ਇਲਾਜ ਨਹੀ ਹੈ। ਬਸ ਆਵੇ ਹੀ ਜ਼ਿੱਦ ਬਾਜੀ ਵਿਚ ਇਕ ਦੂਜੇ ਇਕ ਦੂਜੇ ਨਾਲ ਨਫ਼ਰਤ ਕਰੀ ਜਾਂਦੇ ਹਨ।ਜੋ ਹਮੇਸ਼ਾ ਤੋ ਚੱਲੀ ਆ ਰਹੀ ਹੈ ਤੇ ਚੱਲੀ ਜਾਣੀ ਹੈ।ਪੰਜਾਬੀ ਸਭ ਕੁਝ ਅਪਣਾ ਲੈਂਦੇ ਹਨ ਪਰ ਆਪਣੇ ਬੱਚਿਆ ਦਾ ਵਿਆਹ ਆਪਣੀ ਬਰਾਦਰੀ ਵਿਚ ਹੀ ਕਰਨਾ ਚਾਹੁੰਦੇ ਹਨ।

ਇਸ ਨਾਵਲ ਵਿਚ ਜਿਥੇ **ਨਸਲੀ ਵਿਤਕਰਾ** ਹੈ ਉਥੇ ਕਦਰਾਂ ਕੀਮਤਾ ਤੋਂ ਹਟ ਕੇ ਵਿਚਰਨ ਵਾਲੇ ਲੋਕਾ ਦਾ ਦੁਖਾਂਤ ਹੈ।ਕਿਉਂਕਿ ਇਸ ਨਾਵਲ ਵਿਚ ਨਵਜੋਤ ਕਦਰਾ ਕੀਮਤਾ ਤੋ ਹਟ ਕੇ ਨਵੀ ਪੈੜਾਂ ਪਾਉਦੀ ਹੈ।ਉਹ ਸਮਾਜਕ ਬੰਧਨਾ ਵਿਚ ਨਹੀ ਬੰਨ ਕੇ ਰਹਿਣ ਚਾਹੁੰਦੀ।ਉਹ ਵਿਆਹ ਸੰਸਥਾ ਨੂੰ ਵਿਅਰਥ ਮੰਨਦੀ ਤੇ ਵਿਆਹ ਕਰਾਉਣ ਨੂੰ ਔਰਤ ਦੀ ਸਭ ਤੋ ਵੱਡੀ ਗੁਲਾਮੀ ਸਮਝਦੀ ਹੈ ।ਉਸ ਅਨੁਸਾਰ ਔਰਤ ਨੂੰ ਗੁਲਾਮ ਬਣਾਉਣ ਦਾ ਇਹ ਸਭ ਤੋ ਵਧੀਆਂ ਤਰੀਕਾ ਹੈ।ਇਸ ਲਈ ਉਹ ਇਸ ਵਿਆਹ ਨਾਂ ਦਾ ਪਟਾ ਆਪਣੇ ਗਲ ਚ ਨਹੀ ਪਾਉਣਾ ਚਾਹੁੰਦੀ। ਇਸ ਲਈ ਉਹ ਜਿਸ ਨਾਲ ਵੀ ਰਹਿੰਦੀ ਹੈ ਪਾਟਨਰਸ਼ਿਪ ਦੇ ਤੋਰ ਤੇ ਉਸ ਨਾਲ ਜੋ ਵੀ ਖ਼ਰਚ ਹੁੰਦਾ ਹੈ ਉਹ ਉਸ ਨਾਲ ਅੱਧਾ ਅੱਧਾ ਕਰਦੀ ਹੈ ਤਾਂ ਕਿ ਕੋਈ ਉਸ ਨੂੰ ਇਹ ਨਾ ਕਹੇ ਕਿ ਉਸ ਨੇ ਉਸ ਤੇ ਖ਼ਰਚ ਕੀਤਾ ਹੈ।ਇਸ ਗੱਲ ਕਰਕੇ ਉਹ ਹਿੱਸਾ ਵੰਡ ਲੈਂਦੀ ਹੈ ਤਾਂ ਕਿ ਕੱਲ ਨੂੰ ਉਸ ਨੂੰ ਕਿਸੇ ਦੀ ਗੱਲ ਨਾ ਸੁਣਨੀ ਪਵੇਂ।ਇਥੋ ਤਕ ਉਹ ਆਪਣੇ ਆਪ ਨੂੰ ਆਜ਼ਾਦ ਸਮਝਦੀ ਹੈ ਘਰ ਚ ਜਾਂ ਵੀ ਖ਼ਰਚਾ ਆਪ ਕਰਦੀ ਹੈ ਤੇ ਕਹਿੰਦੀ ਕੋਈ ਗੱਲ ਨਹੀ ਮੈ ਆਪਣਾ ਕਮਾਉਦੀ ਹਾਂ ਪਰ ਉਸ ਦੇ ਘਰ ਦੇ ਇਸ ਗੱਲ ਨੂੰ ਬੁਰਾ ਸਮਝਦੇ ਹਨ।

ਇਸ ਤੋਂ ਬਿੰਨ੍ਹਾਂ ਮਨਜੀਤ ਜਦੋ ਆਪਣੀ ਸੱਸ ਦੀ ਮਰਜ਼ੀ ਤੋ ਬਿੰਨ੍ਹਾਂ ਕੰਮ ਕਰਨ ਲੱਗਪੈਂਦੀ ਹੈ ਤਾਂ ਉਸ ਦੀ ਸੱਸ ਉਸ ਨਾਲ ਕੋਈ ਕੰਮ ਨਹੀ ਕਰਾਉਂਦੀ ਉੱਪਰ ਦੀ ਉਸ ਨੂੰ ਸੁਣਾਉਦੀ ਹੈ।ਇਸ ਗੱਲ ਨੂੰ ਉਸ ਆਪਣੇ ਖਿਲਾਫ ਭਾਵ ਬਗਾਵਤ ਸਮਝਦੀ ਹੈ ਕਿ ਉਹ ਘਰੋ ਬਾਹਰ ਜਾਂ ਕੇ ਕੰਮ ਕਰੇ ਫਿਰ ਉਹ ਕਹਿੰਦੀ ਹੈ। ਕਿ ਉਹ ਆਪਣੀ ਮਰਜ਼ੀ ਨਾਲ ਕੰਮ ਕਰਨ ਲੱਗੀ ਆ ਉਹ ਕਿਉਂ ਉਦੇ ਨਾਲ ਕੰਮ ਕਰਾਵੇ ਜਦੋਂ ਲਖਬੀਰ ਸਿੰਘ ਉਸ ਨੂੰ ਕਹਿੰਦਾ ਹੈ ਕਿ ਉਹ ਵੀ ਕੰਮ ਕਰਦੀ ਆਈ ਹੈ ਉਸ ਨਾਲ ਕੋਈ ਕੰਮ ਕਾਰ ਕਰਾ ਦੇਵੇ ਪਰ ਉਹ ਆਨਾ ਕਾਨੀ ਕਰਦੀ ਹੈ ਤਾਂ ਉਹ ਕਹਿੰਦਾ ਹੈ ਕਿ ਮੈ ਇਹ ਕੰਮ ਕਰਾਉਦਾ ਚੰਗਾ ਨਹੀ ਲੱਗਦਾ।ਇਸ ਗੱਲ ਤੇ ਉਹ ਬਹੁਤ ਨਰਾਜ਼ ਹੁੰਦੀ ਹੈ ਕਿ ਉਸ ਨੇ ਉਸ ਦੀ ਕਦੇ ਕੋਈ ਮਦੱਦ ਨਹੀ ਸੀ ਕਰਦਾ।ਹੁਣ ਨੂੰਹ ਕੰਮ ਕਰਦੀ ਝੱਲ ਨਹੀ ਹੁੰਦੀ ਇਸ ਗੱਲ ਤੇ ਜਦੋਂ ਉਹ ਕੰਮ ਕਰਾਉਣ ਲਈ ਜਾਂਦੀ ਹੈ ਤਾਂ ਮਨਜੀਤ ਦੇ ਨਾਂਹ ਕਰਨ ਤੇ ਕਹਿੰਦੀ ਹੈ ਕਿ ਸਹੁਰੇ ਤੇਰੇ ਦੀ ਤਾਂ ਜਾਨ ਨਿਕਲਦੀ ਤੈਨੂੰ ਕੰਮ ਕਰਦੀ ਨੂੰ ਦੇਖ ਕੇ।ਜਦੋਂ ਸਖੁਵਿੰਦਰ ਉਸ ਦੀ ਮੱਦਦਕਰਾਉਂਦਾ ਹੈ। ਉਹ ਫੇਰ ਵੀ ਖਿਝਦੀ ਹੈ ਪਰ ਜਦੋਂ ਉਹ ਉਸ ਨੂੰ ਆਪਣੀ ਤਨਖਾਹ ਦਿੰਦੀ ਹੈ ਤਾਂ ਉਹ ਖੁਸ਼ ਬਹੁਤ ਹੈ ਕਿ ਉਸ ਦੀ ਨੂੰਹ ਨੇ ਉਸ ਦਾ ਆਦਰ ਮਾਣ ਕੀਤਾ ਹੈ।

ਇਸ ਨਾਵਲ ਵਿਚ **ਔਰਤ ਉੱਤੇ ਦਮਨ ਭਾਵ ਸ਼ੋਸ਼ਣ ਦੀ ਪੇਸ਼ਕਾਰੀ** ਵੀ ਕਰਦਾ ਹੈ ਕਿਉਂਕਿ ਇਹ ਨਾਵਲ ਵਿਚ ਜਿਥੇ ਔਰਤ ਦੀ ਸੁਤੰਤਰਤਾ ਗੱਲ ਹੈ ਉਥੇ ਉਸ ਦੇ ਸ਼ੋਸ਼ਣ ਦੀ ਵੀ ਆਉਂਦੀ ਹੈਕਿਉਂਕਿ ਇਸ ਨਾਵਲ ਵਿਚ ਭਾਵੇਂ ਔਰਤ ਦੀ ਆਜ਼ਾਦੀ ਦਿਖਾਈ ਗਈ ਹੈ ਪਰ ਫਿਰ ਵੀ ਉਹ ਸੁਤੰਤਰ ਨਹੀ ਹੈ ਉਸ ਦਾ ਹਰ ਮੋੜ ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਉਹ ਇੰਨੀ ਗੁਲਾਮ ਆ ਕਿ ਹਰ ਛੋਟੇ ਤੋਂ ਛੋਟੇ ਕੰਮ ਲਈ ਉਸ ਨੂੰ ਮਰਦ ਤੋਂ ਪੁੱਛਣਾ ਪੈਂਦਾ ਹੈ।ਜਿਵੇਂ ਇਸ ਨਾਵਲ ਵਿਚ ਦਿਖਾਇਆ ਗਿਆ ਹੈ ਕਿ ਸ਼ਰਨ ਕੌਰ ਆਪਣੇ ਪਤੀ ਤੇ ਮਨਜੀਤ

ਆਪਣੇ ਪਤੀ ਤੋਂ ਬਿੰਨ੍ਹਾਂ ਪੈਰ ਨਹੀ ਪੱਟਦੀ। ਇਸ ਨਾਵਲ ਵਿਚ ਮਨਜੀਤ ਦੋਹਰੇ ਅੱਤਿਆਚਾਰ ਸਹਿੰਦੀ ਕਿਉਂਕਿ ਇਕ ਤਾਂ ਉਹ ਕੰਮ ਕਰਦੀ ਹੈ ਉੱਪਰਦੀ ਉਹ ਦੀ ਕੋਈ ਘਰ ਦੇ ਕੰਮ ਕਰਨ ਚ ਮੱਦਦ ਨਹੀ ਕਰਦਾ ਤੇ ਉਹ ਆਪਣੀ ਸੱਸ ਤੇ ਪਤੀ ਦੇ ਅਨੁਸਾਰ ਹੀ ਚੱਲਦੀ ਹੈ। ਜਿਸ ਦੀ ਹਾਲਤ ਨਵਜੋਤ ਤੋਂ ਨਹੀ ਦੇਖੀ ਜਾਂਦੀ ਜਿਸ ਕਾਰਨ ਉਹ ਵਿਆਹ ਤੋਂ ਹੋਰ ਵੀ ਤਫ਼ਰਤ ਕਰਨ ਲੱਗ ਜਾਂਦੀ ਹੈ। ਕਿਉਂਕਿ ਉਹ ਕਿਸੇ ਦੀ ਗੁਲਾਮ ਨਹੀ ਬਣ ਸਕਦੀ।ਇਸ ਕਰਕੇ ਉਹ ਇਸ ਸੰਸਥਾ ਵਿਚ ਵਿਸ਼ਵਾਸ਼ ਨਹੀ।ਇਸ ਕਰਕੇ ਉਹ ਘਰ ਦਿਆਂ ਦੀ ਗੱਲ ਨਹੀ ਮੰਨਦੀ ਤੇ ਪਾਰਟਨਰਸ਼ਿਪ ਕਰਨ ਲਈ ਮਨ ਬਣਾ ਲੈਦੀ ਹੈ ਤੇ ਉਹ ਇਸ ਗੱਲ ਤੇ ਵੀ ਅੜ੍ਹੀ ਰਹੀ ਤੇ ਉਸਨੇ ਕਈ ਵਾਰ ਪਾਰਟਨਰਸ਼ਿਪ ਕੀਤੀ ਵੀ ਪਰ ਉਹ ਅੰਤ ਉਹ ਇੱਕਲੀ ਰਹਿ ਜਾਂਦੀ ਹੈ।ਇਸ ਸਭ ਦਾ ਕਾਰਨ ਤੇ ਪ੍ਰਭਾਵ ਨਵਜੋਤ ਦੀ ਜ਼ਿੰਦਗੀ ਖ਼ਰਾਬ ਕਰ ਦਿੰਦੇ ਹਨ ਕਿਉਂਕਿ ਅੰਤ ਵਿਚ ਉਹ ਕਿਸੇ ਪਾਸੇ ਜੋਗੀ ਨਹੀ ਰਹਿੰਦੀ ਇਹ ਸਭ ਦਾ ਕਾਰਨ ਸਿਰਫ ਔਰਤ ਦਾ ਹੋ ਰਿਹਾ ਅੱਤਿਆਚਾਰ ਹੀ ਆ।

ਇਸ ਨਾਵਲ ਵਿਚ**ਪੀੜੀ ਪਾੜਾ** ਵੀ ਦਿਖਾਇਆ ਗਿਆ ਹੈ ਕਿਉਂਕਿ ਲਖਬੀਰ ਸਿੰਘ ਤੇ ਸ਼ਰਨ ਕੌਰ ਪੁਰਾਣੀ ਪੀੜੀ ਹਨ ਤੇ ਸਭ ਕੁਝ ਆਪਣੇ ਅਨੁਸਾਰ ਹੀ ਚਲਾਉਣਾ ਚਾਹੁੰਦੇ ਸਨ ਪਰ ਸੁਖਵਿੰਦਰ,ਮਨਜੀਤ ਤੇ ਨਵਜੋਤ ਆਦਿ ਨਵੀ ਪੀੜੀ ਦੇ ਹਨ ਤੇ ਆਪਣੀ ਜ਼ਿਦੰਗੀ ਆਪਣੇ ਹਿਸਾਬ ਨਾਲ ਜਿਉਂਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਇਹ ਬੰਦਿਸ਼ਾ ਚੰਗੀਆ ਨਹੀ ਸਨ ਲੱਗਦੀਆ ਖਾਸ ਤੋਰ ਤੇ ਨਵਜੋਤ ਨੂੰ ਉਹ ਤਾਂ ਕਿਸੇ ਦੀ ਗੁਲਾਮ ਨਹੀ ਬਣਾ ਚਾਹੁੰਦੀ ਸੀ ।ਉਨ੍ਹਾਂ ਦੇ ਹਰ ਕੰਮ ਵਿਚ ਪੀੜੀ ਪਾੜਾ ਦਿਖਾਈ ਦਿੰਦਾ ਹੈ।

ਇਸ ਨਾਵਲ ਦੇ ਰਾਹੀ ਇਹ ਵੀ ਦਰਸਾਇਆ ਗਿਆ ਹੈ ਕਿ ਅਜ਼ੋਕੇ ਸਮਾਜ ਵਿਚ **ਪੰਜ਼ਾਬੀਆ ਅਤੇ ਅੰਗਰੇਜ਼ਾ ਦੇ ਆਪਸੀ ਸੰਬਧਾਂ ਤੇ ਕੋਈ ਮਨਾਹੀ ਨਹੀ ਹੈ।** ਇਸ ਨਾਵਲ ਦੀ ਮੁੱਖ ਪਾਤਰ ਨਵਜੋਤ ਇਸ ਗੱਲ ਤੇ ਪੂਰੀ ਉੱਤਰਦੀ ਜਿਥੇ ਉਹ ਭਾਰਤੀ ਮੁੰਡਾ ਤਲਵਿੰਦਰ ਨਾਲ ਸੰਬਧ ਬਣਾਉਦੀ ਹੈ ਉਸ ਦੇ ਜਾਹਨ ਕੀਥ ਨਾਲ ਵੀ ਉਹੋ ਜਿਹੇ ਸੰਬਧ ਬਣਾ ਚੁੱਕੀ ਹੈ।ਉਸ ਨੂੰ ਇਸ ਅੰਤਰ ਜਾਤ  ਜਾਂ ਕਿਸ ਦੂਜੇ ਧਰਮ ਜਾਂ ਦੂਜੇ ਮੁਲਕ ਦੇ ਵਿਆਕਤੀ ਨਾਲ ਰਹਿੰਣ ਨਾਲ ਵਿਚ ਕੋਈ ਪ੍ਰੇਸ਼ਾਨੀ  ਨਹੀ ਹੈ ਤੇ ਅੰਤ ਵਿਚ ਉਹ ਜਾਹਨ ਕੀਥ ਦੇ ਬੱਚੇ ਦੀ ਮਾਂ ਵੀ ਬਣ ਦੀ ਹੈ ਜੋ ਜਾਨ ਕੀਥ ਦੀ ਮੋਤ ਤੋਂ ਬਾਅਦ ਪੈਦਾ ਹੁੰਦੀ ਹੈ।ਜਿਸ ਦੀ ਸਜ਼ਾਉਸ ਨੂੰਨਾਵਲ ਦੇ ਅੰਤ ਵਿ ਮਿਲਦੀ ਹੈ ਜਦੋਂ ਉਹ ਆਪਣੇ ਪਿਤਾ ਦੇ ਦਾਗਾ ਤੇ ਜਾਦੀ ਹੈ ਉਸ ਨੂੰ ਕੋਈ ਨਹੀ ਬਲੋਦਾ ਸਗੋਂ ਬੁਰਾ ਭਲਾ ਸੁਣਨਾ ਪੈਂਦਾ ਹੈ ਪਰ ਫਿਰ ਵੀ ਉਹ ਹਾਰ ਨਹੀ ਮੰਨਦੀ ਤੇ ਆਪਣੀ ਜ਼ਿੰਦਗੀ ਇਕੱਲੀ ਜਿਉਂਣ ਲਈ ਤਿਆਰ ਹੋ ਜਾਂਦੀ ਤੇ ਵਾਰਿਸ ਨੂੰ ਲੈ ਕੇ ਮਾਨਚੈਸਟਰ ਨੂੰ ਮੁੜ ਜਾਂਦੀ ਹੈ।

**ਔਰਤ ਦੀ ਸੁਤੰਤਰਤਾ** ਬਾਰੇ ਵੀ ਇਸ ਨਾਵਲ ਬਹੁਤ ਕੁਝ ਬਿਆਨ ਕੀਤਾ ਹੈ ਕਿਉਂਕਿ ਇਥੇ ਔਰਤ ਸੁਤੰਤਰ ਹੋਣ ਦੇ ਬਾਵਜ਼ੂਦ ਵੀ ਉਹ ਪੂਰੀ ਤਰ੍ਹਾਂ ਸਤੰਤਰ ਨਹੀ ਹੈ ਕਿਉਂਕਿ ਅਜੇ ਵੀ ਉਹ ਆਰਥਿਕ ਤੋਰ ਤੇ ਅਜੇ ਵੀ

ਮਰਦ ਦੀ ਗੁਲਾਮ ਆ ਅਜੇ ਵੀ ਉਹ ਆਪਣੀ ਮਰਜ਼ੀ ਨਾਲ ਕੁਝ ਨਹੀ ਕਰ ਸਕਦੀ।ਮਨਜੀਤ ਅਜੇ ਵੀ ਭਾਵ ਵਿਦੇਸ਼ ਵਿਚ ਰਹਿੰਦੇ ਹੋਏ ਵੀ ਆਪਣੀ ਤਨਖ਼ਾਹ ਆਪਣੀ ਸੱਸ ਨੂੰ ਦਿੰਦੀ ਹੈ।

ਇਸ ਤੋਂ ਇਲਾਵਾ **ਔਰਤਪ੍ਰੰਪਰਾ ਵਿਚ ਬੱਝੀ ਹੋਈ ਹੈ** ਕਿਉਕਿ ਉਹ ਪ੍ਰੰਪਰਾ ਵਿਚ ਬੱਝੀ ਹੋਣ ਦੇ ਕਾਰਨ ਹੀ ਘਰ ਅਤੇ ਬਾਹਰ ਦੋਨ੍ਹਾਂ ਦਾ ਘਰ ਸੰਭਾਲਦੀ ਜਿਵੇਂ ਕਿ ਮਨਜੀਤ ਕਰਦੀ ਹੈ। ਇਹ ਭਾਰਤੀ ਪ੍ਰੰਪਰਾ ਹੀ ਹੈ ਕਿ ਸੱਸ ਨੂੰਹ ਆਈ ਤੇ ਕੰਮ ਨਹੀ ਕਰਦੀ ਭਾਵੇ ਕਿ ਉਹ ਵੇਹਲੀ ਬੈਠੀ ਰਹੇ।ਇਸ ਤੋਂ ਬਿਨ੍ਹਾਂ ਉਸ ਨੂੰ **ਆਪਣਾ ਮਨ-ਪਸੰਦਪਹਿਰਾਵਾ ਪਹਿਨਣ ਦੀ ਵੀ ਅਜ਼ਾਦੀਨਹੀ ਹੈ** ਨਵਜੋਤ ਇੰਨੇ ਖੁੱਲੇ ਵਿਚਾਰਾ ਦੀ ਹੈ ਫਿਰ ਵੀ ਉਹ ਘਰ ਜਾਣ ਲੱਗੀ ਇਹ ਹੀ ਸੋਚਦੀ ਹੈ ਕਿ ਘਰ ਸੂਟ ਪਾ ਕੇ ਜਾਣਾ ਜਿਆਦਾ ਵਧੀਆ ਹੈ ਕਿਉਂਕਿ ਮੰਮੀ ਨੂੰ ਜਿਆਦਾ ਵਧੀਆ ਲੱਗੇ ਗਾ ਜਦ ਕਿ ਮਨਜੀਤ ਸੂਟ ਹੀ ਪਾਉਦੀ ਹੈ।

ਇਸ ਤੋਂ ਬਿੰਨ੍ਹਾਂ **ਔਰਤ ਸਮਾਜ ਦੀ ਵੀ ਗੁਲਾਮ ਹੈ** ਕਿਉਂਕਿ ਉਸ ਨੇ ਜੋ ਵੀ ਕਰਨਾ ਹੈ ਸਭ ਸਮਾਜ ਵਿਚ ਰਹਿ ਕੇ ਤੇ ਉਸ ਦੇ ਅਨੁਸਾਰ ਕਰਨਾ ਹੁੰਦਾ ਹੈ।ਉਸ ਨੂੰ ਹਰ ਕੰਮ ਵਿਚ ਟੋਕ ਟਕਾਈ ਹੁੰਦੀ ਹੈ ਇਹ ਕੰਮ ਸਹੀ ਹੈ ਇਹ ਕੰਮ ਗ਼ਲਤ।ਇਹ ਕੰਮ ਕਰਨਾ ਹੈ ਇਹ ਨਹੀ ਕਰਨਾ ਭਾਵ ਕਿ ਇਹ ਸਭ ਔਰਤ ਨੂੰ ਹੀ ਸਿਖਾਇਆਂ ਜਾਂਦਾ ਹੈ ਸ਼ੁਰੂ ਤੋਂ ਹੀ ਇਹ ਟੋਕ ਟਕਾਈ ਉਸ ਦੀ ਗੁਲਾਮੀ ਦਾ ਕਾਰਨ ਬਣ ਦੀ ਹੈ।

ਮਨੁੱਖੀ **ਰਿਸ਼ਤਿਆ ਦੀ ਗੁਲਾਮ** ਵੀਔਰਤ ਨੂੰ ਹੀ ਬਣਨਾ ਪੈਂਦਾ ਹੈ ਕਿਉਂਕਿ ਹਰ ਰਿਸ਼ਤਾ ਔਰਤ ਤੋਂ ਹੀ ਸ਼ੁਰੂ ਹੁੰਦਾ ਹੈ ਤੇ ਉਹ ਹੀ ਇਸ ਰਿਸ਼ਤੇ ਵਿਚ ਬੰਝ ਜਾਦੀ ਹੈ।ਇਨ੍ਹਾਂ ਰਿਸ਼ਤਿਆ ਨੂੰ ਆਧਾਰ ਬਣਾ ਕੇ ਹੀ ਮਰਦ ਔਰਤ ਨੂੰ ਗੁਲਾਮ ਬਣਾਉਦਾ ਹੈ ਤੇ ਉਹ ਬਣ ਵੀ ਜਾਂਦੀ ਹੈ ਕਿਉਂਕਿ ਔਰਤ ਰਿਸ਼ਤਿਆ ਦੇ ਕਾਰਨ ਬਹੁਤ ਜਲਦੀ ਬੰਨ੍ਹ ਹੋ ਜਾਂਦੀ ਹੈ ਕਦੇ ਮਾਂ ਬਣ ਕੇ, ਕਦੇ ਭੈਣ ਬਣ ਕੇ, ਕਦੇ ਪਤਨੀ ਬਣ ਕੇ, ਕਦੇ ਧੀ ਬਣ ਕੇ ਤੇ ਕਦੀ ਦੋਸਤ ਜਾਂ ਸਹੇਲੀ ਬਣ ਕੇ। ਪਰ ਹੁਣ ਦੀ ਔਰਤ ਨੇ ਇਨ੍ਹਾਂ ਰਿਸ਼ਤਿਆਂ ਤੋਂ ਨਿਜ਼ਾਤ ਪਾ ਲਈ ਹੈ।

ਅੱਜ ਦੀਔਰਤ ਸਮਾਜਿਕ ਬੰਧਣਾ ਵਿਚ ਨਹੀ ਬੰਝ ਦੀ ਅਤੇ ਨਾ ਹੀ ਕਿਸੇ ਰਿਸ਼ਤੇ ਦੀ ਕਦਰ ਜਾਂ ਪ੍ਰਵਾਹ ਕਰਦੀ ਹੈ।ਹੁਣ ਉਹ ਪਹਿਲਾਂ ਵਾਂਗ ਗੁਲਾਮ ਨਹੀ ਹੈ ਤੇ ਨਾ ਹੀ ਕਿਸੇ ਦੀ ਜੋਰ ਜਬਰਦਸਤੀ ਨੂੰ ਮੰਨਦੀ ਹੈ ਉਹ ਆਪਣੀ ਜ਼ਿੰਦਗੀ ਦੀ ਖੁਦ ਮੁਖਤਿਆਰੀ ਕਰਦੀ ਹੈ ਤੇ ਸਾਰੇ ਬੰਧਣਾ ਤੋ ਆਜ਼ਾਦ ਆ।

ਇਸ ਸੁਤੰਤਰਤਾ ਵਿਚ ਇਹ ਦੇਖਣਾ ਵੈ ਜ਼ਰੂਰੀ ਹੈ ਕਿ ਔਰਤ ਦੀ ਜਿਹੜੀ ਹੋਂਦ ਹੈ ਕੀ ਉਹ ਸੁਤੰਤਰ ਹੈ ਜਾਂ ਨਹੀ ।ਕੀ ਔਰਤ ਹਰ ਪੱਖ ਤੋ ਆਪਣੀ **ਸੁਤੰਤਰ ਹੋਂਦ** ਤੇ ਕਾਈਮ ਹੈ।ਭਾਂ ਕਿ ਉਸ ਨੂੰ ਬਰਾਬਰ ਦੀ ਧਿਰ ਵੀ ਮੰਨ ਲਿਆ ਜਾਵੇ ਤੇ ਉਸ ਦੀ ਆਜ਼ਾਦੀ ਵੀ ਕਾਇਮ ਰਹੇ। ਨਹੀ ਅਜੇ ਵੀ ਔਰਤ ਪੂਰਨ ਰੂਪ ਵਿਚ ਆਜ਼ਾਦ ਨਹੀ ਹੈ ਕਿਉਂਕਿ ਉਸ ਨੂੰ ਹਰ ਫੈਸਲੇ ਵਿਚ ਮਰਦ ਦਾ ਸਾਥ ਚਾਹੀਦਾ ਹੈ ਉਹ ਇੱਕਲ ਵਿਚਰ ਤਾਂ

ਸਕਦੀ ਹੈ ਪਰ ਉਹ ਕਿਸੇ ਨਾ ਕਿਸੇ ਮਜ਼ਬੂਰੀ ਵਿਚ ਫਸ ਕੇ ਸੁਤੰਤਰ ਹੋਣ ਦੇ ਬਆਦ ਵੀ ਆਪਣੀ ਖਤਮ ਕਰ ਲੈਦੀ ਇਸੇ ਲਈ ਅੱਗੇ ਵੀ ਕਿਹਾ ਗਿਆ ਹੈ ਕਿ ਔਰਤ ਕਿਸੇ ਵੀ ਖੇਤਰ ਵਿਚ ਕੰਮ ਕਰ ਸਕਦੀ ਹੈ ਤੇ ਕਿਸੇ ਵੀ ਉੱਚੀ ਪਦਵੀ ਤੇ ਜਾਂ ਸਕਦੀ ਪ ਘਰ ਵਿਚ ਓਸ ਦੀ ਕੋਈ ਹੋਂਦ ਨਹੀ ਮੰਨੀ ਜਾਂਦੀ ਤੇ ਨਾ ਹੀ ਉਸ ਦੀ ਕੋਈ ਸਲਾਹ ਪੁੱਯੀ ਜਾਂਦੀ ਹੈ ਇਹ ਸਭ ਦਾ ਕਾਰਨ ਉਸ ਦਾ ਸੁਤੰਤਰ ਹੋਦ ਨਾ ਹੋਣ ਦੀ ਹਾਮੀ ਭਰਦੇ ਹਨ ਪਰ ਅਜ ਦੇ ਸਮੇਂ ਵਿਚ ਔਰਤ ਭਾਵੇਂ ਹਰ ਆਜ਼ਾਦ ਹੈ ਪਰ ਇਸ ਦਾ ਪ੍ਰਭਾਵ ਅਜੇ ਵੀ ਦੇਖਿਆ ਜਾਂ ਸਕਦਾ ਉਹ ਫਿਰ ਚਾਹੇ ਨਾਵਲ ਹੈ ਜਾਂ ਆਮ ਜ਼ਿੰਦਗੀ।

ਨਾਰੀਵਾਦ ਦਾ ਪ੍ਰਭਾਵ ਦਾ ਇਸ ਨਾਵਲ ਤੇ ਬਹੁਤ ਪ੍ਰਭਾਵ ਹੈ ਕਿਉਂਕਿ ਨਾਰੀਵਾਦ ਦੇ ਆਧਾਰ ਤੇ ਜਿਥੇ ਔਰਤ ਪ੍ਰਪੰਰਾ ਤੋਂ ਆਜ਼ਾਦ ਹੋ ਰਹੀ ਹੈ, ਹੁਣ ਉਹ ਰਿਸ਼ਤਿਆ ਦੇ ਬਨੰਣ ਵਿਚ ਨਹੀ ਬੰਝ ਦੀ ਖਾਸ ਤੋਰ ਤੇ ਉਹ ਵਿਆਹ ਬੰਨਣ ਤੋਂ ਆਜ਼ਾਦ ਹੋ ਗਈ ਹੈ ਕਿਉਂਕਿ ਮਰਦ ਕੋਲ ਔਰਤ ਨੂੰ ਫਸਾਉਂਣ ਦਾ ਇਕੋ ਇਕ ਸਾਧਨ ਬਸ ਵਿਆਹ ਹੈ।ਭਾਵ ਕਿ ਵਿਆਹ ਤੋਂ ਬਾਅਦ ਔਰਤ ਉਸ ਦੀ ਪੂਰੀ ਤਰ੍ਹਾਂ ਗੁਲਾਮ ਬਣ ਜਾਂਦੀ ਹੈ ਤੇ ਹਰ ਕੰਮ ਲਈ ਉਹ ਮਰਦ ਤੇ ਨਿਰਭਰ ਹੈ। ਇਸ ਲਈ ਕਈ ਲਹਿਰਾ ਦੇ ਪ੍ਰਭਾਵ ਅਧੀਨ ਅੱਜ ਦੀ ਔਰਤ ਇਨ੍ਹਾਂ ਰਿਸ਼ਤਿਆ ਖਾਸ ਤੋਰ ਤੇ ਵਿਆਹ ਪ੍ਰਬੰਧ ਤੋਂ ਆਜ਼ਾਦ ਹੋ ਕੇ ਆਪਣੀ ਸੁਤੰਤਰ ਹੋਂਦ ਸਥਾਪਿਤ ਕਰਨਾ ਚਾਹੁੰਦੀ ਹੈ।ਪਰ ਲੀਵਿੰਗ ਇਨ ਰਿਲੇਸ਼ਨਸ਼ਿਪ ਵਿਚ ਰਹਿਣ ਤੋਂ ਕਈ ਸਮੱਸਿਅਵਾਂ ਉੱਪਜ਼ਦੀਆਂ ਹਨ। ਪਰ ਪੰਜਾਬੀਆਂ ਵਿਚ ਉਨ੍ਹਾਂ ਦੇ ਬੱਚਿਆਂ ਲਈ ਵਿਆਹ ਜ਼ਰੂਰੀ ਹੈ ਪਰ ਅੰਗਰੇਜ਼ਾ ਵਿਚ ਇਸ ਪ੍ਰਬੰਧ ਦੀ ਕੋਈ ਲੋੜ ਨਹੀ ਹੈ ਕਿਉਂਕਿ ਉਨ੍ਹਾਂ ਦਾ ਕਲਚਰ ਅਜਿਹਾ ਨਹੀ ਹੈ ਪਰ ਜੁਣ ਉਨ੍ਹਾਂ ਦਾ ਪ੍ਰਭਾਵ ਹੁਣ ਪੰਜ਼ਾਬੀਆ ਤੇ ਪੈਦਾ ਹੈਜਿਸ ਕਾਰਨ ਉਹ ਆਪਣੇ ਘਰ ਦਿਆ ਤੋਂ ਆਪਣੇ ਸਮਾਜ ਤੋਂ ਤੇ ਆਪਣੇ ਆਪ ਤੋਂ ਦੁਰਕਾਰੇ ਜਾਂਦੇ ਹਨ।ਭਾਵ ਕਿ ਪਹਿਲਾਂ ਕਿਸੇ ਨਾਲ ਰਹਿਣਾ ਫਿਰ ਉਹ ਨੂੰ ਛੱਡ ਕੇ ਕਿਸੇ ਹੋਰ ਨਾਲ ਰਹਿਣਾ ਫਿਰ ਪਰੈਗਨਟ ਫਿਰ ਅਬੋਸ਼ਨ ਤੇ ਫਿਰ ਪਹਿਲੇ ਕੋਲ ਵਾਪਿਸ ਆਉਣਾ ਫਿਰ ਉਸਦੀ ਮੌਤ ਤੋ ਬਾਅਦ ਉਸ ਦੇ ਬੱਚੇ ਨੂੰ ਜਨਮ ਦੇਣਾ ਪਰ ਇਹ ਪੰਜਾਬੀਆ ਦੇ ਸੰਸਕਾਰਾ ਤੇ ਉਨ੍ਹਾਂ ਦੇ ਸਮਾਜ ਦੋਨਾ ਦੇ ਹੀ ਖਿਲਾਫ ਹੈ ਅਜਿਹਾ ਕਦੀ ਨਹੀ ਹੋ ਸਕਦਾ ਕਿ ਭਾਰਤੀ ਸਮਾਜ ਇਸ ਗੱਲ ਦੀ ਇਜ਼ਾਜ਼ਤ ਦੇਵੇ।

### ਨਾਵਲ ਪੈੜਾਂ ਦੇ ਆਰ ਪਾਰ ਦਾ ਕਲਾਤਮਿਕ ਅਧਿਐਨ

ਜਿਵੇਂ ਇਹ ਗੱਲ ਦਾ ਪਤਾ ਹੈ ਕਿ ਹਰ ਵਿਧਾ ਨੂੰ ਦੋਂ ਪੱਖਾ ਤੋਂ ਦੇਖਿਆ ਜਾਂਦਾ ਹੈ ਇਕ ਵਿਸ਼ਾ ਪੱਖ ਤੇ ਇਕ ਕਲਾ ਪੱਖ । ਇਨ੍ਹਾਂ ਦੋਹਾਂ ਪੱਖਾ ਨੂੰ ਆਧਾਰ ਬਣਾ ਕੇ ਕਿਸੇ ਵੀ ਰਚਨਾ ਬਾਰੇ ਪਤ ਲੱਗਾਸਕਦੇ ਹਾਂ ਕਿ ਉਸ

ਵਿਚ ਲੇਖਕ ਨੇ ਕੀ ਕਿਹਾ ਤੇ ਕਿਵੇਂ ਕਿਹਾ ਹੈ ਕਲਾ ਪੱਖ ਵਿਚ ਸਭ ਤੋ ਘਟਨਾ ਦਾ ਧਿਆਨ ਕਰਵਾਇਆ ਜਾਂਦਾ ਹੈ ਕਿ ਜਿਵੇਂ

**ਕਥਾਨਕ**

ਕਲਾ ਪੱਖ ਵਿਚ ਘਟਨਾ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਉਸ ਨੇ ਘਟਨਾ ਚੱਕਰ ਨੂੰ ਕਿਵੇ ਬਿਆਨ ਕੀਤਾ ਗਿਆ ਹੈ।ਇਸ ਨਾਵਲ ਦੀ ਸਾਰੀ ਘਟਨਾ ਸਿੱਧੇ ਜਾਂ ਅਸਿੱਧ ਰੂਪ ਵਿਚ ਇਸ ਦੀ ਮੁੱਖ ਪਾਤਰ ਨਵਜੋਤ ਦੁਆਲੇ ਹੀ ਘੁਮੰਦੀ ਹੈ ਕਿਉਂਕਿ ਪੂਰਾ ਨਾਵਲ ਉਸ ਨੂੰ ਆਧਾਰ ਬਣਾ ਕੇ ਹੀ ਗਿਆ ਹੈ ਕਿਉਂਕਿ ਉਸ ਨੂੰ ਆਧਾਰ ਬਣਾ ਕੇ ਹੀ ਨਾਵਲਕਾਰ ਨੇ ਇਸ ਦਾ ਨਾਮ ਵੀ ਉਸ ਦੇ ਕੰਮਾਂ ਨੂੰ ਦੇਖ ਕੇ ਹੀ ਰੱਖਿਆ ਹੈ ਭਾਵ ਕਿ ਨਵਜੋਤ ਇਹ ਇਕ ਅਜਿਹੀ ਕੁੜੀ ਹੈ ਜੋ ਨਵੀਆ ਪੈੜਾਂ ਪੁੱਟਦੀ ਹੈ।ਉਹ ਨਵੀਆ ਕੀਹਾ ਤੇ ਤੁਰ ਦੀ ਹੈ ਤੇ ਉਸਦੀ ਕੀਮਤ ਉਸ ਨੂੰ ਆਪਣੇ ਘਰ ਦਿਆ ਨਾਲੋ ਟੁੱਟ ਕੇ ਦੇਣੀ ਹੈ।ਇਸ ਘਟਨਾ ਨੂੰ ਦੱਸਣ ਲਈ ਧੀਰ ਬਹੁਤ ਵੱਡਾ ਬ੍ਰਿਤਾਂਤ ਸਿਰਜ ਲੈਦਾ ਹੈ ਉਸ ਨੇ ਇੰਨਾ ਵੱਡਾ ਬ੍ਰਿਤਾਂਤ ਸਿਰਜਿਆ ਹੈ ਕਿ ਪਾਠਕ ਉਲਝ ਜਾਂਦਾ ਹੈ ਕਿ ਉਹ ਕੀ ਪੜ੍ਹ ਰਿਹਾ ਸੀ ਤੇ ਉਹ ਕਿੱਥੇ ਆ ਗਿਆ ਹੈ। ਬ੍ਰਿਤਾਂਤ ਜਿੰਨਾ ਵੱਡਾ ਹੁੰਦਾ ਹੈ ਉਨ੍ਹੀ ਹੀ ਪਾਠਕ ਨੂੰ ਉਸ ਵਿਧਾ ਨਾਲ ਜੋੜੀ ਰੱਖਦੀ ਹੈ ਪਰ ਅਗਰ ਬ੍ਰਿਤਾਂਤ ਢਿੱਲਾ ਨਾ ਹੋਵੇ ਭਾਵ ਕਿ ਗੁੰਝਲਦਾਰ ਨਾ ਹੋਵੇ।ਜੋ ਜਲਦੀ ਸਮਝਾਇਆ ਜਾਵੇ ਤੇ ਪਾਠਕ ਨੂੰ ਆਪਣੇ ਨਾਲ ਜੋੜੀ ਰੱਖੇ। ਪਾਠਕ ਪੂਰੀ ਤਰ੍ਹਾਂ ਉਸ ਵਿਚ ਖੁਭ ਜਾਣਾ ਚਾਹੀਦਾ ਹੈ ਤਾਂ ਕਿ ਉਸ ਦਾ ਧਿਆਨ ਨਾਵਲ ਵਲੋਂ ਹਟੇ ਨਾ । ਇਕ ਤੋਂ ਬਾਅਦ ਇਕ ਘਟਨਾ ਆਉਦੀ ਰਹੇ ਜੇ ਇਕ ਘਟਨਾ ਤੋਂ ਬਾਅਦ ਦੂਜੀ ਘਟਨਾ ਹੋਰ ਆ ਜਾਵੇਂ ਤਾਂ ਉਸ ਨੂੰ ਪੜ੍ਹਨਾ ਤੇ ਉਸ ਤੇ ਧਿਆਨ ਕੇਂਰਿਤ ਕਰਨਾ ਬਹੁਤ ਮੁਸ਼ਕਿਲ ਹੋ ਜਾਵੇਗਾ।ਅਗਰ ਅਜਿਹਾ ਹੋਇਆ ਤਾਂ ਪਾਠਕ ਕਦੀ ਉਸ ਰਚਨਾ ਨਾਲ ਜੁੜ ਨਹੀ ਸਕਣ ਗੇ। ਪਰ ਇਹ ਲੇਖਕ ਦੀ ਖੂਬੀ ਵੀ ਹੁੰਦੀ ਹੈ ਕਿ ਉਹ ਇਕ ਘਟਨਾ ਨਾਲ ਹੋਰ ਘਟਨਾਵਾਂ ਨੂੰ ਵੀ ਆਸਾਨੀ ਨਾਲ ਜੋੜ ਰਿਹਾ ਹੈ।ਜੇ ਨਾਵਲ ਦਾ ਬ੍ਰਿਤਾਂਤ ਢਿੱਲਾ ਹੈ ਤਾਂ ਲੇਖਕ ਕਦੀ ਵੀ ਉਸ ਰਚਨਾ ਰਹੀ ਆਪਣੇ ਪਾਠਕਾ ਨੂੰ ਆਪਣੇ ਨਾਲ ਤੇ ਆਪਣੀ ਉਸ ਰਚਨਾ ਨਾਲ ਕਦੀ ਵੀ ਜੋੜ ਨਹੀ ਸਕਦਾ।ਜਿੰਨੀ ਮਰਜ਼ੀ ਵਧੀਆ ਰਚਨਾ ਹੋਵੇ ਅਗਰ ਉਸ ਦਾ ਪਲਾਟ ਢਿੱਲਾ ਹੈ ਭਾਵ ਉਸ ਦਾ ਬ੍ਰਿਤਾਂਤ ਸਹੀ ਨਹੀ ਹੈ ਤਾਂ ਉਹ ਰਚਨਾ ਵਧੀਆ ਨਹੀ ਮੰਨੀ ਜਾਂਦੀ ਕਿਉਂਕਿ ਉਸ ਰਾਹੀ ਲੇਖਕ ਉਹ ਪ੍ਰਭਾਵ ਨਹੀ ਪਾ ਸਕਦੇ ਜਿਸ ਪ੍ਰਭਾਵ ਦੀ ਉਸ ਨੇ ਉਮੀਦ ਕੀਤੀ ਹੋਈ ਸੀ ਸੋ ਇਕ ਕਹਿਣਾ ਵਾਜਿਬ ਹੈ ਕਿ ਪਲਾਟ ਜਿੰਨਾ ਗੁੰਦਿਆ ਹੋਵੇਗਾ।ਉਨੀ ਹੀ ਉਸ ਦੀ ਰਚਨਾ ਮਸ਼ਹੂਰ ਹੋਵੇਗੀ ਪਰ ਗੁੰਝਲਦਾਰ ਪਲਾਟ ਭਾਵ ਬ੍ਰਿਤਾਂਤ ਲਿਖਣਾ ਹਰ ਕਿਸੇ ਦੀ ਬਸ ਦੀ ਗੱਲ ਨਹੀ ਹੈ ਪਰ ਧੀਰ ਇਸ ਕੰਮ ਵਿਚ ਮਸ਼ਹੂਰ ਹੈ ਕਿ ਉਹ ਗੁੰਝਲਦਾਰ ਬ੍ਰਿਤਾਂਤ ਲਿਖਣ ਵਿਚ ਸਫ਼ਲ ਹੋਇਆ ਹੈ।ਜੋ ਆਮ ਲੇਖਕ ਨਹੀ ਕਰ ਸਕਦੇ। ਇਸ ਨਾਵਲ ਦਾ ਆਰੰਭ ਵੀ ਪਾਤਰਾ ਦੀ ਗੱਲ ਬਾਤ ਤੋਂ ਹੋਇਆ ਹੈ। ਇਹ ਨਾਵਲ ਨਵਜੋਤ ਤੇ ਜਾਹਨ ਕੀਥ ਦੀ ਗੱਲ ਬਾਤ ਤੋਂ ਸ਼ੁਰੂ ਹੁੰਦਾ ਹੈ ਤੇ

ਇਸ ਦਾ ਮੱਧ ਵੀ ਇਸੇ ਤਰ੍ਹਾਂ ਤਲਵਿੰਦਰ ਨਾਲ ਅੱਗੇ ਵੱਧਦਾ ਹੈ ਤੇ ਸਿਖਰ ਤੇ ਪਹੰਚ ਕੇ ਫਿਰ ਹੇਠਾ ਆ ਜਾਦਾ ਹੈ ਜਦੋਂ ਤਲਵਿੰਦਰ ਉਸ ਨੂੰ ਛੱਡ ਕੇ ਕਿਸੇ ਭਾਰਤੀ ਕੁੜੀ ਨਾਲ ਵਿਆਹ ਕਰਾਉਣ ਨੂੰ ਮੰਨ ਜਾਦਾ ਹੈ ਆਪਣੇ ਘਰ ਦਿਆ ਦੇ ਕਹਿਣ ਤੇ ਪਰ ਉਹ ਨਵਜੋਤ ਦੀ ਜਿੰਦਗੀ ਚੋਂ ਤਾਂ ਚਲਾ ਜਾਂਦਾ ਹੈ ਪਤ ਉਸ ਦੀ ਕੁੱਖ ਵਿਚ ਆਪਣੀ ਨਿਸ਼ਾਨੀ ਛੱਡ ਜਾਦਾ ਹੈ ਜਿਸ ਨਾਲ ਉਸ ਦੀ ਜਿੰਦਗੀ ਇਕ ਦਮ ਰੁਕ ਜਾਂਦੀ ਹੈ ਪਰ ਅੰਤ ਵਿਚ ਜਦੋਂ ਉਸ ਦੇ ਬਾਅਦ ਦੁਬਾਰਾ ਉਸ ਦੀ ਜਿੰਦਗੀ ਵਿਚ ਆਉਦਾ ਹੈ ਤਾਂ ਉਸ ਦੀ ਜਿੰਦਗੀ ਵਿਚ ਖੁਸ਼ੀ ਆਉਦੀ ਹੀ ਹੈ ਤਾਂ ਆਚਾਨਕ ਹੀ ਉਸ ਨੂੰ ਜਾਹਨ ਕੀਥ ਦੀ ਮੋਤ ਦੀ ਖਬਰ ਆਉਦੀ ਹੈ ਤਾਂ ਉਸ ਨੂੰ ਆਪਣਾ ਕੋਈ ਵੀ ਟਿਕਾਣਾ ਨਹੀ ਲੱਭਦਾ ਤਾਂ ਉਸ ਦੀ ਜਿੰਦਗੀ ਹੀ ਘੰਮ ਜਾਦੀ ਹੈ। ਉਸ ਦੀ ਮੋਤ ਸਮੇ ਉਹ ਪੰਜ ਮਹੀਨੇ ਦੀ ਗਰਭਵਤੀ ਹੁੰਦੀ ਹੈ ਤੇ ਉਸ ਦੀ ਬੇਟੀ ਦੇ ਜਨਮ ਤੋਂ ਬਾਅਦ ਉਸ ਨੂੰ ਆਪਣੇ ਪਿਤਾ ਦੀ ਮੋਤ ਦੀ ਖਬਰ ਮਿਲਦੀ ਹੈ ਤਾਂ ਉਸ ਦੀ ਰਹਿੰਦੀ ਖੂਧੀ ਧਿਰਜਾ ਵੀ ਟੁੱਟ ਜਾਦੀ ਹੈ ਜਿਸ ਦਾ ਕਾਰਨ ਇਹ ਹੈ ਕਿ ਉਸ ਦੇ ਸਾਰੇ ਪਰਿਵਾਰ ਨੇ ਉਸ ਨੂੰ ਤਿਆਗ ਦਿੰਤਾ ਸੀ ।ਉਹਨਾਂ ਅਨੁਸਾਰ ਉਹ ਉਨ੍ਹਾਂ ਲਈ ਮਰ ਚੁੱਕੀ ਸੀ ਉਹਨਾਂ ਨੇ ਉਸ ਨਾਲ ਆਪਣੇ ਸਾਰੇ ਰਿਸ਼ਤੇ ਤੋੜ ਦਿੱਤੇ ਸਨ। ਉਸ ਨੂੰ ਤਾਂ ਉਸ ਦੇ ਪਿਤਾ ਦੇ ਅੰਤਿਮ ਦਰਸ਼ਨ ਵੀ ਨਹੀ ਕਰਨ ਦਿੱਤੇ ਜਿਸ ਕਾਰਨ ਨਾਵਲ ਦਾ ਅੰਤ ਜਿਆਦਾ ਹੀ ਗੰਭੀਰਹੋ ਜਾਂਦਾ ਹੈ।ਉਹ ਸਾਰਿਆ ਨੂੰ ਛੱਡ ਕੇ ਵਾਪਿਸ ਚਲੇ ਜਾਂਦੀ ਹੈ।

### ਪਾਤਰ ਚਿਤਰਨ

ਪਾਤਰ ਚਿਤਰਨ ਇਸੇ ਵੀ ਰਚਨਾ ਦਾ ਇਕ ਬਹੁਤ ਹੀ ਮਹੱਤਵਪੂਰਨ ਤੱਤ ਹੁੰਦਾ ਹੈ ਕਿਉਂਕਿ ਪਾਤਰਾ ਤੋਂ ਬਿੰਨ੍ਹਾਂ ਕੋਈ ਵੀ ਰਚਨਾ ਅੱਗੇ ਵੱਧ ਹੀ ਨਹੀ ਸਕਦੀ। ਹਰ ਰਚਨਾ ਵਿਚ ਪਾਤਰ ਉਨੇ ਜਰੂਰੀ ਹਨ ਜਿੰਨਾ ਕਿ ਮਨੁੱਖ ਨੂੰ ਸਾਹ ਲੈਣਾ ਜ਼ਰੂਰੀ ਹੈ ਇਸ ਲਈ ਅਗਰ ਪਾਤਰ ਨਹੀ ਹੋਣ ਗੇ ਤਾਂ ਉਹ ਰਚਨਾ ਬੇਕਾਰ ਹੈ। ਕਿਉਂਕਿ ਅਗਰ ਲੇਖਕ ਪਾਤਰਾ ਤੋਂ ਬਿੰਨ੍ਹਾਂ ਕਿਸੇ ਰਚਨਾ ਦੀ ਰਚਨਾ ਕਰਦਾ ਹੈ ਤਾਂ ਉਹ ਆਪਣੀ ਰਚਨਾ ਦਾ ਉਨ੍ਹਾਂ ਪ੍ਰਭਾਵ ਨਹੀ ਪਾ ਸਕਦਾ ਜਿੰਨ੍ਹਾਂ ਕਿ ਉਹ ਪਾਤਰ ਦੇ ਰਾਹੀ ਜਾਂ ਪਾਤਰਾ ਰਾਹੀ ਪਾਉਦਾ ਹੈ।ਪਾਤਰ ਨਾਲ ਉਹ ਹਰ ਗੱਲ ਸਹਿਜੇ ਹੀ ਕਰ ਸਕਦਾ ਹੈ ਤੇ ਅਪਣਾ ਦੁਗਣਾ ਪ੍ਰਭਾਵ ਪਾ ਸਕਦਾ ਹੈ।ਧੀਰ ਦੀ ਇਹ ਰਚਨਾ ਪਾਤਰਾ ਪੱਖੋਂ ਬਿਲਕੁੱਲ ਪੂਰੀ ਹੈ। ਉਸ ਨੇ ਪਾਤਰਾ ਦੀ ਚੋਣ ਤੇ ਬਹੁਤ ਹੀ ਵਧੀਆ ਢੰਗ ਨਾਲ ਕੀਤੀ ਹੈ ਪਰ ਉਸ ਵੀ ਜਿੰਨੀ ਵਧੀਆ ਢੰਗ ਨਾਲ ਉਸ ਨੇ ਉਨ੍ਹਾਂ ਦੀ ਵਰਤੋਂ ਕੀਤੀ ਹੈ ਉਹ ਹੋਰ ਵੀ ਪ੍ਰਸੰਸਾ ਦੇ ਯੋਗ ਹੈ। ਕੋਈ ਪਾਤਰ ਵਾਧੂ ਨਹੀ ਲੱਗਦਾ ਹੈ ਕਿਉਂਕਿ ਉਸ ਨੇ ਪਾਤਰ ਨੂੰ ਇਕ ਵਿਸ਼ੇਸ਼ ਨਾਂਮ ਅਤੇ ਵਿਸ਼ੇਸ਼ ਰਿਸ਼ਤੇ ਵਿਚ ਬੰਨ ਕੇ ਪੇਸ਼ ਕੀਤਾ ਹੈ।ਉਸ ਨੇ ਪਾਤਰਾ ਪੱਖੋਂ ਕੋਈ ਵੀ ਕਮੀ ਨਹੀ ਰਹਿਣ ਦਿੱਤੀ। ਇਨ੍ਹਾਂ ਦੇ ਪੱਖੋਂ ਨਾਵਲ ਪੂਰਾ ਹੈ ਕਿਉਂਕਿ ਨਾ ਤਾਂ ਪਾਤਰ ਬੇ ਹਿਸਾਬੇ ਹਨ ਕਿ ਉਨ੍ਹਾਂ ਵਿਚ ਉੱਲਝ ਜਾਈਏ ਭਾਵ ਕਿ ਪਤਾ ਹੀ ਨਾ ਲੱਗੇ ਕਿ ਕਿਸ ਦਾ ਕਿਸ ਨਾਲ ਕੀ ਰਿਸ਼ਤਾ ਹੈ ਤੇ ਨਾ ਹੀ ਇੰਨੇ ਘੱਟ ਹਨ ਕਿ ਉਗਲੀਆ ਤੇ ਯਾਦ

ਹੋਣ।ਪਾਤਰ ਦੋ ਪ੍ਰਕਾਰ ਦੇ ਹੁੰਦੇ ਹਨ ਇਕ ਗੋਲ ਪਾਤਰ ਤੇ ਚਪਟੇ ਪਾਤਰ।ਤਲਵਿੰਦਰ ਗੋਲ ਪਾਤਰ ਆ ਕਿਉਂਕਿ ਉਹ ਆਪਣੀ ਜਿਨਸੀ ਲੋੜ ਲਈ ਨਵਜੋਤ ਦਾ ਸਹਾਰਾ ਲੈਦਾ ਹੈ ਲੋੜ ਪੈਣ ਤੇ ਉਸ ਦੇ ਨਾਲ ਖੜਨ ਦੀ ਬਿਜਾਏ ਉਸ ਨੂੰ ਛੱਡ ਕੇ ਚਲਾ ਜਾਦਾ ਹੈ।ਉਸ ਦੇ ਕਾਰਨ ਨਵਜੋਤ ਦੀ ਜਿੰਦਗੀ ਬਹੁਤ ਖਰਾਬ ਹੰਦੀ ਹੈ ਤੇ ਉਸ ਦੇ ਘਰ ਦੇ ਉਸ ਦਾ ਮੂਹ ਵੀ ਦੇਖਣ ਨਹੀ ਚਾਹੁੰਦੇ।ਨਵਜੋਤ ਇਸੇ ਵੀ ਸਥਿਤੀ ਨਾਲ ਸਮਝੋਤਾ ਕਰਨ ਲਈ ਤਿਆਰ ਨਹੀ ਹੈ ਉਹ ਆਪਣੀ ਪੂਰਨ ਆਜ਼ਾਦੀ ਮਣਦੀ ਹੈ ਚਾਹੇ ਉਸ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਹੈ।ਇਸੇ ਤਰ੍ਹ ਹ ਲਖਬੀਰ ਸਿੰਘ ਤੇ ਸ਼ਰਨ ਕੌਰ ਵੀ ਆਪਣੇ ਆਪ ਨੂੰ ਹੀ ਸਹੀ ਸਾਬਤ ਕਰਨ ਤੇ ਲੱਗੇ ਹਨ। ਉਸ ਦੀ ਪਾਤਰ ਪੇਸ਼ ਕਾਰੀ ਦਾ ਢੰਗ ਵੀ ਬਹੁਤ ਹੀ ਵਧੀਆ ਹੈ ਤੇ ਹਰ ਕੋਈ ਸਮੇ ਦੇ ਅਨੁਸਾਰ ਆ ਕੇ ਆਪਣਾ ਕਾਰਜ਼ ਕਰਦਾ ਹੈ। ਉਸ ਦੀ ਨਾਰੀ ਪ੍ਰਤੀ ਸੁਤੰਤਰਤਾ ਦੀ ਸੋਚ ਉਸ ਦੇ ਚਰਿੱਤਰ ਨੂੰ ਜਿਥੇ ਨਾਵਲ ਵਿਚ ਸਿਖਰ ਤੇ ਪਹੁੰਚਾਉਦੀ ਹੈ ਉੱਥੇ ਹੀ ਉਸ ਦੀ ਇਕ ਕਮਜੋਰੀ ਨੇ ਉਸਦਾ ਪਾਤਰ ਚਿਤਰਨ ਨਾਵਲ ਵਿਚ ਬਹੁਤ ਹੀ ਹੇਠਾ ਵੀ ਕਰ ਕੇ ਦਿਖਾ ਦਿੱਤਾ ਹੈ।ਇਸ ਲਈ ਇਸ ਨਾਵਲ ਦੇ ਸਾਰੇ ਪਾਤਰ ਢੁੱਕਵੇ ਤੇ ਲੋੜ ਅਨੁਸਾਰ ਆਪਣਾ ਆਪਣਾ ਕਾਰਜ਼ ਕਰਦੇ ਹਨ।ਕੋਈ ਵੀ ਵਾਧੂ ਨਹੀ ਹੈ। ਸੋ ਇਹ ਕਹਿਣਾ ਕੋਈ ਅੱਤਕਥਨੀ ਨਹੀ ਕਿ ਪਾਤਰਾ ਦੇ ਆਧਾਰ ਤੇ ਇਹ ਨਾਵਲ ਕਮਾਲ ਦਾ ਹੈ।

**ਉਦੇਸ਼:-**

ਹਰ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ ਬਿੰਨ੍ਹਾਂ ਉਦੇਸ਼ ਕਿਸੇ ਵੀ ਰਚਨਾ ਨੂੰ ਨਹੀ ਲਿਖਿਆ ਜਾ ਸਕਦਾ ਕਿਉਂਕਿ ਜੇ ਲੇਖਕ ਦਾ ਉਦੇਸ਼ ਨਹੀ ਹੈ ਤਾਂ ਉਹ ਆਪਣੀ ਰਚਨਾ ਵਿਚ ਕੀ ਸਾਬਤ ਕਰੇਗਾ। ਇਸ ਲਈ ਹਰ ਕੰਮਦਾ ਉਦੇਸ਼ ਜ਼ਰੂਰ ਹੁੰਦਾ ਹੈ।ਇਸੇ ਤਰ੍ਹਾਂ ਹੀ ਦਰਸ਼ਨ ਸਿੰਘ ਧੀਰ ਦਾ ਉਦੇਸ਼ ਵੀ ਇਹ ਸਾਬਤ ਕਰਨਾ ਹੈ ਕਿ ਨਵੀ ਲੀਹਾਂ ਪਾਉਣੀਆ ਬਹੁਤ ਮੁਸ਼ਕਿਲ ਹਨ ਤੇ ਪਾਈਆਂ ਹੋਈਆਂ ਲੀਹਾ ਤੇ ਤਾਂ ਹਰ ਕੋਈ ਹੀ ਚੱਲ ਪੈਦਾ ਹੈ। ਉਸ ਦਾ ਉਦੇਸ਼ ਇਹ ਦੱਸਣਾ ਵੀ ਹੈ ਕਿ ਔਰਤ ਜਿੰਨੀ ਵੀ ਮਰਜ਼ੀ ਆਜਾਦ ਹੋ ਜਾਂਵੇ ਪਰ ਉਸ ਨੂੰ ਮਰਦ ਦੀ ਗੁਲਾਮ ਬਣਾ ਹੀ ਪੈਦਾ ਹੈ। ਕਿਉਂਕਿ ਇਸ ਦੀ ਮੁੱਖ ਪਾਤਰ ਨਵਜੋਤ ਵਿਆਹ ਲਈ ਇਸ ਕਰਕੇ ਹੀ ਨਾਂਹ ਕਰਦੀ ਹੈ ਕਿ ਉਹ ਸਮਝਦੀ ਹੈ ਕਿ ਵਿਆਹ ਪ੍ਰਬੰਧ ਦੇ ਕਾਰਨ ਹੀ ਮਰਦ ਔਰਤ ਨੂੰ ਆਪਣੀ ਗੁਲਾਮ ਬਣਾਉਦਾ ਹੈ ਇਸ ਲਈ ਉਹ ਆਪਣੀ ਆਜ਼ਾਦੀ ਨੂੰ ਨਹੀ ਛੱਡਣਾ ਚਾਹੁੰਦੀ ਤੇ ਨਾ ਹੀ ਵਿਆਹ ਕਰਾਉਣਾ ਬਾਰੇ ਸੋਚਦੀ ਹੈ ਉਸ ਤੇ ਆਪਣੀ ਇਕ ਅੰਗਰੇਜ਼ ਟੀਚਰ ਦਾ ਬਹੁਤ ਪ੍ਰਭਾਵ ਹੈ ਕਿਉਂਕਿ ਉਸ ਕੋਲੋ ਆਪਣਾ ਵਿਆਹ ਨਿਭਾਇਆ ਨਹੀ ਗਿਆ।ਪਰ ਧੀਰ ਇਹ ਦੱਸਣਾ ਚਾਹੰਦਾ ਹੈ ਕਿ ਵਿਆਹ ਤੋਂ ਬਿੰਨ੍ਹਾਂ ਭਾਰਤੀ ਔਰਤ ਜਾਂ ਕੁੜੀ ਦੀ ਜਿੰਦਗੀ ਕੋਈ ਜਿੰਦਗੀ ਨਹੀ ਹੈ।ਕਿਉਂਕਿ ਉਸ ਦੀ ਵਿਆਹ ਤੋਂ ਬਿੰਨ੍ਹਾ ਸਮਾਜ ਵਿਚ ਸਾਰਥਕਤਾ ਨਹੀ ।ਉਸ ਦੇ ਮਾਂ ਪਿਓ ਉਸ ਦੀ ਇਸ ਗੱਲ ਨੂੰ ਕਦੀ ਵੀ ਨਹੀ ਸਵਿਕਾਰ ਕਰ ਸਕਦੇ ਕਿ ਉਨ੍ਹਾਂ ਦੀ ਕੁੜੀ ਵਿਆਹ ਤੋਂ ਬਿੰਨ੍ਹਾਂ ਕਿਸੇ ਪਰਾਏ ਮਰਦ ਨਾਲ ਰਹੇ ਜਾਂ ਉਸ ਦੇ ਬੱਚੇ ਨੂੰ ਜਨਮ

ਦੇਵੇ। ਔਰਤ ਦੀ ਆਜ਼ਾਦੀ ਉਸ ਦੇ ਪਰਿਵਾਰ ਤੋਂ ਦੂਰ ਰਹਿ ਕੇ ਨਹੀ ਸਗੋਂ ਪਰਿਵਾਰ ਦੇ ਨਾਲ ਰਹਿਣ ਨਾਲ ਹੈ। ਉਸ ਦਾ ਕੰਮ ਘਰ ਜੋੜਨਾ ਹੈ ਨਾ ਕਿ ਤੋੜਨਾ।ਉਸ ਦੀ ਆਜ਼ਾਦੀ ਇਸ ਗ ੱਲ ਨਾਲ ਨਹੀ ਕਿ ਉਹ ਆਪਣੀ ਸਰੀਰਕ ਭੁੱਖ ਮਟਾਉਣ ਲਈ ਮਰਦ ਕੋਲ ਚਲੇ ਜਾਦੀ ਹੈ ਪਰ ਉਸ ਦੇ ਨਾਲ ਵਿਆਹ ਬੰਧਨ ਵਿਚ ਬੰਝ ਕੇ ਨਹੀ ਰਹਿ ਸਕਦੀ

**ਭਾਸ਼ਾ ਅਤੇ ਸ਼ੈਲੀ**

ਇਸ ਨਾਵਲ ਦੀ ਭਾਸਾ ਸਰਲ ਤੇ ਸਪੱਸ਼ਟ ਹੈ। ਇਸ ਵਿਚ ਕੋਈ ਅਜਿਹੀ ਸ਼ਬਦਾਵਲੀ ਨਹੀ ਵਰਤੀ ਸਮਝ ਨਾ ਲੱਗੇ ਇਸ ਵਿਚ ਉਸ ਨੇ ਸ਼ੁੱਧ ਪੰਜ਼ਾਬੀ ਤੇ ਕਾਫੀ ਅੰਗਰਜ਼ੀ ਦੀ ਵਰਤੋ ਕੀਤੀ ਹੈ ਕਿ ਉਸ ਨੇ ਪੰਜ਼ਾਬੀ ਅਤੇ ਪੱਛਮੀ ਸੱਭਿਆਚਾਰ ਨੂੰ ਦਰਸਾਉਣਾ ਸੀ ਇਸ ਲਈ ਧੀਰ ਨੇ ਪੰਜ਼ਾਬੀ ਤੇ ਅੰਗਰੇਜ਼ੀ ਦੋਵੇ ਹੀ ਭਾਸ਼ਾਵਾਂ ਦੀ ਵਰਤੋ ਕੀਤੀ ਹੈ। ਧੀਰ ਨੇ ਲੋੜ ਅਨੁਸਾਰ ਹੀ ਸ਼ਬਦਾਵਲੀ ਵਰਤੀ ਹੈ ਕਿਉਂਕਿ ਜਿਥੇ ਉਸ ਨੂੰ ਪੰਜ਼ਾਬੀ ਦੀ ਲੋੜ ਸੀ ਉਸ ਨੇ ਉਥੇ ਉਸ ਦੀ ਵਰਤੋਂ ਖੁੱਲ ਕੇ ਕੀਤੀ ਹੈ ਜਿਵੇਂ:-

ਨਵਜੋਤ ਨੂੰ ਪਰਿਵਾਰ ਨਾਲ ਗੱਲਾ ਕਰਦਿਆ ਬੜਾ ਸੱਖ ਮਿਲ ਰਿਹਾ ਸੀ। ਲਗਦਾ, ਉਹਦੇ ਰੋਮ ਰੋਮ ਵਿਚ ਸਮਾਇਆ ਇਕਲਾਪਾ ਸਹਿਜੇ ਸਹਿਜ ਨਿਕਲ ਰਿਹਾ ਹੋਵੇ।ਉਹਦਾਾ ਤਨ ਮਨ ਹੌਲਾ ਫੁੱਲ ਹੁੰਦਾ ਜਾ ਰਿਹਾ ਹੋਵੇਗੱਲਾਂ ਗੱਲਾਂ ਵਿਚ ਮਾਂ ਕਹਿਣ ਲੱਗੀ, "ਤੂੰ ਕੱਲ੍ਹ ਨਾ ਆਈ ਜੋਤੀ?"

"ਆਉਣਾ ਤਾਂ ਕੱਲ੍ਹੇ ਸੀ,ਮੰਮ।ਪਰ ਸੀਟਾ ਭਰਨ ਵਾਲੀਆਂ ਸਨ। ਕਈ ਦਿਨ੍ਹਾਂ ਤੋਂ ਭਰ ਨਹੀ ਸਨ ਹੋਈਆ। ਭਰਦੀ ਬਰਦੀ ਨੂੰ ਨ੍ਹੇਰਾ ਹੋ ਗਿਆ। ਫੇਰ ਸੋਚਿਆ ਹੁਣ ਕੀ ਤੁਰਨਾ।ਅੱਜ ਕੱਲ ਕੱਲੀ ਕਾਰੀ ਔਰਤ ਦੇ ਕੁਵੇਲੇ ਤੁਰਨ ਦਾ ਕਿਤੇ ਸਮਾਂ ਹੈ।"

ਇਸ ਤਰ੍ਹਾਂ ਜਿਥੇ ਉਸ ਨੇ ਪੰਜ਼ਾਬੀ ਵਰਤੀ ਹੈ ਉਥੇ ਅੰਗਰੇਜ਼ੀ ਵੀ ਖੁੱਲ ਕੇ ਵਰਤੀ ਹੈ। ਜਿਵੇ:

"ਆਈ ਲਾਈਕ ਟੂ ਬੀ ਏ ਡੈਫਰ,ਹਨੀ!

ਜਿਵੇ

"ਇਟਸ ਬਲੱਡੀ ਬਾਈਟਿੰਗ ਕੋਲਡ।"

ਕਈ ਥਾਂਵਾਂ ਤੇ ਉਸ ਨੇ ਮਿਕਸ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਪੂਰੇ ਨਾਵਲ ਵਿਚ ਉਸ ਨੇ ਮਿਕਸ ਸ਼ਬਦਾਵਲੀ ਹੀ ਜਿਆਦਾ ਵਰਤੀ ਹੈ।ਜਿਵੇਂ:-

ਬੈਲ ਹੋਈ। ਨਵਜੋਤ ਬਟੂਆ ਲੈ ਕੇ ਦਰਵਾਜ਼ੇ ਵਲ ਤੁਰਨ ਲਗੀ ਤਾਂ ਤਲਵਿੰਦਰ ਕਹਿਣ ਲਗਾ,

"ਪੇਮੈਂਟ ਮੈਂ ਕਰਾਂਗਾ,ਨਵਜੋਤ।"

"ਨੋ।"

"ਕਿਉ ਨਹੀਂ?"

"ਚਲ,ਫੇਰ ਸ਼ਿਅਰ ਕਰ ਲੈਂਦੇ ਹਾਂ।"

"ਮੈਂ ਅਜੇ ਪੂਰੀ ਤਰ੍ਹਾਂ ਅੰਗਰੇਜ਼ ਨਹੀਂ ਬਣੀ।ਜਦ ਬਣ ਗਈ,ਕਰ ਲਿਆ ਕਰ ਲਿਆ ਕਰਾਂਗੀ,"

ਨਵਜੋਤ ਫਿਰ ਮੁਸਕਰਾਈ।

"ਅਜ਼ੇ ਇੰਡੀਅਨ ਹੀ ਏਂ?"

"ਹਾਂ।"

ਜਿੰਨੀ ਵਧੀਆ ਧੀਰ ਨੇ ਭਾਸ਼ਾ ਵਰਤੀ ਉਨੀ ਹੀ ਵਧੀਆ ਉਸ ਨੇ ਸ਼ੈਲੀ ਵਰਤੀ ਹੈ ਉਸ ਨੈ ਕਈ ਪ੍ਰਕਾਰ ਦੀਆ ਸ਼ੈਲੀਆ ਵੀ ਵਰਤੀਆ ਹਨ। ਉਸਨੇ ਨਾਵਲ ਦਾ ਅਰੰਭ ਹੀ ਮਨੋਬਚਨੀ ਅਤੇ ਪ੍ਰਤੀਕਆਤਮਕ ਸ਼ੈਲੀ ਰਾਹੀ ਕੀਤੀ ਹੈ। ਜਦੋ ਨਵਜੋਤ ਜਾਹਨ ਕੀਥ ਨਾਲ ਕਾਫੀ ਪੀ ਰਹੀ ਸੀ ਉਸ ਨੂੰ ਅਚਾਨਕ ਹੀ ਸੜਕ ਤੇ ਤੁਰਦੀਆਂ ਕਾਰਾਂ ਉਸ ਨੂੰ ਅਲੋਪ ਹੁੰਦੀਆਂ ਨਜ਼ਰ ਆਈਆਂ ਤੇ ਉਨ੍ਹਾਂ ਦੀ ਥਾਂ ਉਸ ਦੇ ਘਰ ਦਿਆਂ ਨੇ ਲੈ ਲਈ ਸੀ

**ਵਾਰਤਾਲਾਪ**

ਇਸ ਨਾਵਲ ਦੇ ਵਾਰਤਾਲਾਪ ਬਹੁਤ ਹੀ ਵਧੀਆਂ ਤੇ ਸੁਆਦਲੇ ਹਨ ਉਸ ਨੇ ਥਾਂ ਥਾਂ ਤੇ ਪਾਤਰਾ ਦੀ ਸਖ਼ਸ਼ੀਅਤ ਅਨੁਸਾਰ ਉਨ੍ਹਾਂ ਦੇ ਮੂੰਹੋਂ ਬੁਲਵਾਏ ਹਨ। ਉਸ ਨੇ ਇਸ ਵਿਚ ਪਾਤਰਾ ਦੇ ਵਾਰਤਾਲਾਪ ਕਈ ਢੰਗਾਂ ਨਾਲ ਪੇਸ਼ ਕੀਤੇ ਹਨ ਜਿਵੇਂ :-

ਪਤੀ ਦੀ ਆਵਾਜ਼ ਨਾਲ ਸੁਚੇਤ ਹੋ ਕੇ ਉਸ ਬੁਰਕੀ ਮੂੰਹ ਵਿਚ ਪਾਈਤੇ ਕਾਹਲੀ ਕਾਹਲੀ ਚਿੱਥਣ ਲੱਗ ਪਈ।ਫਿਰ ਮੋਕਾ ਤਾੜ ਕੇ ਕਹਿਣ ਲੱਗੀ, "ਮੇਰਾ ਕੱਲੀ ਦਾ ਘਰ ਜੀਅ ਨਹੀ ਲੱਗਦਾ!"

"ਨਹੀਂ ਲੱਗਦਾ ਤਾਂ ਮੇਰੇ ਨਾਲ ਕੰਮ ਤੇ ਚਲੀ ਜਾਇਆ ਕਰ," ਸੁਖਵਿੰਦਰ ਨੇ ਹਾਸੇ ਨਾਲ ਕਿਹਾ।

"ਲੈ ਜਾਇਆ ਕਰੋ," ਮਨਜੀਤ ਖਿੜ ਉੱਠੀ।

"ਕਰ ਲਏਂਗੀ?"

"ਜੇ ਤੁਸੀ ਕਰ ਸਕਦੇ ਜੋ ਤਾਂ ਮੈਨੂੰ ਕੀ ਗੱਲ ਏ?"[7]

ਇਸ ਤੋਂ ਇਲਾਵਾ

ਨਵਜੋਤ ਖਿੜ ਖਿੜਾ ਕੇ ਹੱਸ ਪਈ। ਉਸਨੂੰ ਹੱਸ ਦੀ ਦੇਖ ਮਨਜੀਤ ਕਹਿਣ ਲਗੀ,

"ਕੀ ਹੋਇਆ, ਜੋਤੀ?"

"ਕੁੱਛ ਨਹੀਂ।"

"ਕੋਈ ਗੱਲ ਤਾਂ ਜ਼ਰੂਰ ਏ?"

"ਕੋਈ ਗੱਲ਼ ਨਹੀਂ,ਭਾਬੀ ਜੀ।"

"ਫੇਰ ਹੱਸੀ ਕਾਹਤੋਂ ਆਂ?"

"ਤੁਹਾਡੇ ਏਪਲ ਦੇ ਉਚਾਰਨ ਤੇ।"

"ਮੇਰਾ ਉਚਾਰਨ ਗਲਤ ਏ?"

"ਹਾਂ।"

"ਹੋਰ ਕਿੱਦਾਂ ਉਚਾਰਨਾ ਚਾਹੀਦਾ ਏ?"

"ਏਪਲ ਥੋੜਾ ਕਹੀਦਾ ਏ?"

"ਹੋਰ ਕੀ ਕਹੀਦਾ?"

"ਐਪਲ।"

### ਹਵਾਲੇ ਤੇ ਟਿੱਪਣੀਆਂ

1.ਦਰਸ਼ਨ ਸਿੰਘ ਧੀਰ, ਪੈੜਾਂ ਦੇ ਆਰ ਪਾਰ ਪੰਨਾ ਨੰ. 84(7)

2.ਉਹੀ, ਪੰਨਾ ਨੰ. 84

3.ਉਹੀ, ਪੰਨਾ ਨੰ. 90

4.ਉਹੀ, ਪੰਨਾ ਨੰ. 91

5.ਉਹੀ, ਪੰਨਾ ਨੰ. 93

6.ਉਹੀ, ਪੰਨਾ ਨੰ. 78

7.ਉਹੀ, ਪੰਨਾ ਨੰ. 51

# ਅਧਿਆਇ-ਚੌਥਾ

# ਦਰਸ਼ਨ ਸਿੰਘ ਧੀਰ ਦੀ ਗਲਪ ਚੇਤਨਾ

ਦਰਸ਼ਨ ਸਿੰਘ ਧੀਰ ਇਕ ਸਰਵਵਿਆਪੀ ਲੇਖਕ ਹੈ ਉਸ ਨੂੰ ਸਭ ਪਤਾ ਹੈ ਕਿ ਕਿਸ ਸਮਾਜ ਵਿਚ ਕੀ ਵਾਪਰ ਰਿਹਾ ਹੈ ਉਸ ਨੂੰ ਪੱਛਮ ਦੇ ਨਾਲ ਨਾਲ ਭਾਰਤ ਦੇ ਸਿਸਟਮ ਦਾ ਵੀ ਪੂਰਾ ਪਤਾ ਹੈ ਕਿਉਕਿ ਉਹ ਘਟਨਾਵਾਂ ਨੂੰ ਇਸ ਤਰ੍ਹਾਂ ਘਟਵਾਉਂਦਾ ਹੈ ਕਿ ਉਹ ਕਿਸੇ ਦੂਜੇ ਦੀ ਘਟਨਾ ਨਾ ਹੋ ਕੇ ਉਸ ਦੇ ਨਿੱਜ ਨਾਲ ਵਾਪਰੀ ਹੋਈ ਪ੍ਰਤੀਤ ਹੁੰਦੀ ਹੈ। ਇਹ ਉਸ ਦਾ ਸਭ ਪਾਸੇ ਤੋਂ ਚੇਤਨ ਹੋਣ ਦੇ ਕਾਰਨ ਹੀ ਅਜਿਹਾ ਹੋਣਾ ਸੰਭਵ ਹੋਇਆ ਹੈ। ਉਸ ਨੂੰ ਤਾਂ ਇਹ ਵੀ ਪਤਾ ਹੈ ਕਿ ਭਾਰਤ ਦੇ ਗੁਰਦੁਆਰਿਆ ਦਾ ਸਿਸਟਮ ਇਸ ਤਰ੍ਹਾ ਦਾ ਹੈ। ਕਿਸ ਥਾਂ ਕਿਸ ਨਾਲ ਕੀ ਵਾਪਰ ਰਿਹਾ ਹੈ ਭਾਵ ਕਿ ਉਥੋਂ ਦਾ ਸਿਸਟਮ ਅਜਿਹਾ ਹੇ ਕਿ ਵਿਦੇਸ਼ੀ ਸ਼ਰਧਾਲੂਆਂ ਨਾਲ ਕਿੰਨਾ ਮਾੜਾ ਸਲੂਕ ਕੀਤਾ ਜਾਂਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਬੁਰਾ ਭਲਾ ਕਿਹਾ ਜਾਂਦਾ ਹੈ ਉਸ ਨੂੰ ਇਸ ਬਾਰੇ ਸਭ ਪਤਾ ਹੈ ਇਹ ਗੱਲ ਬਹੁਤ ਹੈਰਾਨੀ ਵਾਲੀ ਹੈ ਕਿ ਪੱਛਮ ਵਿਚ ਰਹਿੰਦੇ ਹੋਏ ਵੀ ਉਹ ਭਾਰਤੀ ਸਿਸਟਮ ਪ੍ਰਤੀ ਪੂਰੀ ਤਰ੍ਹਾਂ ਜਾਗਰੂਪ ਹੈ ਇਸੇ ਲਈ ਉਹ ਇੰਨੀ ਸਰਲਤਾ ਨਾਲ ਉਸ ਗੱਲ ਨਾਲ ਨਿਭਾਅ ਕਰ ਸਕਿਆ ਹੈ ਕਿ ਕਿਸ ਥਾਂ ਕੀ ਸਿਸਟਮ ਚੱਲ ਰਿਹਾ ਹੈ ਤੇ ਕਿਸ ਦਾ ਕਿਸ ਤੇ ਕੀ ਪ੍ਰਭਾਵ ਪਿਆ ਹੈ ਉਸ ਨੂੰ ਭਾਰਤ ਦਾ ਤਾਂ ਪਤਾ ਹੀ ਹੈ ਉਹ ਪੱਛਮੀ ਸਿਸਟਮ ਪ੍ਰਤੀ ਵੀ ਪੂਰੀ ਤਰ੍ਹਾਂ ਸੁਚੇਤ ਹੈ।ਉਹ ਉਥੋਬਾਰੇ ਵੀ ਹਰ ਗੱਲ ਨੂੰ ਪੂਰੇ ਬ੍ਰਿਤਾਂਤ ਰਾਹੀ ਪੇਸ਼ ਕਰਦਾ ਹੈ ਉਸ ਨੂੰ ਉੱਥੋਂ ਦੇ ਸਿਸਟਮ ਦਾ ਪਤਾ ਹੈ ਕਿ ਉਥੋ ਦੇ ਵਸਨੀਕ ਜੋ ਕਿ ਭਾਰਤੀ ਹਨ ਬਹੁਤ ਜਲਦੀ ਨਵੀਆ ਪੈੜਾਂ ਪੱਟਣ ਲਈ ਤਿਆਰ ਰਹਿੰਦੇ ਹਨ ਕਿਉਂਕਿ ਉਹ ਆਪਣੇ ਆਪ ਨੂੰ ਪੱਛਮ ਦਾ ਹੀ ਹਿੱਸਾ ਮੰਨਣ ਲੱਗ ਜਾਦੇ ਹਨ ਪਰ ਉਹਨਾਂ ਦੇ ਘਰ ਦੇ ਪੱਛਮੀ ਸਿਸਟਮ ਵਿਚ ਰਹਿਣਾ ਤਾਂ ਚਾਹੰਦੇ ਹਨ, ਉਨ੍ਹਾਂ ਵਾਂਗ ਆਜ਼ਾਦੀ ਤਾਂ ਮਾਨਣਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਰਹਿਣ ਸਹਿਣ ਨੂੰ ਨਹੀ ਅਪਣਾ ਸਕਦ ਕਿਉਂਕਿ ਇਹ ਸਭ ਭਾਰਤੀ ਸੱਭਿਅਤਾ ਦੇ ਖਿਲਾਫ਼ ਹੈ।ਕਿਉਂਕਿ ਭਾਤਰੀ ਸਮਾਜ ਵਿਚ ਉਸ ਔਰਤ ਨੂੰ ਢੋਈ ਨਹੀ ਮਿਲਦੀ ਜੋ ਵਿਆਹ ਤੋਂ ਬਿੰਨ੍ਹਾਂ ਕਿਸੇ ਮਰਦ ਨਾਲ ਰਹੇ ਸਿਰਫ ਰਹੇ ਹੀ ਨਾ ਬਿੰਨ੍ਹਾਂ ਵਿਆਹ ਤੋਂ ਉਸ ਦੇ ਬੱਚੇ ਨੂੰ ਵੀ ਜਨਮ ਵੀ ਦੇਵੇ।ਧੀਰ ਭਾਰਤ ਤੇ ਪੱਛਮੀ ਦੋਨਾਂ ਸਿਸਟਮ ਤੋਂ ਪੂਰੀ ਤਰ੍ਹਾਂ ਜਾਣੂ ਹੈ ਕਿਉਂਕਿ ਉਹ ਹੀ ਸਾਹਿਤਕਾਰ ਸ੍ਰੇਸ਼ਟ ਮੰਨਿਆ ਜਾਂਦਾ ਹੈ ਜਿਸ ਦੀ ਗਲਪ ਗੇਤਨਾ ਅੰਤ ਦਰਜੇ ਦੀ ਹੋਵੇ ਤੇ ਉਸ ਨੇ ਹਰ ਗੱਲ ਨੂੰ ਪੂਰੀ ਤਰ੍ਹਾਂ ਤੇ ਪੂਰੇ ਵਿਸਥਾਰ ਨਾਲ ਪੇਸ਼ ਕਰਦਾ ਹੋਵੇ ਤੇ ਉਸ ਗੱਲ ਨੂੰ ਸਮਝਣ ਜਾਂ ਮੰਨਣ ਵਿਚ ਪਾਠਕ ਨੂੰ ਕੋਈ ਪ੍ਰੇਸ਼ਾਨੀ ਨਹੀ ਹੁੰਦੀ ਹੈ ਕਿ ਲੇਖਕ ਕੀ ਕਹਿਣਾ ਚਾਹੁੰਦਾ ਹੈ।ਇਹ ਸਭ ਗੁਣ ਤੇ ਇਹ ਕਮਾਲ ਧੀਰ ਦੀ ਇਸ ਰਚਨਾ ਵਿਚ ਦੇਖਿਆ ਗਿਆ ਹੈ।ਉਸ ਦੀ ਰਚਨਾ ਵਿ ਪੇਸ਼ ਕੀਤਾ ਗਿਆ ਸੁਤੰਤਰ ਦਾ ਸਕੰਲਪ ਉਸ ਦੀ

ਰਚਨਾ ਨੂੰ ਸਰਬਪੱਖੀ ਬਣਾ ਦਿੰਦਾ ਹੈ ਕਿ ਉਹ ਪਹਿਲਾ ਲੇਖਕ ਹੈ ਜਿਸ ਨੇ ਇਸ ਵਿਸ਼ੇ ਨੂੰ ਆਦਾਰ ਬਣਾ ਕੇ ਆਪਣੀ ਗੱਲ ਨੂੰ ਪੇਸ਼ ਕੀਤਾ ਹੈ । ਜਿਥੇ ਉਸ ਨੇ ਇੰਨਾ ਵਧੀਆ ਵਿਸ਼ ਲਿਆ ਹੈ ਤੇ ਆਪਣੀ ਗੱਲ ਦਰਸਾਈ ਹੈ ਉਥੇ ਹੀ ਉਸ ਦੀ ਇਹ ਰਚਨਾ ਕਲਾਤਮਿਕ ਪੱਖ ਤੋਂ ਵੀ ਕਮਾਲ ਦੀ ਹੈ।ਉਸ ਨੇ ਜਿਨ੍ਹਾਂ ਵਿਧੀਆਂ, ਬਿੰਬਾਂ, ਪ੍ਰਤੀਕਾ, ਚਿੰਨ੍ਹ ਅਤੇ ਭਾਸ਼ਾ ਰਾਹੀ ਆਪਣੀ ਰਚਨਾ ਨੂੰ ਇਕ ਵੱਡਮੁੱਲੀ ਦੇਣ ਬਣਾ ਦਿੱਤਾ ਹੈ।ਇਸ ਤੋਨ ਪਹਿਲਾ ਉਸ ਦੀ ਰਚਨਾ ਦਾ ਵਿਸ਼ਾ ਪੱਖ ਬਿਆਨ ਕੀਤਾ ਗਿਆ ਹੈ। ਹੁਣ ਇਸ ਦਾ ਕਲਾਪੱਖ ਬਾਰੇ ਵੀ ਚਰਚਾ ਕਰਨੀ ਬਹੁਤ ਜਰੂਰੀ ਹੈ ਕਿਉਂਕਿ ਇਸ ਦੇ ਰਾਹੀ ਉਸ ਦੀ ਰਚਨਾ ਨੂੰ ਬਿਆਨ ਕਰਨ ਦਾ ਢੰਗ ਤਰੀਕਾ ਬਿਆਨ ਕੀਤਾ ਗਿਆ ਹੈ।

**ਕਥਾਨਕ / ਪਲਾਂਟ ਜਾਂ ਗੋਂਦ:-** ਇਸ ਨਾਵਲ ਦੀ ਸਾਰੀ ਘਟਨਾ ਸਿੱਧੇ ਜਾਂ ਅਸਿੱਧ ਰੂਪ ਵਿਚ ਇਸ ਦੀ ਮੁੱਖ ਪਾਤਰ ਨਵਜੋਤ ਦੁਆਲੇ ਹੀ ਘੁਮੰਦੀ ਹੈ ਕਿਉਂਕਿ ਪੂਰਾ ਨਾਵਲ ਉਸ ਨੂੰ ਆਧਾਰ ਬਣਾ ਕੇ ਹੀ ਲਿਖਿਆ ਗਿਆ ਹੈ। ਦਰਸ਼ਨ ਸਿੰਘ ਧੀਰ ਨੇ ਆਪਣਾ ਇਹ ਨਾਵਲ ਨਵਜੋਤ ਨੂੰ ਆਧਾਰ ਬਣਾ ਕੇ ਹੀ ਲਿਖਿਆ ਹੈ। ਇਸ ਦਾ ਨਾਮ ਵੀ ਉਸ ਦੇ ਕੰਮਾਂ ਨੂੰ ਦੇਖ ਕੇ ਹੀ ਰੱਖਿਆ ਹੈ ਭਾਵ ਕਿ ਨਵਜੋਤ ਇਹ ਇਕ ਅਜਿਹੀ ਕੁੜੀ ਹੈ ਜੋ ਨਵੀਆ ਪੈੜਾਂ ਪੁੱਟਦੀ ਹੈ।ਉਹ ਨਵੀਆ ਲੀਹਾ ਤੇ ਤੁਰ ਦੀ ਹੈ ਤੇ ਉਸ ਦੀ ਕੀਮਤ ਉਸ ਨੂੰ ਆਪਣੇ ਘਰ ਦਿਆ ਨਾਲੋ ਟੁੱਟ ਕੇ ਦੇਣੀ ਹੈ।ਇਸ ਘਟਨਾ ਨੂੰ ਦੱਸਣ ਲਈ ਧੀਰ ਬਹੁਤ ਵੱਡਾ ਬ੍ਰਿਤਾਂਤ ਸਿਰਜ ਲੈਦਾ ਹੈ ਉਸ ਨੇ ਇੰਨਾ ਵੱਡਾ ਬ੍ਰਿਤਾਂਤ ਸਿਰਜਿਆ ਹੈ ਕਿ ਪਾਠਕ ਉਲਝ ਜਾਂਦਾ ਹੈ ਕਿ ਉਹ ਕੀ ਪੜ੍ਹ ਰਿਹਾ ਸੀ ਤੇ ਉਹ ਕੀ ਪੜ੍ਹਨ ਲੱਗ ਗਿਆ ਹੈ। ਬ੍ਰਿਤਾਂਤ ਜਿੰਨਾ ਵੱਡਾ ਹੁੰਦਾ ਹੈ ਉਨ੍ਹੀ ਹੀ ਪਾਠਕ ਨੂੰ ਉਸ ਵਿਧਾ ਨਾਲ ਜੋੜੀ ਰੱਖਦਾ ਹੈ ਪਰ ਅਗਰ ਬ੍ਰਿਤਾਂਤ ਢਿੱਲਾ ਨਾ ਹੋਵੇ ਭਾਵ ਕਿ ਗੁੰਝਲਦਾਰ ਨਾ ਹੋਵੇ। ਜੋ ਜਲਦੀ ਸਮਝਾਇਆ ਜਾਵੇ ਤੇ ਪਾਠਕ ਨੂੰ ਆਪਣੇ ਨਾਲ ਜੋੜੀ ਰੱਖੇ। ਪਾਠਕ ਪੂਰੀ ਤਰ੍ਹਾਂ ਉਸ ਵਿਚ ਖੁਭ ਜਾਣਾ ਚਾਹੁੰਦਾ ਹੈ ਤਾਂ ਕਿ ਉਸ ਦਾ ਧਿਆਨ ਨਾਵਲ ਵਲੋਂ ਹਟੇ ਨਾ । ਇਕ ਤੋਂ ਬਾਅਦ ਇਕ ਘਟਨਾ ਆਉਦੀ ਰਹੇ ਜੇ ਇਕ ਘਟਨਾ ਤੋਂ ਬਾਅਦ ਦੂਜੀ ਘਟਨਾ ਹੋਰ ਆ ਜਾਵੇਂ ਤਾਂ ਉਸ ਨੂੰ ਪੜ੍ਹਨਾ ਤੇ ਉਸ ਤੇ ਧਿਆਨ ਕੇਂਰਿਤ ਕਰਨਾ ਬਹੁਤ ਮੁਸ਼ਕਿਲ ਹੋ ਜਾਵੇਗਾ।ਅਗਰ ਅਜਿਹਾ ਹੋਇਆ ਤਾਂ ਪਾਠਕ ਕਦੀ ਉਸ ਰਚਨਾ ਨਾਲ ਜੁੜ ਨਹੀ ਸਕਣ ਗੇ ਪਰ ਇਹ ਲੇਖਕ ਦੀ ਖੂਬੀ ਵੀ ਹੁੰਦੀ ਹੈ ਕਿ ਉਹ ਇਕ ਘਟਨਾ ਨਾਲ ਹੋਰ ਘਟਨਾਵਾਂ ਨੂੰ ਵੀ ਆਸਾਨੀ ਨਾਲ ਜੋੜ ਰਿਹਾ ਹੈ।ਜੇ ਨਾਵਲ ਦਾ ਬ੍ਰਿਤਾਂਤ ਢਿੱਲਾ ਹੈ ਤਾਂ ਲੇਖਕ ਉਸ ਰਚਨਾ ਰਹੀ ਆਪਣੇ ਪਾਠਕਾ ਨੂੰ ਆਪਣੇ ਨਾਲ ਤੇ ਆਪਣੀ ਉਸ ਰਚਨਾ ਨਾਲ ਕਦੀ ਵੀ ਜੋੜ ਨਹੀ ਸਕਦਾ।ਜਿੰਨੀ ਮਰਜ਼ੀ ਵਧੀਆ ਰਚਨਾ ਹੋਵੇ ਅਗਰ ਉਸ ਦਾ ਪਲਾਟ ਢਿੱਲਾ ਹੈ ਭਾਵ ਉਸ ਦਾ ਬ੍ਰਿਤਾਂਤ ਸਹੀ ਨਹੀ ਹੈ ਤਾਂ ਉਹ ਰਚਨਾ ਵਧੀਆ ਨਹੀ ਮੰਨੀ ਜਾਂਦੀ ਕਿਉਂਕਿ ਉਸ ਰਾਹੀ ਲੇਖਕ ਉਹ ਪ੍ਰਭਾਵ ਨਹੀ ਪਾ ਸਕਦੇ ਜਿਸ ਪ੍ਰਭਾਵ ਦੀ ਉਸ ਨੇ ਉਮੀਦ ਕੀਤੀ ਹੋਈ ਸੀ ਸੋ ਇਕ ਕਹਿਣਾ ਵਾਜਿਬ ਹੈ ਕਿ ਪਲਾਟ ਜਿੰਨਾ ਗੁੰਦਿਆ ਹੋਵੇਗਾ।ਉਨੀ ਹੀ ਉਸ ਦੀ ਰਚਨਾ ਮਸ਼ਹੂਰ ਹੋਵੇਗੀ ਪਰ ਗੁੰਝਲਦਾਰ

ਪਲਾਂਟ ਭਾਵ ਬ੍ਰਿਤਾਂਤ ਲਿਖਣਾ ਹਰ ਕਿਸੇ ਦੀ ਬਸ ਦੀ ਗੱਲ ਨਹੀ ਹੈ ਪਰ ਧੀਰ ਇਸ ਕੰਮ ਵਿਚ ਮਸ਼ਹੂਰ ਹੈ ਕਿ ਉਹ ਗੁੰਝਲਦਾਰ ਬ੍ਰਿਤਾਂਤ ਲਿਖਣ ਵਿਚ ਸਫ਼ਲ ਹੋਇਆ ਹੈ।ਜੋ ਆਮ ਲੇਖਕ ਨਹੀ ਕਰ ਸਕਦੇ। ਇਸ ਨਾਵਲ ਦਾ ਆਰੰਭ ਵੀ ਪਾਤਰਾ ਦੀ ਗੱਲ ਬਾਤ ਤੋਂ ਹੋਇਆ ਹੈ। ਇਹ ਨਾਵਲ ਨਵਜੋਤ ਤੇ ਜਾਹਨ ਕੀਥ ਦੀ ਗੱਲ ਬਾਤ ਤੋਂ ਸ਼ੁਰੂ ਹੁੰਦਾ ਹੈ ਤੇ ਇਸ ਦਾ ਮੱਧ ਵੀ ਇਸੇ ਤਰ੍ਹਾਂ ਤਲਵਿੰਦਰ ਨਾਲ ਅੱਗੇ ਵੱਧਦਾ ਹੈ ਤੇ ਸਿਖਰ ਤੇ ਪਹੰਚ ਕੇ ਫਿਰ ਹੇਠਾ ਆ ਜਾਦਾ ਹੈ ਜਦੋਂ ਤਲਵਿੰਦਰ ਉਸ ਨੂੰ ਛੱਡ ਕੇ ਕਿਸੇ ਭਾਰਤੀ ਕੁੜੀ ਨਾਲ ਵਿਆਹ ਕਰਾਉਣ ਨੂੰ ਮੰਨ ਜਾਦਾ ਹੈ ਆਪਣੇ ਘਰ ਦਿਆ ਦੇ ਕਹਿਣ ਤੇ ਪਰ ਉਹ ਨਵਜੋਤ ਦੀ ਜਿੰਦਗੀ ਚੋਂ ਤਾਂ ਚਲਾ ਜਾਂਦਾ ਹੈ ਪਰ ਉਸ ਦੀ ਕੁੱਖ ਵਿਚ ਆਪਣੀ ਨਿਸ਼ਾਨੀ ਛੱਡ ਜਾਦਾ ਹੈ ਜਿਸ ਨਾਲ ਉਸ ਦੀ ਜਿੰਦਗੀ ਇਕ ਦਮ ਰੁਕ ਜਾਂਦੀ ਹੈ ਪਰ ਅੰਤ ਵਿਚ ਜਦੋਂ ਉਸ ਦੇ ਬਾਅਦ ਜਾਹਨ ਕੀਥ ਦੁਬਾਰਾ ਉਸ ਦੀ ਜਿੰਦਗੀ ਵਿਚ ਆਉਦਾ ਹੈ ਤਾਂ ਉਸ ਦੀ ਜਿੰਦਗੀ ਵਿਚ ਖੁਸ਼ੀ ਆਉਦੀ ਹੈ ਪਰ ਜਦੋਂ ਅਚਾਨਕ ਹੀ ਉਸ ਨੂੰ ਜਾਹਨ ਕੀਥ ਦੀ ਮੋਤ ਦੀ ਖਬਰ ਸੁਣਦੀ ਆਉਦੀ ਹੈ ਤਾਂ ਉਸ ਨੂੰ ਆਪਣਾ  ਕੋਈ ਵੀ ਟਿਕਾਣਾ ਨਹੀ ਲੱਭਦਾ ਤਾਂ ਉਸ ਦੀ ਜਿੰਦਗੀ ਹੀ ਘੁੰਮ ਜਾਦੀ ਹੈ। ਉਸ ਦੀ ਮੋਤ ਸਮੇ ਉਹ ਪੰਜ ਮਹੀਨੇ ਦੀ ਗਰਭਵਤੀ ਹੁੰਦੀ ਹੈ। ਉਸ ਦੇ ਘਰ ਬੇਟੀ ਦਾ ਜਨਮ ਹੁੰਦਾ ਹੈ ਜਿਸ ਦਾ ਨਾਂ ਉਹ ਵਾਰਿਸ ਰੱਖਦੀ ਹੈ ਕਿਉਂਕਿ ਉਹ ਬੱਚੀ ਦੋਨਾਂ ਨਸਲਾ ਦੀ ਸਾਂਝੀ ਵਾਰਿਸ ਹੁੰਦੀ ਹੈ ਤੇ ਉਸ ਦੀ ਬੇਟੀ ਦੇ ਜਨਮ ਤੋਂ ਬਾਅਦ ਉਸ ਨੂੰ ਆਪਣੇ ਪਿਤਾ ਦੀ ਮੋਤ ਦੀ ਖਬਰ ਮਿਲਦੀ ਹੈ ਤਾਂ ਉਸ ਦੀ ਰਹਿੰਦੀ ਖੁੱਧੀ ਧਿਰਜਾ ਵੀ ਟੁੱਟ ਜਾਂਦੀ ਹੈ ਜਿਸ ਦਾ ਕਾਰਨ ਇਹ ਹੈ ਕਿ ਉਸ ਦੇ ਸਾਰੇ ਪਰਿਵਾਰ ਨੇ ਉਸ ਨੂੰ ਤਿਆਗ ਦਿੱਤਾ ਸੀ ।ਉਹਨਾਂ ਅਨੁਸਾਰ ਉਹ ਉਨ੍ਹਾਂ ਲਈ ਮਰ ਚੁੱਕੀ ਸੀ ਉਹਨਾਂ ਨੇ ਉਸ ਨਾਲ ਆਪਣੇ ਸਾਰੇ ਰਿਸ਼ਤੇ ਤੋੜ ਦਿੱਤੇ ਸਨ। ਉਸ ਨੂੰ ਤਾਂ ਉਸ ਦੇ ਪਿਤਾ ਦੇ ਅੰਤਿਮ ਦਰਸ਼ਨ ਵੀ ਨਹੀ ਕਰਨ ਦਿੱਤੇ ਜਿਸ ਕਾਰਨ ਨਾਵਲ ਦਾ ਅੰਤ ਜਿਆਦਾ ਹੀ ਗੰਭੀਰ ਹੋ ਜਾਂਦਾ ਹੈ।ਉਹ ਸਾਰਿਆ ਨੂੰ ਛੱਡ ਕੇ ਵਾਪਿਸ ਚਲੇ ਜਾਂਦੀ ਹੈ।ਇਹ ਸਭ ਧੀਰ ਨੇ ਬੜੇ ਹੀ ਕਮਾਲ ਨਾਲ ਪੇਸ਼ ਕੀਤਾ ਹੈ ਉਸ ਨੇ ਹਰ ਘਟਨਾ ਨੂੰ ਪੂਰਾ ਬ੍ਰਿਤਾਂਤ ਦਿੱਤਾ ਹੈ ਹਰ ਘਟਨਾ ਨੂੰ ਪੂਰੀ   ਤਰ੍ਹਾਂ ਦੂਜੀ ਨਾਲ ਜੋੜ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਕੋਈ ਵੀ ਘਟਨਾ ਦੂਜੀ ਨਾਲੋਂ ਵੱਖਰੀ ਨਹੀ ਲੱਗਦੀ ਹਰ ਇਕ ਘਟਨਾ ਦਾ ਦੂਜੀ ਘਟਨਾ ਤੇ ਪੂਰਾ ਪੂਰਾ ਪ੍ਰਭਾਵ ਪੈਦਾ ਹੈ।ਜਿਸ ਅੰਦਾਜ ਵਿਚ ਧੀਰ ਨੇ ਇਸ ਦਾ ਆਰੰਭ ਮੱਧ ਤੇ ਅੰਤ ਪੈਸ਼ ਕੀਤਾ ਹੈ ਉਹ ਅੰਦਾਜ਼ ਬਹੁਤ ਹੀ ਨਵੇਕਲਾ ਹੈ।ਉਸ ਦਾ ਹਰ ਢੰਗ ਦੂਜਿਆ ਦੇ ਨਾਲੋ ਅਲੱਗ ਹੈ।ਇਹ ਹੀ ਅੰਦਾਜ਼ ਉਸ ਨੂੰ ਦੂਜਿਆ ਨਾਲੋ ਵੱਖਰਾ ਕਰਦਾ ਹੈ ਧੀਰ ਨੇ ਇਸ ਵਿਚ ਜੋਂ ਵੀ ਘਟਨਾ ਜਦੋਂ ਵੀ ਪੇਸ਼ ਕੀਤੀ ਹੈ ਉਹ ਬਿਲਕੁਲ ਸਹੀ ਤੇ ਪੂਰੀ ਸ਼ਪਸੱਟਤਾ ਨਾਲ ਦਰਸਾਈ ਹੈ।ਇਨ੍ਹਾਂ ਵੱਡਾ ਪਲਾਟ ਲਿਖਣਾ ਤੇ ਉਸ ਦੀ ਹਰ ਘਟਨਾ ਨੂੰ ਹਰ ਥਾਂ ਸਪੱਸ਼ਟ ਕਰਨਾ ਬਹੁਤ ਹੀ ਮੁਸ਼ਕਿਲ ਕੰਮ ਹੈ।ਧੀਰ ਦੇ ਇਸ ਨਾਵਲ ਵਿਚ ਹਰ ਕਾਂਢ ਵਿਚ ਨਵੀ ਗੱਲ ਨਵੇਂ ਵਿਸ਼ੇ ਨਾਲ ਜੋੜ ਕੇ ਪੇਸ਼ ਕੀਤੀ ਹੈ ਭਾਵੇਂ ਕਿ ਪੂਰੇ ਨਾਵਲ ਦਾ ਇਕਹੀ ਵਿਸ਼ਾ ਬਣਾਇਆ ਗਿਆ ਹੈ ਕਿ ਔਰਤ ਦੀ ਆਜ਼ਾਦੀ ਪਰ ਹੋਰ ਘਟਨਾਵਾਂ ਨੂੰ ਵੀ ਧੀਰ ਨੇ ਬਹੁਤ ਆਸਾਨੀ ਨਾ ਪੇਸ਼ ਕਰ ਕੇ ਉਸ ਨਾਲ ਜੋੜ ਦਿੱਤਾ ਹੈ ਜੋ ਆਮ ਸੋਚਣਾ ਬਹੁਤ ਮੁਸ਼ਕਿਲ ਹੈ। ਇਹ ਗੁੰਝਲਦਾਰ ਹੀ ਧੀਰ ਦੀ ਖੂਬੀ

ਹੈ ਉਸ ਨੇ ਹਰ ਧਿਰ ਨੂੰ ਦਰਸਾਇਆ ਹੈ ਤੇ ਹਰ ਗੱਲ ਸਪੱਸ਼ਟ ਕੀਤੀ ਹੈ ਪਰ ਉਸ ਨੇ ਕਿਸੇ ਵੀ ਧਿਰ ਦੀ ਵਿਚ ਕਿਸੇ ਦਾ ਸਾਥ ਨਹੀ ਦਿੰਦਾ ਉਸ ਨੇ ਹਰ ਧਿਰ ਨੂੰ ਜਿਥੇ ਚੰਗੀ ਦਰਸਾਇਆ ਹੈ ਉਥੇ ਮਾੜੀ ਨੂੰ ਦਰਸਾਇਆ ਹੈ।

ਸੋ ਇਹ ਕਹਿਣਾ ਬਿਲਕੁੱਲ ਸਹੀ ਹੈ ਕਿ ਦਰਸ਼ਨ ਸਿੰਘ ਧੀਰ ਵਰਗਾ ਨਾਵਲ ਤੇ ਉਸ ਵਰਗਾ ਗੁੰਝਲਦਾਰ ਬਿਆਨ ਦੇਣਾ ਆਸਾਨ ਨਹੀ ਹੈ ਕਿਉਂਕਿ ਉਸ ਦੀ ਗੁੰਝਲਦਾਰ ਵਿਧੀ ਉਸ ਦੀ ਰਚਨਾ ਨੂੰ ਆਕਰਸ਼ਕ ਬਣਾਉਂਦੀ ਹੈ।

**ਪਾਤਰ ਚਿਤਰਨ :-** ਦਰਸ਼ਨ ਸਿੰਘ ਧੀਰ ਦੀ ਵਿਸ਼ੇਸ਼ਤਾ ਹੈ ਕਿ ਉਸ ਨੇ ਪਾਤਰਬਹੁਤ ਹੀ ਕਮਾਲ ਦੇ ਲਏ ਹਨ।ਉਸ ਨੇ ਜੋ ਵੀ ਪਾਤਰ ਪੇਸ਼ ਕੀਤਾ ਹੈ ਉਸਨੇ ਆਪਣਾ ਕੰਮ ਬਹੁਤ ਹੀ ਸਾਰਥਕ ਢੰਗ ਨਾਲ ਕੀਤਾ ਹੈ ਕੋਈ ਵੀ ਪਾਤਰ ਵਾਧੂ ਨਹੀ ਲੱਗਦਾ। ਕਿਸੇ ਵੀ ਪਾਤਰ ਨੂੰ ਜਾਣ ਕੇ ਇਹ ਨਹੀ ਲਗਦਾ ਕਿ ਦਰਸ਼ਨ ਸਿੰਘ ਧੀਰ ਨੇ ਉਸ ਪਾਤਰ ਤੇ ਕੁਝ ਜਬਰਦਸਤੀ ਥੋਪਿਆਂ ਹੈ ਉਸ ਨੂੰ ਦੇਖ ਕੇ ਬਸ ਇਹ ਹੀ ਲੱਗਦਾ ਹੈ ਕਿ ਜੋ ਵੀ ਘਟਨਾ ਕੋਈ ਪਾਤਰ ਕਰਦਾ ਹੈ ਉਹ ਸਹਿਜ ਸਭਾਅ ਹੀ ਕਰਦਾ ਹੈ। ਧੀਰ ਦੀ ਪਾਤਰ ਚੁਨਣ ਦੀ ਅਦਾ ਬੜੀ ਕਮਾਲ ਦੀ ਹੈ ਕਿਉਂਕਿ ਉਸ ਨੇ ਉਨੇ ਹੀ ਪਾਤਰ ਲਏ ਹਨ ਜਿੰਨਿਆ ਦੀ ਉਸ ਨੂੰ ਲੋੜ ਹੈ ਕੋਈ ਪਾਤਰ ਵਾਧੂ ਜਾਂ ਫਾਲਤੂ ਨਹੀ ਲੱਗਦਾ।ਹਰ ਪਾਤਰ ਦਾ ਆਪਣਾ ਆਪਣਾ ਕੰਮ ਹੈ ਤੇ ਉਹ ਕਰਦਾ ਵੀ ਪੂਰੀ ਇਮਾਨਦਾਰੀ ਨਾਲ ਹੈ। ਕਿਉਂਕਿ ਪਾਤਰ ਚਿਤਰਨ ਇਸੇ ਵੀ ਰਚਨਾ ਦਾ ਇਕ ਬਹੁਤ ਹੀ ਮਹੱਤਵਪੂਰਨ ਤੱਤ ਹੁੰਦਾ ਹੈ ਤੇ ਪਾਤਰਾ ਤੋਂ ਬਿੰਨ੍ਹਾਂ ਕੋਈ ਵੀ ਰਚਨਾ ਅੱਗੇ ਵੱਧ ਹੀ ਨਹੀ ਸਕਦੀ। ਹਰ ਰਚਨਾ ਵਿਚ ਪਾਤਰ ਉਨੇ ਜਰੂਰੀ ਹਨ ਜਿੰਨਾ ਕਿ ਮਨੁੱਖ ਨੂੰ ਸਾਹ ਲੈਣਾ ਜ਼ਰੂਰੀ ਹੈ ਇਸ ਲਈ ਅਗਰ ਪਾਤਰ ਨਹੀ ਹੋਣ ਗੇ ਤਾਂ ਉਹ ਰਚਨਾ ਬੇਕਾਰ ਹੈ। ਕਿਉਂਕਿ ਅਗਰ ਲੇਖਕ ਪਾਤਰਾ ਤੋਂ ਬਿੰਨ੍ਹਾਂ ਕਿਸੇ ਰਚਨਾ ਦੀ ਰਚਨਾ ਕਰਦਾ ਹੈ ਤਾਂ ਉਹ ਆਪਣੀ ਰਚਨਾ ਦਾ ਉਨ੍ਹਾਂ ਪ੍ਰਭਾਵ ਨਹੀ ਪਾ ਸਕਦਾ ਜਿੰਨ੍ਹਾਂ ਕਿ ਉਹ ਪਾਤਰ ਦੇ ਰਾਹੀ ਜਾਂ ਪਾਤਰਾ ਰਾਹੀ ਪਾਉਦਾ ਹੈ।ਪਾਤਰ ਨਾਲ ਉਹ ਹਰ ਗੱਲ ਸਹਿਜੇ ਹੀ ਕਰ ਸਕਦਾ ਹੈ ਤੇ ਅਪਣਾ ਦੁਗਣਾ ਪ੍ਰਭਾਵ ਪਾ ਸਕਦਾ ਹੈ।ਧੀਰ ਦੀ ਇਹ ਰਚਨਾ ਪਾਤਰਾ ਪੱਖੋਂ ਬਿਲਕੁੱਲ ਪੂਰੀ ਹੈ। ਉਸ ਨੇ ਪਾਤਰਾ ਦੀ ਚੋਣ ਤੇ ਬਹੁਤ ਹੀ ਵਧੀਆ ਢੰਗ ਨਾਲ ਕੀਤੀ ਹੈ ਤੇ ਉਸ ਤੋਂ ਵਧੀਆ ਢੰਗ ਨਾਲ ਉਸ ਨੇ ਉਨ੍ਹਾਂ ਦੀ ਵਰਤੋਂ ਕੀਤੀ ਹੈ ਉਹ ਹੋਰ ਵੀ ਪ੍ਰਸੰਸਾ ਦੇ ਯੋਗ ਹੈ। ਕੋਈ ਪਾਤਰ ਵਾਧੂ ਨਹੀ ਲੱਗਦਾ ਹੈ ਕਿਉਂਕਿ ਉਸ ਨੇ ਪਾਤਰ ਨੂੰ ਇਕ ਵਿਸ਼ੇਸ਼ ਨਾਂਮ ਅਤੇ ਵਿਸ਼ੇਸ਼ ਰਿਸ਼ਤੇ ਵਿਚ ਬੰਨ ਕੇ ਪੇਸ਼ ਕੀਤਾ ਹੈ।ਉਸ ਨੇ ਪਾਤਰਾ ਪੱਖੋਂ ਕੋਈ ਵੀ ਕਮੀ ਨਹੀ ਰਹਿਣ ਦਿੱਤੀ। ਇਨ੍ਹਾਂ ਦੇ ਪੱਖੋਂ ਨਾਵਲ ਪੂਰਾ ਹੈ ਕਿਉਂਕਿ ਨਾ ਤਾਂ ਪਾਤਰ ਬੇ ਹਿਸਾਬੇ ਹਨ ਕਿ ਉਨ੍ਹਾਂ ਵਿਚ ਉੱਲਝ ਜਾਈਏ ਭਾਵ ਕਿ ਪਤਾ ਹੀ ਨਾ ਲੱਗੇ ਕਿ ਕਿਸ ਦਾ ਕਿਸ ਨਾਲ ਕੀ ਰਿਸ਼ਤਾ ਹੈ ਤੇ ਨਾ ਹੀ ਇੰਨੇ ਘੱਟ ਹਨ ਕਿ ਉਂਗਲੀਆ ਤੇ ਯਾਦ ਹੋਣ। ਉਸ ਦੀ ਪਾਤਰ ਪੇਸ਼ ਕਾਰੀ ਦਾ ਢੰਗ ਵੀ ਉਨ੍ਹਾਂ ਹੀ ਵਧੀਆ ਹੈ ਤੇ ਹਰ ਕੋਈ

ਸਮੇ ਦੇ ਅਨੁਸਾਰ ਆ ਕੇ ਆਪਣਾ ਕਾਰਜ਼ ਕਰਦਾ ਹੈ ਸੋ ਇਹ ਕਹਿਣਾ ਕੋਈ ਅੱਤਕਥਨੀ ਨਹੀ ਕਿ ਪਾਤਰਾ ਦੇ ਆਧਾਰ ਤੇ ਇਹ ਨਾਵਲ ਕਮਾਲ ਦਾ ਹੈ। ਧੀਰ ਦੀ ਇਸ ਰਚਨਾ ਦੀ ਕਹਾਣੀ ਉਸ ਦੀ ਮੱਖ ਪਾਤਰ ਨਵਲੋਤ ਦੇ ਦੁਆਲੇ ਘੁੰਮਦੀ ਹੈ ਤੇ ਬਾਕੀ ਸਾਰੇ ਪਾਤਰ ਉਸ ਨਾਲ ਜੁੜੇ ਹੋਏ ਹਨ। ਇਸ ਨਾਵਲ ਵਿਚ ਹਰ ਇੱਕ ਰਿਸ਼ਤੇ ਨੂੰ ਬਹੁਤ ਹੀ ਡੂੰਘੇ ਪ੍ਰਭਾਵ ਨਾਲ ਧੀਰ ਨੇ ਹਰ ਰਿਸ਼ਤੇ ਨਾਲ ਪੂਰਾ ਇੰਨਸਾਫ ਕੀਤਾ ਕੀਤਾ ਹੈ।ਇਸ ਵਿਚ ਉਸ ਨੇ ਹਰ ਰਿਸ਼ਤੇ ਨੂੰ ਪੂਰੀ ਵਿਸਥਾਰ ਦਿੱਤੀ ਹੈ।ਇਸ ਨਾਵਲ ਵਿਚ ਕਈ ਰਿਸ਼ਤੇ ਆਉਦੇ ਹਨ:-ਜਿਵੇਂ ਉਸ ਨੇ ਮਾਂ ਤੇ ਧੀ ਦਾ ਰਿਸ਼ਤਾ, ਪਿਉ ਤੇ ਧੀ ਦਾ ਰਿਸ਼ਤਾ, ਭੈਣ ਤੇ ਭਰਾ ਦਾ ਰਿਸ਼ਤਾ, ਮਾਂ ਪੁੱਤ ਦੇ ਰਿਸ਼ਤਾ ਪਤੀ ਪਤਨੀ ਦਾ ਰਿਸ਼ਤਾ, ਨਨਾਣ ਭਰਜਾਈ ਦਾ ਰਿਸ਼ਤਾ, ਨੂੰਹ ਸੱਸ ਦਾ, ਨੂੰਹ ਸੋਹਰਾ ਦਾ,ਪਾਟਨਰਸ਼ਿਪ ਦਾ ਰਿਸ਼ਤਾ ਤੇ ਕੁੜੀਆਂ ਮੁੰਡਿਆ ਦੇ ਆਪਸੀ ਪਿਆਰ ਦਾ ਰਿਸ਼ਤਾ ਅਦਿ ਨੂੰ ਬਹੁਤ ਹੀ ਸਹਿਜਤਾ ਨਾਲ ਬਿਆਨ ਕੀਤਾ ਹੈ।ਇਹ ਸਭ ਰਿਸ਼ਤੇ ਨਾਤੇ ਉਸ ਨੇ ਵੱਖ ਵੱਖ ਪਾਤਰਾ ਰਾਹੀ ਹੀ ਬਿਆਨ ਕੀਤੇ ਹਨ। ਹਰ ਪਾਤਰ ਦਾ ਇਕ ਦੂਜੇ ਨਾਲ ਸਬੰਧ ਉਨ੍ਹਾਂ ਦੀ ਸਾਂਝ ਕਮਾਲ ਦੀ ਹੈ।

ਸੋ ਇਹ ਕਹਿਣਾ ਕੋਈ ਅੱਤ ਕੱਥਨੀ ਨਹੀ ਕਿ ਧੀਰ ਦੇ ਜਿੰਨੇ ਕਮਲ ਦੇ ਪਾਤਰ ਹਨ ਉਨੀ ਹੀ ਉਸਦੀ ਪਾਤਰਾ ਤੋਂ ਕੰਮ ਕਰਾਉਣ ਦੀ ਜੁਗਤ ਬੇਕਮਾਲ ਦੀ ਕਮਾਲ ਦੀ ਹੈ।ਇਸ ਲਈ ਧੀਰ ਦੀ ਰੀਸ ਕਰਨੀ ਬਹੁਤ ਔਖੀ ਹੈ।

**ਉਦੇਸ਼**:- ਹਰ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ ਬਿੰਨ੍ਹਾਂ ਉਦੇਸ਼ ਕਿਸੇ ਵੀ ਰਚਨਾ ਨੂੰ ਨਹੀ ਲਿਖਿਆ ਜਾ ਸਕਦਾ ਕਿਉਂਕਿ ਜੇ ਲੇਖਕ ਦਾ ਉਦੇਸ਼ ਨਹੀ ਹੈ ਤਾਂ ਉਹ ਆਪਣੀ ਰਚਨਾ ਵਿਚ ਕੀ ਸਾਬਤ ਕਰੇਗਾ। ਇਸ ਲਈ ਹਰ ਕੰਮਦਾ ਉਦੇਸ਼ ਜ਼ਰੂਰ ਹੁੰਦਾ ਹੈ। ਦਰਸ਼ਨ ਸਿੰਘ ਧੀਰ ਦਾ ਉਦੇਸ਼ ਵੀ ਇਹ ਸਾਬਤ ਕਰਨਾ ਹੈ ਕਿ ਨਵੀ ਲੀਹਾਂ ਪਾਉਣੀਆ ਬਹੁਤ ਮੁਸ਼ਕਿਲ ਹਨ ਤੇ ਤੁਰਨਾ ਬਹੁਤ ਆਸਾਨ ਕਿਉਂਕਿ ਪਾਈਆਂ ਹੋਈਆਂ ਲੀਹਾ ਤੇ ਤਾਂ ਹਰ ਕੋਈ ਹੀ ਚੱਲ ਪੈਦਾ ਹੈ।ਇਸ ਨਾਵਲ ਰਾਹੀ ਦਰਸ਼ਨ ਸਿੰਘ ਧੀਰ ਉਦੇਸ਼ ਇਹ ਦੱਸਣਾ ਵੀ ਹੈ ਕਿ ਔਰਤ ਜਿੰਨੀ ਵੀ ਮਰਜ਼ੀ ਆਜਾਦ ਹੋ ਜਾਂਵੇ ਪਰ ਉਸ ਨੂੰ ਮਰਦ ਦੀ ਗੁਲਾਮ ਬਣਾ ਹੀ ਪੈਦਾ **ਹੈ**। ਕਿਉਂਕਿ ਇਸ ਦੀ ਮੁੱਖ ਪਾਤਰ ਨਵਜੋਤ ਵਿਆਹ ਲਈ ਇਸ ਕਰਕੇ ਹੀ ਨਾਂਹ ਕਰਦੀ ਹੈ ਕਿ ਉਹ ਸਮਝਦੀ ਹੈ ਕਿ ਵਿਆਹ ਪ੍ਰਬੰਧ ਦੇ ਕਾਰਨ ਹੀ ਮਰਦ ਔਰਤ ਨੂੰ ਆਪਣੀ ਗੁਲਾਮ ਬਣਾਉਦਾ ਹੈ ਇਸ ਲਈ ਉਹ ਆਪਣੀ ਆਜ਼ਾਦੀ ਨੂੰ ਨਹੀ ਛੱਡਣਾ ਚਾਹੁੰਦੀ ਤੇ ਨਾ ਹੀ ਵਿਆਹ ਕਰਾਉਣਾ ਬਾਰੇ ਸੋਚਦੀ ਹੈ ਪਰ ਵਿਚਾਰ ਨਵਜੋਤ ਦਾ ਨਹੀ ਸਗੋਂ ਉਸ ਤੇ ਆਪਣੀ ਇਕ ਅੰਗਰੇਜ਼ ਟੀਚਰ ਦਾ ਬਹੁਤ ਪ੍ਰਭਾਵ ਹੈ ਕਿਉਂਕਿ ਉਸ ਕੋਲੋ ਆਪਣਾ ਵਿਆਹ ਨਿਭਾਇਆ ਨਹੀ ਗਿਆ ਤੇ ਉਸ ਗੱਲ ਨੂੰ ਸਾਰਿਆ ਨੂੰ ਦੱਸ ਦੀ ਹੈ ਕਿ ਮਰਦ ਔਰਤ ਨੂੰ ਆਪਣਾ ਸਾਥੀ ਨਹੀ ਸਗੋਂ ਗੁਲਾਮ ਬਣਾ ਕੇ ਰੱਖਣ ਚਾਹੁੰਦਾ ਹੈ। ਪਰ ਧੀਰ ਇਹ ਦੱਸਣਾ ਚਾਹੰਦਾ ਹੈ ਕਿ ਵਿਆਹ ਤੋਂ ਬਿੰਨ੍ਹਾਂ ਭਾਰਤੀ ਔਰਤ ਜਾਂ ਕੁੜੀ ਦੀ ਜਿੰਦਗੀ ਕੋਈ ਜਿੰਦਗੀ ਨਹੀ ਹੈ।ਕਿਉਂਕਿ ਉਸ ਦੀ

ਵਿਆਹ ਤੋਂ ਬਿੰਨ੍ਹਾ ਸਮਾਜ ਵਿਚ ਕੋਈ ਵੀ ਸਾਰਥਕਤਾ ਨਹੀ ਰਹਿੰਦੀ ।ਉਸ ਦੇ ਮਾਂ ਪਿਓ ਉਸ ਦੀ ਇਸ ਗੱਲ ਨੂੰ ਕਦੀ ਵੀ ਨਹੀ ਸਵਿਕਾਰ ਕਰ ਸਕਦੇ ਕਿ ਉਨ੍ਹਾਂ ਦੀ ਕੁੜੀ ਵਿਆਹ ਤੋਂ ਬਿੰਨ੍ਹਾਂ ਕਿਸੇ ਪਰਾਏ ਮਰਦ ਨਾਲ ਰਹੇ ਜਾਂ ਉਸ ਦੇ ਬੱਚੇ ਨੂੰ ਜਨਮ ਦੇਵੇ। ਔਰਤ ਦੀ ਆਜ਼ਾਦੀ ਉਸ ਦੇ ਪਰਿਵਾਰ ਤੋਂ ਦੂਰ ਰਹਿ ਕੇ ਨਹੀ ਸਗੋਂ ਪਰਿਵਾਰ ਦੇ ਨਾਲ ਰਹਿਣ ਨਾਲ ਹੈ। ਉਸ ਦਾ ਕੰਮ ਘਰ ਜੋੜਨਾ ਹੈ ਨਾ ਕਿ ਤੋੜਨਾ।ਉਸ ਦੀ ਆਜ਼ਾਦੀ ਇਸ ਗੱਲ ਨਾਲ ਨਹੀ ਕਿ ਉਹ ਆਪਣੀ ਸਰੀਰਕ ਭੁੱਖ ਮਟਾਉਣ ਲਈ ਮਰਦ ਕੋਲ ਚਲੀ ਜਾਂਦੀ ਹੈ ਪਰ ਉਸ ਦੇ ਨਾਲ ਵਿਆਹ ਬੰਧਨ ਵਿਚ ਬੰਝ ਕੇ ਨਹੀ ਰਹਿ ਸਕਦੀ।ਧੀਰ ਸਭ ਤੋ ਪਹਿਲਾ ਨਾਵਲਕਾਰ ਹੈ ਜਿਸ ਨੇ ਇਸ ਵਿਸ਼ੇ ਬਾਰੇ ਸੋਚਿਆ ਤੇ ਇਸ ਵਿਸ਼ੇ ਨੂੰ ਆਪਣਾ ਉਦੇਸ਼ ਬਣਾ ਕੇ ਇਸ ਤੇ ਖੁੱਲ ਕੇ ਚਰਚਾ ਕੀਤੀ ਹੈ। ਇਸ ਨਾਵਲ ਦਾ ਉਦੇਸ਼ ਜਿੰਨਾ ਉਸ ਸਮੇ ਸਾਰਥਿਕ ਸੀ ਉਸ ਤੋਂ ਵੀ ਜਿਆਦਾ ਸਾਰਥਿਕ ਅੱਜ ਦੇ ਸਮੇ ਵਿਚ ਹੈ ਕਿਉਂਕਿ ਪੱਥਮ ਵਿਚ ਇਸ ਗੱਲ ਨੂੰ ਮਾੜਾ ਨਹੀ ਮੰਨਿਆ ਜਾਂਦਾ ਕਿ ਕੋਣ ਕਿਸ ਨਾਲ ਰਹਿੰਦਾ ਹੈ ਪਰ ਭਾਰਤ ਵਿਚ ਵਿਆਹ ਤੋਂ ਬਿੰਨ੍ਹਾਂ ਕਿਸੇ ਨਾਲ ਰਹਿਣਾ ਕਦੇ ਵੀ ਲੋਕ ਅਜਿਹੀ ਧਾਰਨਾ ਨੂੰ ਮਨ ਹੀ ਨਹੀ ਸਕਦੇ ਪਰ ਸਮੇ ਦੇ ਬਦਲਣ ਨਾਲ ਬਦਲਾਅ ਆ ਜਾਂਦਾ ਹੈ।ਸੋ ਇਹ ਬਦਲਾਅ ਆ ਤਾਂ ਜਾਂਦਾ ਹੈ ਪਰ ਇਸ ਦੇ ਨਤੀਜੇ ਜਿਆਦਾ ਤਰ ਗਲੱਤ ਹੀ ਹੁੰਦੇ ਹਨ। ਧਰਿ ਨੇ ਇਸ ਨਾਵਲ ਨਾਲ ਪੂਰਾ ਇੰਨਸਾਫ ਕੀਤਾ ਹੈ ਉਸ ਨੇ ਇਸ ਪ੍ਰਭਾਵ ਦੇ ਚੰਗੇ ਓਤੇ ਮਾੜੇ ਦੋਨ੍ਹਾਂ ਪੱਖਾਂ ਨੂੰ ਲੈ ਕੇ ਗੱਲ ਕੀਤਾ ਹੈ ਕਿਉਂਕਿ ਕੰਮ ਸ਼ੁਰੂ ਕਰਨਾ ਆਸਾਨ ਪਰ ਪੂਰਾ ਕਰਨਾ ਉਨ੍ਹਾਂ ਹੀ ਮੁਸਕਿਲ ਧੀਰ ਨੇ ਇਹ ਕੰਮ ਬਹੁਤ ਹੀ ਜੁਗਤਾਂ ਨਾਲ ਪੂਰਾ ਕੀਤਾ ਹੈ ਨਾਵਲ ਵਿਚ ਕਿਸੇ ਵੀ ਪੱਖ ਤੋਂ ਇਸ ਵਿਚ ਕੋਈ ਕਮੀ ਨਹੀ ਹੈ। ਇਸ ਦਾ ਉਦੇਸ਼ ਪੂਰਾ ਪੂਰਾ ਉਜਾਗਰ ਹੁੰਦਾ ਹੈ।ਉਸ ਦੀ ਪ੍ਰਸਿੱਧੀ ਇਸ ਗੱਲ ਵਿਚ ਹੈ ਕਿ ਉਹ ਨਾਵਲ ਵਿਚ ਕਿਸੇ ਵੀ ਸਮੇ ਆਪਣੇ ਉਦੇਸ਼ ਤੋਂ ਭਟਕਦਾ ਨਹੀ ਹੈ ।ਇਸੇ ਲਈ ਉਹ ਨਾਵਲ ਵਿਚ ਕਿਸੇ ਵੀ ਧਿਰ ਦਾ ਸਾਥ ਨਹੀ ਦਿੰਦਾ।ਉਹ ਹਰ ਸਮੇ ਨਾਲ ਵੀ ਹੈ ਤੇ ਦੂਰ ਵੀ।

**ਵਾਰਤਾਲਾਪ :-** ਇਸ ਨਾਵਲ ਦੇ ਵਾਰਤਾਲਾਪ ਬਹੁਤ ਹੀ ਵਧੀਆਂ ਤੇ ਸੁਆਦਲੇ ਹਨ ਉਸ ਨੇ ਥਾਂ ਥਾਂ ਤੇ ਪਾਤਰਾ ਦੀ ਸਖ਼ਸ਼ੀਅਤ ਅਨੁਸਾਰ ਉਨ੍ਹਾਂ ਦੇ ਮੂੰਹੋਂ ਬੁਲਵਾਏ ਹਨ। ਉਸ ਨੇ ਇਸ ਵਿਚ ਪਾਤਰਾ ਦੇ ਵਾਰਤਾਲਾਪ ਕਈ ਢੰਗਾਂ ਨਾਲ ਪੇਸ਼ ਕੀਤੇ ਹਨ ਜਿਵੇਂ :-

ਸੋਮਵਾਰ ਸ਼ਾਮ ਨੂੰ ਕੰਮੋਂ ਆ ਕੇਜਦ ਸਾਰਾ ਟੱਬਰ ਚਾਹ-ਪਾਣੀ ਪੀ ਹਟਿਆ ਤਾਂ ਬਾਪ ਕਹਿਣ ਲੱਗਾ, "ਬਿੰਦਰਾ, ਮਨਜੀਤ ਕੰਮ ਤੇ ਲਗਣ ਲਈ ਆਖਦੀ ਐ?"

"ਚਾਹੁੰਦੀ ਤਾਂ ਏ,ਡੈਡ।"

"ਤੂੰ ਕੀ ਕਿਹਾ?"

“ਕਹਿ ਤਾ, ਲਗ ਜਾ।ਹੋਰ ਕੀ ਕਹਿਣਾ ਸੀ?”

“ਕਿਉਂ, ਉਹਦੇ ਕੰਮ ਕੀਤੇ ਬਿਨਾਂ ਘਰ ਦਾ ਸਰਦਾ ਨਈ੍?”ਬਾਪ ਦੇ ਸ਼ਬਦਾ ਵਿ ਖਰਵਾਪਣ ਸੀ।

“ਏਦਾਂ ਦੀ ਤਾਂ ਕੋਈ ਗੱਲ ਨਹੀਂ।”

“ਫੇਰ ਤੂੰ ਕਾਹਤੇ ਕਹਿ ਤਾ ਕੰਮ ਤੇਲਗਣ ਲਈ?”

“ਆਖਦੀ ਸੀ,ਘਰ ਬੈਠੀ ਬੈਟੀ ਬੋਰ ਹੁੰਦੀ ਆਂ।”

“ਕਾਕਾ, ਤੀਮੀਆਂ ਘਰੇ ਸੋਂਦ੍ਹੀਆਂ,”ਮਾਂ ਬੋਲੀ।

ਤੂੰ ਵੀ ਤਾਂ ਕੰਮ ਤੇ ਜਾਂਦੀ ਆਂ,ਬੇ ਜੀ।”

“ਜਦ ਉਹ ਇਹਦੀ ਉਮਰ ਦੀ ਹੋ ਗਈ ਤਾਂ ਲਾ ਦੀਂ।”

“ਕੀ ਮਤਲਬ?”

“ਮਤਲਬ ਦਾ ਤੈਨੂੰ ਨਹੀਂ ਪਤਾ?”

“ਤੁਸੀ ਕਹਿਣਾ ਚਾਹੁੰਦੇ ਹੋ ਆਂ ਕਿ ਜਿੰਨਾ ਚਿਰ ਔਰਤ ਜੁਆਨ ਏ,ਉਹਨੂੰ ਭੋਰੇ ਚ ਬੰਦ ਰੱਖਣਾ ਚਾਹੀਦਾ ਏ?”ਸੁਖਵਿੰਦਰ ਨੇ ਗੁੱਸਾ ਦਿਖਾਇਆ।

ਹੋਰ ਖੁਲ੍ਹਾ ਛੱਡ ਦੇਣਾ ਚਾਹੀਦਾ ਹੈ?”

ਉਪਰੋਕਤ ਵਾਰਤਲਾਪ ਵਿਚ ਹਰ ਤਰ੍ਹਾਂ ਦਾ ਭਾਵ ਦੇਖਿਆਂ ਜਾ ਸਕਦਾ ਹੈ ਜਿਵੇਂ ਪਿਆਰ, ਨਫਰਤ, ਆਪਣਾਪਨ, ਗੁੱਸਾ, ਬਗਾਵਤ ਆਦਿ ਦਾ ਬਿਆਨ ਧੀਰ ਨੇ ਇਕ ਹੀ ਵਾਰਤਾਲਾਪ ਵਿਚ ਕਰ ਦਿਤਾ ਹੈ ਜੋ ਕਿ ਹਰ ਕੋਈ ਨਹੀ ਕਰ ਸਕਦਾ ਧੀਰ ਦੀ ਇਹ ਹੀ ਕਲਾ ਉਸ ਨੂੰ ਚੋਟੀ ਦਾ ਲੇਖਕ ਬਣਾਉਦੀ ਹੈ ਕਿਉਂਕਿ ਹਰ ਗੱਲ ਨੂੰ ਇਨ੍ਹੀ ਸਧਾਰਨਤਾ ਨਾਲ ਪੇਸ਼ ਕਰਨਾ ਕੋਈ ਆਸਾਨ ਕੰਮ ਨਹੀ ਹੈ ਇਸ ਵਿਧੀ ਲਈ ਜਿਹੜੀ ਕਲਾ ਚਾਹੀਦੀ ਹੈ ਉਹ ਧੀਰ ਕੋਲ ਹੈ ।ਇਸ ਲਈ ਦਰਸ਼ਨ ਸਿੰਘ ਧੀਰ ਚੋਟੀ ਦੇ ਨਾਵਲਕਾਰਾ ਵਿਚ ਇਕ ਹੈ ਜਿਸਨੇ ਪੱਛਮ ਵਿਚ ਰਹਿ ਕੇ ਭਾਰਤੀ ਆ ਬਾਰੇ ਵੀ ਖੁੱਲ ਕੇ ਲਿਖਿਆ ਹੈ।ਜੋ ਉਸ ਦੀ ਗਲਪ ਚੇਤਨਾ ਕਾਰਨ ਹੀ ਸੰਭਵ ਹੋਇਆ ਹੈ ਅਗਰ ਉਸ ਦੀ ਗਲਪ ਚੇਤਨਾ ਇਕ ਪਾਸੇ ਤੱਕ ਹੀ ਸੀਮਤ ਹੁੰਦੀ ਤਾਂ ਇੰਨੀ ਵਧੀਆ

ਰਚਨਾਦੀ ਉਸਾਰੀ ਨਹੀ ਹੋਣੀ ਸੀ।ਸੋ ਇਹ ਕਹਿਣਾ ਗਲਤ ਨਹੀ ਹੈ ਕਿ ਧੀਰ ਦੇ ਪਾਤਰ ਦੇ ਵਾਰਤਾਲਾਪ ਬਹੁਤ ਹੀ ਕਮਾਲ ਦੇ ਹਨ ਤੇ ਸੁਣਨ ਵਿਚ ਵੀ ਬਹੁਤ ਵਧੀਆ ਹਨ।

**ਭਾਸ਼ਾ ਅਤੇ ਸ਼ੈਲੀ**:- ਇਸ ਨਾਵਲ ਦੀ ਭਾਸਾ ਬਹੁਤ ਹੀ ਸਰਲ ਤੇ ਸਪੱਸ਼ਟ ਹੈ। ਇਸ ਵਿਚ ਕੋਈ ਅਜਿਹੀ ਸ਼ਬਦਾਵਲੀ ਨਹੀ ਵਰਤੀ ਜੋ ਸਮਝ ਨਾ ਲੱਗੇ ਇਸ ਵਿਚ ਉਸ ਨੇ ਸ਼ੁੱਧ ਪੰਜ਼ਾਬੀ ਤੇ ਕਾਫੀ ਅੰਗਰਜ਼ੀ ਦੀ ਵਰਤੋ ਕੀਤੀ ਹੈ ਕਿਉਂਕਿ ਦਰਸ਼ਨ ਸਿੰਘ ਧੀਰ ਨੇ ਪੰਜ਼ਾਬੀ ਅਤੇ ਪੱਛਮੀ ਸੱਭਿਆਚਾਰ ਨੂੰ ਦਰਸਾਉਣਾ ਸੀ ਇਸ ਲਈ ਧੀਰ ਨੇ ਪੰਜ਼ਾਬੀ ਤੇ ਅੰਗਰੇਜ਼ੀ ਦੋਵੇ ਹੀ ਭਾਸ਼ਾਵਾਂ ਦੀ ਵਰਤੋ ਕੀਤੀ ਹੈ। ਧੀਰ ਨੇ ਲੋੜ ਅਨੁਸਾਰ ਹੀ ਸ਼ਬਦਾਵਲੀ ਵਰਤੀ ਹੈ ਕਿਉਂਕਿ ਜਿਥੇ ਉਸ ਨੂੰ ਪੰਜ਼ਾਬੀ ਦੀ ਲੋੜ ਸੀ ਉਸ ਨੇ ਉਥੇ ਉਸ ਦੀ ਵਰਤੋਂ ਖੁੱਲ ਕੇ ਕੀਤੀ ਹੈ ਜਿਵੇਂ ਉਸ ਨੇ ਪੰਜ਼ਾਬੀ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ।

"ਇਹ ਕਹਿਣਾ ਚਾਹੁੰਦੀ ਆ ਬਈ ਜੇ ਤੂੰ ਘਰ ਰਹੇਂਗੀ,ਕੋਈ ਚੱਜ ਦਾ ਮੁੰਡਾ ਛੇਤੀ ਮਿਲ ਸਕਦਾ," ਬਾਪ ਨੇ ਆਪਣੇ ਵਲੋਂ ਪਤਨੀ ਦ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ।

"ਘਰੋਂ ਪਰ੍ਹਾਂ ਰਹਿਣ ਨਾਲ ਮੁੰਡਿਆਂ ਨੂੰ ਕੀ ਗੱਲ ਏ,ਡੈਡ?" ਨਵਜੋਤ ਨੇ ਬਾਪ ਅੱਗੇ ਪ੍ਰਸ਼ਨ ਖੜ੍ਹਾ ਕਰ ਦਿੱਤਾ।

"ਚੱਜ ਦੇ ਮੁੰਡੇ ਘਰੋਂ ਦੂਰ ਰਹਿਣ ਵਾਲੀ ਕੁੜੀ ਨੂੰ ਪਸੰਦ ਨਈ੍ਹ ਕਰਦੇ, ਜੋਤੀ।"

"ਤੇ ਮੁੰਡਾ ਭਾਵੇਂ ਰਹੀ ਜਾਣ?"

"ਮੁੰਡਿਆਂ ਦੀ ਗੱਲ ਹੋਰ ਹੁੰਦੀ ਆ," ਮਾਂ ਫਿਰ ਅਗੇ ਆ ਗਈ।

"ਹੋਰ ਕੀ ਹੁੰਦੀ ਏ?"

"ਮੈਂ ਤੈਨੂੰ ਕਿੱਦਾ ਸਮਝਾਮਾਂ?"

"ਮੈਂ ਸਭ ਸਮਝਦੀ ਹਾਂ ਮੰਮ।ਜੋ ਤੂੰ ਕਹਿਣਾ ਚਾਹੁੰਦੀ ਏਂ। ਮੈਂ ਓਦਾਂ ਦੇ ਖੁਣਸੀ ਮੁੰਡੇ ਨਾਲ ਵਿਆਹ ਨਹੀ ਕਰਾਉਣਾ। ਲੱਭਣ ਦੀ ਗੱਲ ਵੱਖਰੀ ਏ।"

ਇਸ ਤਰ੍ਹਾਂ ਜਿਥੇ ਉਸ ਨੇ ਪੰਜ਼ਾਬੀ ਵਰਤੀ ਹੈ ਉਥੇ ਅੰਗਰੇਜ਼ੀ ਵੀ ਖੁੱਲ ਕੇ ਵਰਤੀ ਹੈ। ਜਿਵੇ:

"ਆਈ ਲਾਈਕ ਟੂ ਬੀ ਏ ਡੈਫਰ,ਹਨੀ!

ਜਿਵੇ

"ਇਟਸ ਬਲੱਡੀ ਬਾਈਟਿੰਗ ਕੋਲਡ।"

ਜਿਵੇਂ

"ਹੀ ਇਜ਼ ਮਾਈ ਬੋਏ-ਫਰੈਂਡ।"

"ਹੀ ਲੱਕਸ ਨਾਇਸ ਯੰਗਮੈਨ ਇਜੰਟ ਇਟ?"

"ਯਸ।ਹੀ ਇਜ਼,"

ਕਈ ਥਾਂਵਾਂ ਤੇ ਉਸ ਨੇ ਮਿਕਸ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਪੂਰੇ ਨਾਵਲ ਵਿਚ ਉਸ ਨੇ ਮਿਕਸ ਸ਼ਬਦਾਵਲੀ ਹੀ ਜਿਆਦਾ ਵਰਤੀ ਹੈ।ਜਿਵੇਂ:-

ਬੈਲ ਹੋਈ। ਨਵਜੋਤ ਬਟੂਆ ਲੈ ਕੇ ਦਰਵਾਜ਼ੇ ਵਲ ਤੁਰਨ ਲਗੀ ਤਾਂ ਤਲਵਿੰਦਰ ਕਹਿਣ ਲਗਾ,

"ਪੇਮੈਂਟ ਮੈਂ ਕਰਾਂਗਾ,ਨਵਜੋਤ।"

"ਨੋ।"

"ਕਿਉ ਨਹੀਂ?"

**ਸਿਰਲੇਖ:-** ਹਰ ਰਚਨਾ ਦਾ ਕੋਈ ਨਾ ਕੋਈ ਸਿਰਲੇਖ ਜਰੂਰ ਹੁੰਦਾ ਹੈ ਕਿਉਂਕਿ ਸਿਰਲੇਖ ਤੋਂ ਬਿੰਨ੍ਹਾਂ ਕੋਈ ਵੀ ਰਚਨਾ ਪੂਰੀ ਨਹੀ ਹੋ ਸਕਦੀ।ਧੀਰ ਨੇ ਇਸ ਨਾਵਲ ਦਾ ਜੋ ਸਿਰਲੇਖ ਰੱਖਿਆ ਹੈ ਉਹ ਬਿਲਕੁੱਲ ਸਹੀ ਤੇ ਢੁਕਵਾ ਹੈ।ਉਸ ਨੇ ਜੋ ਕਿਹਾ ਹੈ ਸਿਰਲੇਖ ਵਿਚ ਉਹ ਪੂਰਾ ਵੀ ਕੀਤਾ ਹੈ ਉਸ ਦੇ ਸਿਰਲੇਖ ਵਿਚ ਕਿਸੇ ਵੀ ਪਾਸਿਓ ਕੋਈ ਕਮੀ ਨਹੀ। ਇਸ ਨਾਵਲ ਦਾ ਸਿਰਲੇਖ ਇੰਨਾ ਅਲੱਗ ਹੈ ਕਿ ਨਾਵਲ ਨੂੰ ਦੇਖਦੇ ਸਾਰ ਹੀ ਪਾਠਕ ਇਸ ਵੱਲ ਅਕਰਸ਼ਿਤ ਹੁੰਦਾ ਹੈ।ਉਸ ਦੇ ਮਨ ਵਿਚ ਇਸ ਨੂੰ ਪੜ੍ਹਨ ਦੀ ਲਾਲਸਾ ਪੈਦਾ ਹੈ। ਧੀਰ ਦੀ ਇਹ ਹੀ ਖੂਬੀ ਹੀ ਇਸ ਨਾਵਲ ਦੀ ਵੱਡੀ ਪ੍ਰਾਪਤੀ ਹੈ। ਕਿਉਂਕਿ ਜੇਕਰ ਸਿਰਲੇਖ ਤੇ ਕਹਾਣੀ ਨਾ ਮਿਲੇ ਤਾਂ

ਉਹ ਰਚਨਾ ਅਰਥ ਹੀਣ ਹੋ ਜਾਂਦੀ ਹੈ ਪਰ ਧੀਰ ਇਸ ਪੱਖ ਤੋਂ ਬਿਲਕੁੱਲ ਪੂਰਾ ਹੈ ਜੋ ਉਸ ਦਾ ਸਿਰਲੇਖ ਹੈ ਉਹ ਹੀ ਉਸ ਦਾ ਵਿਸ਼ਾ ਹੈ।

ਸੋ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਧੀਰ ਦੇ ਇਸ ਨਾਵਲ ਦਾ ਸਿਰਲੇਖ ਬਹੁਤ ਹੀ ਢੁਕਵਾ ਤੇ ਫੱਬਵਾ ਹੈ।ਉਸ ਨੇ ਨਾਵਲ ਦੇ ਨਾਲ ਨਾਲ ਹੀ ਸਿਰਲੇਖ ਨਾਲ ਪੂਰਾ ਨਿਆ ਕੀਤਾ ਹੈ। ਉਸ ਨੇ ਇਸ ਦਾ ਸਿਰਲੇਖ ਪੈੜਾਂ ਦੇ ਆਰ ਪਾਰ ਰੱਖਿਆ ਹੈ ਕਿਉਂਕਿ ਇਸ ਵਿਚ ਹਰ ਰਿਸ਼ਤਾ ਦੂਜੇ ਨਾਲ ਜੁੜਿਆ ਵੀ ਹੈ ਤੇ ਇਕ ਦੂਜੇ ਤੋਂ ਅਲਗ ਵੀ ਹੈ।ਇਸ ਦੀ ਮੁੱਖ ਪਤਤਰ ਹਰ ਰਿਸ਼ਤੇ ਨਾਲ ਜੁੜਨਾ ਵੀ ਚਾਹੁੰਦੀ ਵੀ ਹੈ ਤੇ ਨਵੀਂਆ ਪੈੜਾਂ ਵੀ ਪੁੱਟਣਾ ਚਾਹੁੰਦੀ ਹੈ ਜਿਸ ਕਾਰਨ ਉਹ ਕਿਸੇ ਵੀ ਰਿਸ਼ਤੇ ਨਾਲ ਨਹੀ ਜੁੜਦੀ ਤੇ ਅੰਤ ਵਿਚ ਉਹ ਇੱਕਲੀ ਰਹਿ ਜਾਂਦੀ ਹੈ ਤੇ ਬਸ ਆਪਣੀਆਂ ਪੁੱਟੀਆਂ ਪੈੜਾਂ ਨੂੰ ਅਪਣਾ ਕਿ ਆਪਣੀ ਬੱਚੀ ਨੂੰ ਨਾਲ ਲੈ ਕਿ ਉਹ ਵਾਪਸ ਆਪਣੀ ਦੁਨੀਆ ਵਿਚ ਚਲੇ ਜਾਂਦੀ ਹੈ ਕਦੇ ਵੀ ਵਾਪਸ ਨਾ ਆਉਣ ਲਈ ਕਿਉਂਕਿ ਉਸ ਦੀਆਂ ਪੁੱਟੀਆ ਨਵੀਆਂ ਪੈੜਾਂ ਉਸ ਦੇ ਬਾਕੀ ਦੇ ਰਾਹ ਬੰਦ ਕਰ ਦਿੰਦੀਆਂ ਹਨ।ਇਸ ਲਈ ਇਸ ਦਾ ਸਿਰਲੇਖ ਪੂਰੀ ਤਰ੍ਹਾਂ ਨਾਵਲ ਦੀ ਪ੍ਰੋੜਤਾ ਕਰਦਾ ਹੈ।

ਉਪਰੋਕਤ ਤੱਤਾਂ ਦੇ ਆਧਾਰ ਧੀਰ ਦਾ ਇਹ ਨਾਵਲ ਪੈੜਾਂ ਦੇ ਆਰ ਪਾਰ ਹਰ ਪੱਖ ਤੋਂ ਪੂਰਾ ਹੈ।ਜੇਕਰ ਇਸ ਦੀ ਸਿਧਾਂਤਕ ਤੋਰ ਤੇ ਪਰਖ ਕਰੀਏ ਤਾਂ ਇਹ ਨਾਵਲ ਪੂਰਨ ਹੈ ਇਸ ਵਿਚ ਕੋਈ ਵੀ ਕਿਸੇ ਵੀ ਕਿਸਮ ਦੀ ਕਮੀ ਨਹੀ ਹੈ।

ਸੋ ਉਪਰੋਕਤ ਚਰਚਾ ਦੇ ਆਧਾਰ ਤੇ ਕਿਹ ਸਕਦੇ ਹਾਂ ਕਿ ਧੀਰ ਵਰਗਾ ਨਾਵਲਕਾਰ ਸ਼ਇਦ ਹੀ ਕੋਈ ਹੋਰ ਹੋਵੇ ਕਿਉਂਕਿ ਉਸ ਦੀ ਗਲਪ ਚੇਤਨਾ ਬਹੁਤ ਹੀ ਵਿਸ਼ਾਲ ਹੈ ਜਿਸ ਕਾਰਨ ਉਸ ਨੂੰ ਪਤਾ ਹੈ ਕਿ ਕਿਸ ਸਮਾਜ ਵਿਚ ਕੀ ਹੋ ਰਿਹਾ ਹੈ ਤੇ ਕਿਹੜਾ ਸਿਸਟਮ ਕਿੰਦਾ ਦਾ ਹੈ। ਉਸ ਨੂੰ ਭਾਰਤ ਤੇ ਪੱਛਮ ਦੋਨ੍ਹਾਂ ਸਿਸਟਮਸ ਦਾ ਪੂਰੀ ਤਰ੍ਹਾਂ ਗਿਆਨ ਹੈ।ਇਸ ਲਈ ਧੀਰ ਪਹਿਲਾ ਨਾਵਲਕਾਰ ਹੈ। ਜਿਸ ਨੇ ਕਿਸੇ ਇਸ ਤਰ੍ਹਾਂ ਦੇ ਛੋਹਿਆ ਹੈ।

ਇਸ ਤੋਂ ਬਿੰਨ੍ਹਾਂ ਉਸ ਨੇ ਕੁਝ ਹੋਰ ਵਿਸ਼ੇ ਵੀ ਪ੍ਰਗਟ ਕੀਤੇ ਹਨ ਜਿਵੇਂ ਕਿ:-

**ਸਾਵੀ ਤੇ ਸੰਤੁਲਿਤਸੋਚ ਦਾ ਧਾਰਨੀ:-** ਦਰਸ਼ਨ ਸਿੰਘ ਧੀਰ ਸਾਵੀ ਤੇ ਸੰਤੁਲਿਤ ਸੋਚ ਦਾ ਧਾਰਨੀ ਹੈ ਕਿਉਂਕਿ ਉਹ ਸਾਰੇ ਪਾਸਿਓ ਚੇਤਨ ਹੈ ਕਿ ਕਿਸ ਸਿਸਟਮ ਵਿਚ ਕੀ ਚੱਲ ਰਿਹਾ ਹੈ ਉਸ ਨੂੰ ਸਭ ਪਤਾ ਹੈ।ਉਹ ਪੱਛਮ ਵਿਚ ਰਹਿੰਦਾ ਹੈ ਪਰ ਫਿਰ ਵੀ ਉਸ ਨੂੰ ਪਤਾ ਹੈ ਕਿ ਭਾਰਤ ਵਿਚ ਕੀ ਚੱਲ ਰਿਹਾ ਹੈ। ਉਹ ਇੱਥੋਂ ਦੀਆਂ ਅੰਦਰੂਨੀ ਗਤੀ ਵਿਧੀਆਂ ਬਾਰੇ ਵੀ ਪੂਰਾ ਚੇਤਨ ਹੈ ਉਸ ਨੂੰ ਪਤਾ ਹੈ ਕਿ ਜੋ ਗੁਰਦੁਆਰਿਆ ਦਾ ਸਿਸਟਮ ਬਾਹਰੋ ਦਿਖਾਇਆ ਜਾਂਦਾ ਹੈ ਅਸਲ ਵਿਚ ਉਹ ਅੰਦਰੋ ਹੋਰ ਤੇ ਬਾਹਰੋਂ ਕੁਝ ਹੋਰ ਹੁੰਦਾ ਹੈ ਜਿਵੇਂ ਕਿ ਉਸ ਨੇ

ਇਸ ਨਾਵਲ ਵਿਚ ਦਰਸਾਇਆ ਹੈ ਕਿ ਕਿਸ ਤਰ੍ਹਾਂ ਧਰਮ ਦੇ ਠੇਕੇਦਾਰ ਆਪਣਾ ਹੁਕਮ ਚਲਾਉਦੇ ਹਨ ਤੇ ਕਿਸ ਤਰ੍ਹਾਂ ਉਹ ਉਨ੍ਹਾਂ ਨਾਲ ਬੁਰਾ ਸਲੂਕ ਕਰਦੇ ਹਨ।ਬੁਰਾ ਬੋਲਦੇ ਹਨ।ਉਨ੍ਹਾਂ ਨੂੰ ਸਲਾਹ ਦੇਣ ਦੀ ਬਜਾਏ ਉਹ ਉਨ੍ਹਾਂ ਸ਼ਰਧਾਲੂਆਂ ਦੀ ਬੇਇੱਜਤੀ ਕਰਦੇ ਹਨ ਜੋ ਇਸ ਸਿਸਟਮ ਤੋ ਜਾਣੂ ਵੀ ਨਹੀ ਹਨ। ਉਨ੍ਹਾਂ ਨੂੰ ਸਲਾਹ ਦੇਣ ਦੀ ਬਜਾਏ ਸੇਵਾਦਾਰ ਉਨ੍ਹਾਂ ਨਾਲ ਮਾੜਾ ਸਲੂਕ ਕਰਦੇ ਦਿਖਾਏ ਹਨ।ਇਸ ਦਾ ਕਾਰਨ ਇਹ ਹੈ ਕਿ ਧੀਰ ਉਸ ਸਿਸਟਮ ਤੋਂ ਪੂਰੀ ਤਰ੍ਹਾਂ ਜਾਣੂ ਹੈ।ਇਸ ਤਰ੍ਹਾਂ ਲੱਗਦਾ ਹੈ ਕਿ ਧੀਰ ਨੇ ਜੋ ਵੀ ਨਵਜੋਤ ਤੇ ਉਸ ਦੇ ਪਰਿਵਾਰ ਨਾਲ ਘੱਟਦਾ ਦਿਖਾਇਆ ਹੈ ਉਹ ਉਸ ਦੇ ਆਪੇ ਨਾਲ ਘੱਟ ਚੁੱਕਾ ਹੈ।ਉਸ ਨੇ ਕੱਲੀ ਕੱਲੀ ਗੱਲ ਨੂੰ ਪੂਰਾ ਬਿਆਨ ਦੇ ਕੇ ਦਰਸਾਇਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਜਾਂ ਇਹ ਘੱਟਨਾ ਉਸ ਦੀ ਆਪਣੀ ਹੈ ਜਾਂ ਉਸ ਨੇ ਘੱਟਦੀ ਹੋਈ ਬਹੁਤ ਨੇ ਨੇੜੇ ਤੋਂ ਦੇਖੀ ਹੈ।ਜਿਸ ਦਾ ਬਿਆਨ ਉਸ ਨੇ ਆਪਣੇ ਚੇਤਨਾ ਰਾਹੀ ਗਲਪ ਵਿਚ ਕੀਤਾ ਹੈ।ਧੀਰ ਭਾਰਤ ਹੀ ਨਹੀ ਸਗੋਂ ਪੱਛਮ ਦੇ ਪਾਸਿਓ ਵੀ ਪੂਰਾ ਚੇਤਨ ਹੈ ਉਸ ਨੂੰ ਪੱਛਮ ਦਾ ਵੀ ਪੂਰਾ ਸਿਸਟਮ ਪਤਾ ਹੈ ਜਿਸ ਕਾਰਨ ਉਹ ਉਥੋਂ ਦੇ ਸੱਭਿਆਚਾਰ ਦਾ ਵੀ ਬਿਆਨ ਪੂਰੀ ਡੂੰਘਾਈ ਨਾਲ ਕਰਦਾ ਹੈ।ਉਸ ਨੂੰ ਪਤਾ ਹੈ ਕਿ ਅਜੋਕੀ ਪੀੜੀ ਨਵੇਂ ਕੰਮ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ।ਉਹ ਹਮੇਸ਼ਾ ਨਵੀਆਂ ਲੀਹਾ ਪੱਟਣ ਲਈ ਤਿਆਰ ਰਹਿੰਦੇ ਹਨ ਇਸ ਨਾਵਲ ਵਿਚ ਇਹ ਲੀਹ ਉਸ ਨੇ ਮਰਦ ਕੋਲੋ ਨਹੀ ਸਗੋਂ ਔਰਤ ਰਾਹੀ ਪੁਆਈ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਇਹ ਸਮਾਜ ਮਰਦ ਪ੍ਰਧਾਨ ਹੈ ਤੇ ਮਰਦ ਦੁਆਰਾ ਕੀਤਾ ਗਿਆ ਕੰਮ ਬਹੁਤ ਘੱਟ ਦੁਰਕਾਰਿਆ ਜਾਂਦਾ ਹੈ।ਇਸ ਲਈ ਉਸ ਨੇ ਆਪਣਾ ਨਾਵਲ ਨੂੰ ਦੂਜਿਆ ਨਾਲੋਂ ਅਲੱਗ ਕਰਨ ਲਈ ਉਸ ਨੇ ਇਸ ਦੀ ਮੁੱਖ ਪਾਤਰ ਔਰਤ ਨੂੰ ਲਿਆ ਹੈ ਨਾ ਕਿ ਮਰਦ ਨੂੰ। ਉਸ ਦਾ ਇਹ ਮੁੱਖ ਪਾਤਰ ਚੁਣਨਾ ਹੀ ਉਸ ਦੀ ਚੇਤਨਾ ਨੂੰ ਬਹੁਤ ਵਿਸ਼ਾਲ ਕਰਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਔਰਤ ਦੁਆਰਾ ਕੀਤਾ ਗਿਆ ਕੋਈ ਵੀ ਕੰਮ ਸਮਾਜ ਵਿਚ ਜਲਦੀ ਸਵਿਕਾਰ ਨਹੀ ਕੀਤਾ ਜਾਂਦਾ। ਜੇਕਰ ਨਵਜੋਤ ਦੀ ਥਾਂ ਕੋਈ ਮਰਦ ਹੁੰਦਾ ਤਾਂ ਕਦੀ ਵੀ ਉਸ ਨੂੰ ਬੁਰਾ ਨਹੀ ਕਹਿਣਾ ਸੀ ਨਾ ਸਮਾਜ ਨੇ ਤੇ ਨਾ ਹੀ ਮਾਪਿਆ ਨੇ ਤੇ ਨਾ ਹੀ ਸਿਸਟਮ ਨੇ ਉਸ ਨੂੰ ਗਲਤ ਕਹਿਣਾ ਸੀ। ਕਿਉਂਕਿ ਹਰ ਸਮਾਜ ਵਿਚ ਹਰ ਬੰਦਿਸ਼ ਔਰਤ ਉੱਪਰ ਹੀ ਹੁੰਦੀ ਹੈ। ਮਰਦ ਹਮੇਸ਼ਾ ਹੀ ਆਪਣੀ ਗੱਲ ਥੋਪਦਾ ਹੈ ਦੱਸ ਦਾ ਨਹੀ।ਧੀਰ ਨੇ ਇਸ ਲਈ ਇਸ ਨਾਵਲ ਵਿਚ ਔਰਤ ਨੂੰ ਮੁੱਖ ਪਾਤਰ ਲਿਆ ਹੈ ਨਾ ਕਿ ਮਰਦ ਨੂੰ ਕਿਉਂਕਿ ਪੱਛਮੀ ਸੱਭਿਆਚਾਰ ਵਿਚ ਔਰਤ ਤੇ ਮਰਦ ਦੀ ਪ੍ਰਧਾਨਤਾ ਭਾਰਤ ਦੇ ਨਾਲੋ ਘੱਟ ਆ।ਭਾਰਤ ਵਿਚ ਤਾਂ ਔਰਤ ਨੂੰ ਆਪਣੀ ਜਾਇਦਾਦ ਮੰਨਦੇ ਹਨ ਇਥੋ ਤੱਕ ਕਿ ਉਸ ਨੂੰ ਆਪਣੇ ਪੈਰ ਦੀ ਜੁੱਤੀ ਮੰਨਦੇ ਹਨ ਪਰ ਪੱਛਮ ਵਿਚ ਅਜਿਹਾ ਨਹੀ ਹੈ।ਉਹ ਪਾਟਨਰਸ਼ਿਪ ਕਰਦੇ ਹਨ ਤੇ ਜਿੰਨ੍ਹਾਂ ਚਿਰ ਬਣਦੀ ਹੈ ਇਕੱਠੇ ਰਹਿੰਦੇ ਹਨ ਜਦੋਂ ਨਹੀ ਬਣਦੀ ਤਾਂ ਅਲੱਗ ਹੋ ਜਾਂਦੇ ਆ। ਨਵਜੋਤ ਵੀ ਕਿਸੇ ਮਰਦ ਦੀ ਗੁਲਾਮ ਨਹੀ ਬਣਨਾ ਚਾਹੁੰਦੀ ਜਿਸ ਕਾਰਨ ਉਹ ਵੀ ਪਾਟਨਰਸ਼ਿਪ ਲਈ ਤਿਆਰ ਹੁੰਦੀ ਹੈ।ਇਹ ਸਭ ਉਸ ਦੀ ਸਾਵੀ ਸੋਚ ਦਾ ਨਤੀਜਾ ਹੈ ਕਿ ਉਸ ਨੂੰ ਸਭ ਪਾਸੇ ਦੀ ਪੂਰੀ ਪੂਰੀ ਜਾਣਕਾਰੀ ਕਿ ਕਿਸ ਸਿਸਟਮ ਹਾਂ ਕਿਸ ਦੇਸ਼ ਵਿਚ ਕੀ ਚੱਲ ਰਿਹਾ ਹੈ ਤੇ ਉਸ ਦਾ ਚੰਗਾ ਮਾੜਾ ਪ੍ਰਭਾਵ ਅਜੋਕੀ

ਪੀੜੀ ਤੇ ਕੀ ਪੈ ਰਿਹਾ ਹੈ ਉਸ ਨੂੰ ਸਭ ਪਤਾ ਹੈ ਕਿਉਂਕਿ ਉਸ ਦੀ ਚੇਤਨਾ ਬਹੁਤ ਵਿਸ਼ਾਲ ਹੈ ਉਹ ਹਰ ਸਥਿਤੀ ਨੂੰ ਸਮਝਦਾ ਹੈ।ਉਸਦੀ ਸੰਤੁਲਿਤ ਤੇ ਸਾਂਵੀ ਸੋਚ ਉਸ ਨੂੰ ਦੂਜਿਆ ਨਾਲੋ ਵੱਖਰਾ ਕਰਦੀ ਹੈ।ਉਸ ਨੇ ਇਸ ਨਾਵਲ ਵਿਚ ਕਿਸੇ ਵੀ ਧਿਰ ਦਾ ਸਾਥ ਨਹੀ ਦਿੱਤਾ ਨਾ ਕਿਤੇ ਧੀਰ ਨੇ ਇਸ ਨਾਵਲ ਵਿਚ ਮਰਦ ਦਾ ਸਾਥ ਦਿੱਤਾ ਤੇ ਨਾ ਹੀ ਕਿਸੇ ਔਰਤ ਦਾ।ਉਸ ਨੇ ਨਾਹ ਤਾਂ ਵਿਆਹ ਪ੍ਰਬੰਧ ਨੂੰ ਨਾੜਾ ਕਿਹਾ ਤੇ ਨਾ ਹੀ ਉਸ ਨੇ ਪਾਟਨਰਸ਼ਿਪ ਨੂੰ ਨਕਾਰਿਆ ਹੈ ਉਹ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਮਾੜਾ ਨਹੀ ਕਹਿੰਦਾ ਕਿਉਂਕਿ ਉਸ ਨੇ ਦੋਨ੍ਹਾਂ ਧਿਰਾ ਨੂੰ ਪੂਰੀ ਤਰ੍ਹਾਂ ਬਿਆਨ ਕੀਤਾ ਹੈ।ਇਸ ਨਾਵਲ ਵਿਚ ਕਿਤੇ ਨਾ ਕਿਤੇ ਨਸਲੀ ਵਿਤਕਰੇ ਦਾ ਪ੍ਰਭਾਵ ਵੀ ਦਿਖਾਇਆ ਹੈ ਪਰ ਉਸ ਨੇ ਸਾਥ ਕਿਸੇ ਨੂੰ ਨਸਲ ਦਾ ਨਹੀ ਦਿੱਤਾ ਭਾਵ ਕਿ ਉਸ ਨੇ ਭਾਰਤੀਆ ਨੂੰ ਆਪਣੀ ਤਾਂ ਰੱਖਿਆਂ ਤੇ ਗੋਰੀ ਨੂੰ ਉਸ ਦੀ ਬਣਦੀ ਤਾਂ ਹੀ ਦਿੱਤੀ ਹੈ ਉਸ ਨੇ ਗੋਰੀ,ਕਾਲੀਤੇ ਭੂਰੀ ਨਸਲ ਦਾ ਕੋਈ ਵੀ ਭੇਦ ਭਾਵ ਨਹੀ ਰੱਖਿਆ। ਉਸ ਨੇ ਹਰ ਪੱਖ ਨੂੰ ਦਰਸਾਇਆ ਹੈ ਚਾਹੇ ਉਹ ਚੰਗਾ ਹੈ ਜਾਂ ਮਾੜਾ ਪਰ ਦਰਸ਼ਨ ਸਿੰਘ ਧੀਰ ਦੀ ਇਹ ਖੂਬੀ ਰਹੀ ਹੈ ਕਿ ਉਸ ਨੇ ਇੰਨ੍ਹਾਂ ਵੱਡਾ ਨਾਵਲ ਰੱ ਤਾਂ ਹਰ ਗੱਲ ਦਾ ਬਿਆਨ ਵੀ ਪੂਰਾ ਦਿੱਤਾ ਪਰ ਕਸੇ ਵੀ ਧਿਰ ਦਾ ਤਾਂ ਕਿਤੇ ਵੀ ਨਹੀ ਦਿੱਤਾ।

**ਮਰਦ ਪ੍ਰਧਾਨ ਸਮਾਜ ਵਿਚ ਔਰਤ ਨਾਲ ਹੁੰਦੀਆਂ ਵਧੀਕੀਆਂ ਦਾ ਚਿਤਰਨ:-** ਇਹ ਨਾਵਲ ਔਰਤ ਦੀ ਸੁਤੰਤਰ ਹੋਂਦ ਦਾ ਧਾਰਨੀ ਹੈ।ਇਹ ਨਾਵਲ ਜਿਥੇ ਔਰਤ ਦੀ ਸੁਤੰਤਰਤਾ ਬਾਰੇ ਚਰਚਾ ਕਰਦਾ ਹੈ ਉਥੇ ਹੀ ਔਰਤ ਨਾਲ ਹੋ ਰਹੀਆ ਵਧੀਕੀਆਂ ਦਾ ਵੀ ਖੱਲ ਕੇ ਬਿਆਨ ਕਰਦਾ ਹੈ।ਉਸ ਨੇ ਦੋਨੋ ਪੱਖ ਨਾਲ ਨਾਲ ਰੱਖੇ ਹਨ ਕਿ ਜੇ ਇਕ ਔਰਤ ਇਕ ਪਾਸੇ ਆਜ਼ਾਦ ਹੁੰਦੀ ਹੈ ਤਾਂ ਪਤਾ ਨਹੀ ਕਿੰਨੇ ਪਾਸਿਆ ਤੋਂ ਗੁਲਾਮ ਬਣ ਜਾਂਦੀ ਆਂ।ਕਿਉਂਕਿ ਔਰਤ ਦੀ ਆਜ਼ਾਦੀ ਮਰਦ ਕਦੀ ਵੀ ਬਰਦਾਸ਼ਤ ਨਹੀ ਕਰ ਸਕਦਾ।ਉਹ ਬੱਸ ਉਸ ਨੂੰ ਹਰ ਤਾਂ ਨਾਲ ਅਪਣੀ ਗੁਲਾਮ ਬਣਾਈ ਰੱਖਦਾ ਹੈ ਚਾਹ ਕੋਈ ਵੀ ਖੇਤਰ ਹੋਵੇ ਭਾਵ ਕਿ ਘਰ ਹੋਵੇਂ ਚਾਹੇ ਬਾਹਰ ਮਰਦ ਚਾਹੁੰਦ ਹੈ ਕਿ ਔਰਤ ਉਸ ਦੀ ਗੁਲਾਮ ਬਣੀ ਰਹੇ।ਔਰਤ ਚਾਹੇ ਕਿੰਨੀ ਵੀ ਉੱਚੀ ਪਦਵੀ ਤੇ ਪਹੁੰਚ ਜਾਵੇ ਪਰ ਘਰ ਦੇ ਕੰਮ ਚ ਭਾਵ ਕਿ ਫੈਸਲਾ ਲੈਣ ਦਾ ਉਹ ਅਧਿਕਾਰ ਨਹੀ ਰੱਖ ਸਕਦੀ।ਇਸ ਨਾਵਲ ਵਿਚ ਬਹੁਤ ਥਾਂਵਾਂ ਤੇ ਇਸ ਗੱਲ ਨੂੰ ਸਪੱਸ਼ਟ ਕੀਤਾ ਗਿਆ ਹੈ ਕ ਔਰਤ ਆਪਣੀ ਮਰਜੀ ਨਾਲ ਕੁਝ ਵੀ ਨਹੀ ਕਰ ਸਕਦੀ ਜਦੋਂ ਤੱਕ ਉਸ ਦਾ ਪਤੀ ਉਸ ਨੂੰ ਕੋਈ ਕੰਮ ਕਰਨ ਲਈ ਮਨਜ਼ੂਰੀ ਨਹੀ ਦਿੰਦਾ।ਭਾਰਤੀ ਔਰਤ ਬਾਰੇ ਤਾਂ ਇਹ ਕਿਹਾ ਜਾਦਾ ਸੀ ਕਿ ਉਹ ਆਪਣੇ ਉਹ ਤਾਂ ਆਪਣੇ ਪਤੀ ਤੋਂ ਪੁੱਛੇ ਉਚੀ ਸਾਹ ਵੀ ਨਹੀ ਲੈਂਦੀ ਸੀ ਭਾਵ ਕਿ ਉਹ ਇੰਨ੍ਹਾਂ ਡਰ ਸੀ ਔਰਤ ਦੇ ਦਿਲ ਵਿਚ ਮਰਦ ਪ੍ਰਤੀ।ਪਰ ਅੱਜ ਅਜਿਹਾ ਤਾਂ ਨਹੀ ਪਰ ਫਿਰ ਵੀ ਉਸ ਦੀ ਦਹਿਸ਼ਤ ਅੱਜ ਵੀ ਔਰਤ ਤੇ ਬਰਕਰਾਰ ਹੈ।ਸ਼ਰਨ ਕੌਰ ਲਖਬੀਰ ਸਿੰਘ ਨੂੰ ਪੁੱਛੇ ਬਿੰਨ੍ਹਾਂ ਤੁਰਨਾ ਤਾਂ ਦੂਰ ਪੈਰ ਵੀ ਨਹੀ ਪੁੱਟ ਸਕਦੀ ਸੀ।ਉਹ ਪਤੀ ਨਾਲ ਉੱਚੀ ਗੱਲ ਵੀ ਨਹੀ ਕਰ ਸਕਦੀ ਸੀ ਤੇ ਨਾ ਹੀ ਉਹ ਉਸ ਦੀ ਕਿਸੇ ਗੱਲ ਨੂੰ ਮੋੜ ਸਕਦੀ ਸੀ।ਇਸੇ ਤਰ੍ਹਾਂ ਮਨਜੀਤ ਵੀ ਸੁਖਵਿੰਦਰ ਦੀ ਕੋਈ ਗੱਲ ਨਹੀ ਮੋੜ ਸਕਦੀ ਤੇ ਨਾ

ਹੀ ਉਹ ਆਪਣੀ ਸੱਸ ਦੁਆਰਾ ਹੋ ਰਹੀ ਵਧੀਕੀ ਨੂੰ ਬਿਆਨ ਕਰ ਸਕਦੀ ਹੈ ਕਿਉਂਕਿ ਇਹ ਰਿਵਾਜ ਹੈ ਕਿ ਵਿਆਹ ਤੌਂ ਬਾਅਦ ਨਹੂੰ ਹੀ ਘਰ ਦਾ ਸਾਰਾ ਕੰਮ ਕਰੇ। ਇਸ ਗੱਲ ਦਾ ਫਾਇਦਾ ਸ਼ਰਨ ਕੌਰ ਪੂਰਾ ਪੂਰਾ ਲੈਦੀ ਹੈ ਤੇ ਮਨਜੀਤ ਨਾਲ ਘਰ ਦਾ ਕੋਈ ਵੀ ਕੰਮ ਕਰਾਉਣ ਲਈ ਰਾਜੀ ਨਹੀ ਹੈ ਭਾਵੇਂ ਕਿ ਉਸ ਨੂੰ ਪਤਾ ਹੈ ਕਿ ਮਨਜੀਤ ਵੀ ਉਸ ਵਾਂਗ ਹੀ ਸਿਫਟ ਲਾ ਕੇ ਆਈ ਆ।ਉਹ ਸੱਸ ਹੋਣ ਦਾ ਪੂਰਾ ਪੂਰਾ ਫਾਇਦਾ ਲੈਦੀ ਹੈ ਤੇ ਕੰਮ ਤੋਂ ਆ ਕੇ ਆਰਾਮ ਸੋਫੇ ਤੇ ਪੈ ਕੇ ਟੀ.ਵੀ.ਦੇਖਦੀ ਹੈ। ਜਦ ਕਿ ਮਨਜੀਤ ਚਾਹ ਪੀ ਕੇ ਰਾਤ ਦੇ ਖਾਣੇ ਦੀ ਤਿਆਰੀ ਕਰਨ ਲੱਗ ਜਾਦੀ ਹੈ।ਉਹ ਅੰਦਰੋ ਅੰਦਰੀ ਪਿਸ ਦੀ ਜ਼ਰੂਰ ਹੈ ਪਰ ਮੂੰਹੋ ਕੁਝ ਨਹੀ ਕਹਿੰਦੀ।ਘਰ ਵਿਚ ਉਸ ਦੀ ਹਾਲਤ ਕੋਈ ਨਹੀ ਸਮਝਦਾ। ਉਹ ਅੰਦਰੋ ਬਾਹਰੋ ਦੋਹਾ ਥਾਂਵਾਂ ਤੋ ਪਿਸ ਦੀ ਹੈ ਕਿਉਂਕਿ ਘਰ ਉਸ ਨੂੰ ਸ਼ਰਨ ਕੌਰ ਤੰਗ ਕਰਦੀ ਹੈ ਤੇ ਕੰਮ ਤੇ ਉਸ ਨੂੰ ਉਸ ਦੀਆਂ ਸਾਥਣਾ ਟਿਕਣ ਨਹੀ ਦਿੰਦੀਆ। ਜਿਸ ਕਾਰਨ ਉਸ ਨਾਲ ਬਹੁਤ ਵਧੀਕੀਆਂ ਹੁੰਦੀਆ ਹਨ ਕਿਉਂਕਿ ਘਰ ਦਿਆ ਦੀ ਮਰਜੀ ਦੇ ਖਿਲਾਫ ਜਾ ਕੇ ਪਤੀ ਨਾਲ ਸਲਾਹ ਕਰਕੇ ਉਹ ਕੰਮ ਤੇ ਲੱਗਦੀ ਹੈ ਜਦ ਕਿ ਘਰ ਦਿਆ ਦੇ ਹਿਸਾਬ ਨਾਲ ਉਸ ਨੂੰ ਕੰਮ ਕਰਨ ਦੀ ਕੋਈ ਲੋੜ ਨਹੀ ਹੈ ਜਿਵੇਂ ਲਖਬੀਰ ਸਿੰਘ ਨੂੰ ਸ਼ਰਨ ਕੌਰ ਨੂੰ ਮਨਜੀਤ ਨਾਲਕੰਮਕਰਾਉਣ ਲਈ ਕਹਿੰਦਾ ਹੈ ਤਾਂ ਸ਼ਰਨ ਕੌਰ ਕਹਿੰਦੀ ਹੈ ਕਿ:-

"ਫੇਰ ਕਰੀ ਜਾਏ ਹੁਣ।"

"ਇਹ ਤਾਂ ਵਿਚਾਰੀ ਨੂੰ ਸਜਾ ਹੋਈ, ਕੰਮਤੇ ਲੱਗਣ ਦੀ?"

"ਆਪਣੇ ਆਪ ਭੁਗਤਦੀ ਆ?"

"ਇਹ ਗੱਲ ਠੀਕ ਆ ਕਿ ਇਹਦੇ ਚ ਤੇਰਾ ਕੋਈ ਦੋਸ਼ ਨਈ੍ਹੀਂ।ਪਰ ਉਹ ਵੀ ਅਕਸਰ ਬੰਦਾ ਆ।"

"ਫੇਰ ਮੈਂ ਕੀ ਕਰਾਂ?"

"ਕੰਮ ਕਰਾ ਨਾਲ।ਹੋਰ ਕੀ ਕਰਣਾਂ?"

"......"

ਤੇ ਇਸੇ ਤਰ੍ਹਾਂ ਉਸ ਦੀਆ ਸਾਥਣਾ ਉਸ ਨੂੰ ਕੰਮ ਤੇ ਟਿਕਣ ਨਹੀ ਦਿੰਦੀਆ ਉਸ ਤੋਂ ਜਿਆਦਾ ਕੰਮ ਕਰਵਾਉਦੀ ਹਨ ਤੇ ਇਕ ਮਿੰਟ ਵੀ ਉਸ ਨੂੰ ਸਾਹ ਨਹੀ ਲੈਣ ਦਿੰਦੀਆਂ। ਬਿੰਨ੍ਹਾਂ ਮਤਲਬ ਦੇ ਉਸ ਦੀ ਸ਼ਕਾਇਤ ਕਰ ਦਿੰਦੀਆਂ ਹਨ।ਜਿਸ ਤੇ ਉਸ ਦਾ ਫੋਰਮੈਨ ਉਸ ਨੂੰ ਬਹੁਤ ਬੁਰਾ ਭਲਾ ਕਹਿਦਾ ਹੈ। ਜਿਵੇਂ:-

ਜਿੰਨ੍ਹਾਂ ਚਿਰ ਸਰੀਰ ਮਘਿਆ ਰਹਿੰਦਾ,ਓਨਾ ਚਿਰ ਕਿਸੇ ਨਾ ਕਿਸੇ ਤਰ੍ਹਾਂ ਕੰਮ ਨੂੰ ਧੱਕੀ ਜਾਦੀ। ਜਿਉਂ ਜਿਉਂ ਸਰੀਰ ਵਿਚੋਂ ਗਰਮਾਇਸ਼ ਨਿਕਲਦੀ ਜਾਂਦੀ,ਉਹ ਆਕੜੀ ਜਾਂਦਾ। ਉਹ ਕੰਮੋ ਆ ਕੇ ਸਰੀਰ ਨੂੰ ਤੇਲ ਮਲ ਕੇ ਗਰਮ ਪਾਣੀ ਨਾਲ ਇਸ਼ਨਾਨ ਕਰਦੀ ਤਾਂ ਕਿਤੇ ਹੱਡ ਤੁਰਨ ਜੋਗੇ ਹੁੰਦੇ।

ਮਨਜੀਤ ਚਾਦਰਾ ਨਾਲ ਘੁਲ ਹੀ ਰਹੀ ਹੁੰਦੀ ਕਿ ਉ ਖਿੜ ਖਿੜਾ ਕੇ ਹੱਸ ਪੈਂਦੀਆਂ।ਹਾਸੇ ਦੀ ਗੂੰਜ ਸੁਣ ਕੇ ਉਹ ਤ੍ਰਿਬਕ ਕੇ ਉਨ੍ਹਾਂ ਵਲ ਦੇਖਦੀ ਤਾਂ ਚਾਰਜ਼-ਹੈਂਡ ਦੰਦ ਜਿਹੇ ਕਢਦੀ ਕਹਿੰਦੀ,"ਵਟਸ ਮੈਟਾ,ਮਿਸੇਜ਼ ਇੰਡੀਆ?"

ਮਨਜੀਤ ਉਨ੍ਹਾਂ ਸਾਰੀਆਂ ਨਾਲੋ ਵੱਧ ਜਾਂਣਦੀ ਸੀ ਪਰ ਉਸ ਨੂੰ ਇਹ ਸਮਝ ਨਹੀ ਲੱਗਦਾ ਸੀ ਕਿ ਉਹ ਉਸਨੂੰ ਮਿਸੇਜ਼ ਇੰਡੀਆ ਕਿਉਂ ਕਹਿੰਦੀਆ ਹਨ।

ਉਹ ਬੁੜ ਬੁੜ ਹੀ ਕਰਦੀ ਸੀ ਕਿ ਚਾਰਜ਼-ਹੈਂਡ ਫੋਰਮੈਨ ਕੋਲ ਉਸਦੀ ਸ਼ਿਕਾਇਤ ਲਾਉਣ ਤੁਰ ਜਾਂਦੀ ਹੈ। ਉਸ ਆ ਕੇ ਪੱਛਿਆ, "ਕੀ ਗੱਲ ਏ, ਮਿਸਜ਼ ਮਾਨ?"

"ਕਾਹਦੀ ਗੱਲ?" ਮਨਜੀਤ ਹੈਰਾਨ ਹੁੰਦੀ।

"ਇਹ ਤੇਰੀ ਕੰਪਲੇਂਟਕਰ ਰਹੀ ਏ।"

"ਫੇਰ ਇਹਦੇ ਕੋਲੋਂ ਈ ਪੁੱਛ ਲਓ ਕਿ ਕੀ ਗੱਲ ਏ?"ਮਨਜੀਤ ਨੇ ਰਤਾ ਗੱਸੇ ਨਾਲ ਫੋਰਮੈਨ ਤੋਂ ਪੱਛਿਆ।

"ਕੀ ਗੱਲ ਕੈਥਰੀਨ?" ਫੋਰਮੈਨ ਨੇ ਚਾਰਜ-ਹੈਂਡ ਨੂੰ ਕਿਹਾ।

"ਇਹ ਮੈਨੂੰ ਇੰਡੀਅਨ ਚ ਗਾਲ੍ਹਾਂ ਕਢਦੀ ਆ?"ਚਾਰਜ ਹੈਂਡ ਨੇ ਬੜੀ ਘਿਰਣਾ ਨਾਲ ਮਨਜੀਤ ਨੂੰ ਦੇਖਿਆ।

"ਮੈ ਕਿਸੇ ਨੂੰ ਗਾਲ੍ਹ ਨਹੀ ਕੱਢੀ। ਇਹ ਗਲਤ ਬਿਆਨ ਕਰਦੀ ਏ, ਮਿਸਟਰ ਹਾਲ।"

"ਜੇ ਤੂੰ ਇੰਡੀਅਨ ਭਾਸ਼ਾ ਚ ਗੱਲ ਨਾ ਕਰੇਂ ਤਾਂ ਇਹ ਆਪੇ ਨਾ ਗਲਤ ਸਮਝਿਆ ਕਰੇ।"

ਇਸੇ ਤਰ੍ਹਾਂ ਇਹ ਵਧੀਕੀਆ ਨਵਜੋਤ ਨਲ ਵੀ ਹੋਈਆਂ ਹਨ ਕਿਉਂਕਿ ਉਹ ਦਿਲੋ ਤਲਵਿੰਦਰ ਨੂੰ ਆਪਣਾ ਪਾਰਟਨਰ ਨਹੀਂ ਸਗੋ ਕੁਝ ਹੋਰ ਮੰਨ ਚੁੱਕੀ ਸੀ। ਜਦੋਂ ਤਲਵਿੰਦਰ ਕਿਸੇ ਇੰਡੀਅਨ ਕੁੜੀ ਨਾਲ ਵਿਆਹ

ਕਰਾਉਣ ਲਈ ਮੰਨ ਜਾਂਦਾ ਹੈ ਤਾਂ ਨਵਜੋਤ ਉਸ ਨਾਲ ਗੱਲ ਕਰਨ ਤੋਂ ਨਾਂਹ ਕਰ ਦਿੰਦਾ ਹੈ ਤਾਂ ਉਹ ਕਹਿੰਦੀ ਹੈ ਕਿ

" ਜੇ ਘਰ ਨੂੰ ਜਾਣਾ ਸੀ, ਦੱਸ ਤਾਂ ਜਾਂਦਾ।ਮੈਂ ਕਿਹੜਾ ਰੋਕਣ ਲੱਗੀ ਸੀ?"

"ਖਿਆਲ ਈ ਨਹੀਂ ਰਿਹਾ।"

" ਹੁਣ ਧਿਆਨ ਕਿਸੇ ਹੋਰ ਪਾਸੇ ਰਹਿਣ ਲੱਗ ਪਿਆ?"

"......"

"ਚੁੱਪ ਕਾਹਤੋਂ ਹੋ ਗਿਆ ਏਨ?"

" ਹੁਣ ਮੈਨੂੰ ਫੋਨ ਨਾ ਕਰਿਆ ਕਰ।"

"ਮੈਥੋਂ ਕੋਈ ਬਲੰਡਰ ਹੋ ਗਈ ਏ?"

"ਗਲਤੀ ਤਾਂ ਨਹੀਂ।"

"ਫੇਰ?"

"ਮੇਰੀ ਕੁੜਮਾਈ ਹੋ ਗਈ ਏ।"

"ਤੇ ਜਿਹਦੇ ਨਾਲ ਹੁਣ ਤੱਕ ਸੌਂਦਾ ਰਿਹਾ ਏ?"

"......"

"ਉਹ ਪਰੋਸਟੀਚਿਊਟ ਸੀ?" ਨਵਜੋਤ ਦਹਾੜੀ।

"......"

"ਠੀਕ ਏ।ਮੇਰਾ ਤੇਰਾ ਹੁਣ ਕੋਈ ਸਬੰਧ ਨਹੀ ਰਿਹਾ ਤੇ ਨਾ ਹੀ ਮੈਂ ਰੱਖਣਾ ਚਾਹੁੰਦੀ ਹਾਂ,ਏਦਾ ਦੇ ਬੰਦੇ ਨਾਲ। ਪਰ ਜਿਹੜਾ ਮੇਰੇ ਪੇਟ ਚ ਤੇਰਾ ਬੱਚਾ ਪਲ ਰਿਹਾ ਏ?ਉਹਦਾ ਕੀ ਕਰਾਂ?"

ਦਰਸ਼ਨ ਸਿੰਘ ਧੀਰ ਦਾ ਇਹ ਨਾਵਲ ਦਸੱਦਾ ਹੈ ਕਿ ਹਰ ਥਾਂ ਔਰਤਾ ਹੀ ਪਿਸਦੀਆ ਹਨ।ਉਹ ਭਾਵੇਂ ਘਰ ਰਹਿਣ, ਘਰੋ ਬਾਹਰ ਰਹਿਣ।ਉਹ ਹਰ ਸਮੇ ਤੇ ਹਰ ਥਾਂ ਪਿਸਦੀ ਆ ਹਨ ਕਦੀ ਔਰਤ ਮਰਦ ਹੱਥੋਂ ਤੇ ਕਦੇ ਔਰਤ ਔਰਤ ਹੱਥੋਂ।

**ਨਵੀਂ ਸਮਾਜਕ ਆਰਥਕ ਬਣਤਰ ਵਿਚ ਔਰਤ ਪ੍ਰਤੀ ਲੋੜੀਦੇ ਨਵੇਂ ਸਮਾਜਕ ਰਵਈਏ ਦੀ ਪੇਸ਼ਕਾਰੀ:-** ਅਜੋਕੇ ਸਮੇ ਦੀ ਔਰਤ ਪੜੀ ਲਿਖੀ ਹੈ।ਉਹ ਕਿਸੇ ਵੀ ਕੰਮ ਵਿਚ ਕਿਸੇ ਦੀ ਦਖਲ ਅੰਦਾਜੀ ਪਸੰਦ ਨਹੀ ਕਰਦੀ ਕਿਉਂਕਿ ਅੱਜ ਦੀ ਔਰਤ ਪੜੀ ਲਿਖੀ ਹੈ ਤੇ ਨੋਕਰੀ ਪੇਸ਼ਾ ਹੈ।ਉਹ ਨਹੀ ਚਾਹੁੰਦੀ ਕਿ ਕੋਈ ਵੀ ਉਸ ਨਾਲ ਕਿਸੇ ਵੀ ਨੂੰ ਲੈ ਕੇ ਜਬਰਦਸਤੀ ਕਰੇ।ਚਾਹੇ ਪਤੀ ਹੋਵੇਂ,ਚਾਹੇ ਪਾਰਟਨਰ ਹੋਵੇਂ ਤੇ ਚਾਹੇ ਸੱਸ ਹੀ ਕਿਉਂ ਨਾ ਹੋਵੇਂ ਉਹ ਹਰ ਪਾਸੇ ਤੋਂ ਆਜ਼ਾਦ ਰਹਿਣਾ ਚਾਹੁੰਦੀ ਹੈ। ਪਰ ਇਸ ਆਜ਼ਾਦੀ ਲਈ ਉਸ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ।ਕਦੀ ਉਸ ਨੂੰ ਕਿਸੇ ਹੱਥੋਂ ਬੇਇੱਜਤ ਹੋਣਾ ਪੈਦਾ ਹੈ ਇਸ ਨੋਕਰੀ ਲਈ, ਤੇ ਕਈ ਵਾਰ ਨੋਕਰੀ ਲੈਣ ਤੋਂ ਪਹਿਲਾ ਹੀ ਉਸ ਨੂੰ ਬਾਕੀਆਂ ਦੀ ਨਰਾਜਗੀ ਝੱਲਣੀ ਪੈਦੀ ਹੈ ਜਿਸ ਤਰ੍ਹਾਂ ਇਸ ਨਾਵਲ ਵਿਚ ਮਨਜੀਤ ਨੂੰ ਉਸ ਦੀ ਸੱਸ ਦੀ ਨਰਾਜਗੀ ਬਰਦਾਸ਼ਤ ਕਰਨੀ ਪੈਦੀ ਹੈ।ਉਹ ਪਹਿਲਾ ਕੰਮ ਕਰਨ ਲਈ ਗੱਲਾ ਸੁਣਦੀ ਹੈ ਉਸ ਤੋਂ ਬਾਅਦ ਤਾਂ ਉਸ ਦੀਆਂ ਪਤਾ ਨਹੀ ਕਿੰਨੀਆਂ ਸਮੱਸਿਆਂਵਾਂ ਪੈਦਾ ਹੈ ਜਾਦੀਆ ਹਨ।ਕਿਉਂਕਿ ਉਸਦੇ ਨੋਕਰੀ ਤੇ ਲੱਗਣ ਨਾਲ ਉਹ ਘਰ ਤੇ ਕੰਮ ਦੋਹਾਂ ਨੂੰ ਬਹੁਤ ਹੀ ਮੁਸ਼ਿਕਲ ਨਾਲ ਸੰਭਾਲ ਦੀ ਹੈ ਉਸ ਦੀ ਸੱਸ ਉਸ ਨਾਲ ਕੰਮ ਕਰਾਉਣ ਦੀ ਬਜਾਏ ਉਸ ਨੂੰ ਬੁਰਾ ਭਲਾ ਕਹਿੰਦੀ ਹੈ ਕਿਉਂਕਿ ਉਹ ਆਪਣੀ ਮਰਜੀ ਨਾਲ ਕੰਮ ਤੇ ਲੱਗੀ ਸੀ ਪਰ ਉਸ ਦਾ ਪਤੀ ਉਸ ਦਾ ਪੂਰਾ ਸਾਥ ਦਿੰਦਾ ਹੈ ਉਸ ਨਾਲ ਘਰ ਵਿਚ ਵੀ ਕੰਮ ਕਰਾਉਂਦਾ ਹੈ ਤੇ ਉਸ ਨਾਲ ਹੋ ਰਹੇ ਦੁਰ ਪ੍ਰਭਾਵ ਕਾਰਨ ਹੀ ਉਸ ਦੇ ਆਫ਼ਿਸ ਜਾ ਕੇ ਉਸ ਦੇ ਅਫਸਰ ਨੂੰ ਗੱਲ ਦੱਸਦਾ ਹੈ ਉਸ ਦੇ ਨਾਲ ਜਾ ਕੇ ਕਿਉਂਕਿ ਮਨਜੀਤ ਤੇ ਸੁਖਵਿੰਦਰ ਦੇ ਆਪਸੀ ਰਿਸ਼ਤੇ ਵਿਚ ਵੀ ਖੱਟਾ ਪਨ ਆ ਰਿਹਾ ਸੀ ਜਦੋਂ ਵੀ ਉਹ ਉਸ ਨੂੰ ਬਲਾਉਦਾ ਜਾਂ ਪਿਆਰ ਕਰਨ ਲਈ ਹੱਥ ਲਾਉਂਦਾ ਤਾਂ ਹਮੇਸ਼ਾ ਹੀ ਉਹ ਉਸ ਨੂੰ ਥੱਕੀ ਹੋਣ ਦਾ ਜਾਂ ਫਿਰ ਜਲਦੀ ਉੱਠਣ ਦਾ ਬਹਾਨਾ ਬਣਾ ਕੇ ਉਸ ਨੂੰ ਟਾਲ ਦਿੰਦੀ। ਜਿਸ ਕਾਰਨ ਸੁਖਵਿੰਦਰ ਤੇ ਮਨਜੀਤ ਦੋਨੋਂ ਹੀ ਮਨਸਿਕ ਤੋਰ ਤੇ ਦੁੱਖੀ ਸਨ ਕਿਉਂਕਿ ਮਨਜੀਤ ਨੂੰ ਲੱਗਦਾ ਸੀ ਕਿ ਉਹ ਪਤੀ ਨੂੰ ਵਿਆਹੁਤਾ ਜਿੰਦਗੀ ਦਾ ਸੁੱਖ ਨਹੀ ਦੇ ਰਹੀ ਤੇ ਸੁਖਵਿੰਦਰ ਨੂੰ ਲੱਗਦਾ ਸੀ ਕਿ ਉਹ ਉਸ ਨੂੰ ਖੁੱਸ਼ ਨਹੀ ਰੱਖ ਰਿਹਾ।ਇਸ ਤਰ੍ਹਾਂ ਉਸ ਦੀ ਸੱਸ ਉਸ ਦੀ ਕੋਈ ਮਦਦ ਨਹੀ ਕਰਦੀ ਪਰ ਜਦੋਂ ਸ਼ਰਨ ਕੌਰ ਲਖਬੀਰ ਸਿੰਘ ਦੇ ਕਹਿਣ ਤੇ ਰਸੋਈ ਵਿਚ ਉਸ ਨਾਲ ਕੰਮ ਕਰਾਉਣ ਜਾਦੀ ਹੈ ਤਾਂ ਭਾਰਤੀ ਸੰਸਕਾਰਾ ਵਿਚ ਬੰਨੀ ਹੋਈ ਮਨਜੀਤ ਉਸਨੂੰ ਕੰਮ ਕਰਾਉਣ ਤੋਂ ਮਨ ਕਰ ਦਿੰਦੀ ਹੈ ਤਾਂ ਉਹ ਕਹਿੰਦੀ ਹੈ ਕਿ

“ਤੇਰੇ ਸੋਹਰੇ ਦੀ ਤਾਂ ਜਾਨ ਟੁੱਟਦੀ ਆ ਤੇਨੂੰ ਕੰਮ ਕਰਦੀ ਦੇਖ ਕੇ ਤੇ ਤੂੰ ਆਖਦੀ ਆ, ਆਪੇ ਕਰ ਲਊਂ!”

ਫਿਰ ਗੱਲ ਬਦਲ ਕੇ ਕਹਿੰਦੀ ਹੈ ਕਿ

"ਕਿੰਨਾ ਕਿਹਾ ਸੀ ਤੇਨੂੰ ਬਾਈ ਕੰਮ ਆਕਾ ਫਾਹਾ ਨਾ ਲੈ।ਮੈਨੂੰ ਪਤਾ,ਕੰਮੋਂ ਆ ਕੇ ਘਰ ਦਾ ਕੰਮ ਚੁੱਕਣਾ ਕਿੰਨਾ ਔਖਾ ਹੁੰਦਾ। ਮੈਂ ਆਪ ਏਸ ਸਭ ਕਾਸੇ ਚੋਂ ਲੰਘੀ ਆਂ।"

ਤੁਸੀ ਕਿਹਾ ਤਾਂ ਬਥੇਰਾ ਸੀ ਬੀ ਜੀ।"

"ਫੇਰ?"

"ਘਰ ਬੈਠੀ ਦਾ ਦਿਨ ਨਹੀ ਸੀ ਲੰਘਦਾ।"

ਪਰ ਉਨ੍ਹਾਂ ਨੂੰ ਇਹ ਪਤਾ ਨਹੀ ਕਿਉ ਪਤਾ ਲੱਗਦਾ ਕਿ ਉਹ ਜੇਕਰ ਕੰਮ ਕਰੇ ਗੀ ਤਾਂ ਫਾਇਦਾ ਘਰ ਦਾ ਹੀ ਹੋਵੇਂ। ਉਹ ਤਾਂ ਉਸ ਨੂੰ ਤੰਗ ਕਰਨ ਰੁਝੇ ਹੋਏ ਹਨ।ਧੀਰ ਨੇ ਇਸ ਗੱਲ ਨੂੰ ਬਹੁਤ ਹੀ ਵਧੀਆ ਢੰਗ ਪੇਸ਼ ਕੀਤਾ ਹੈ। ਉਸ ਨੇ ਇਸ ਰਾਹੀ ਔਰਤਾਂ ਦੀ ਹਰ ਸਮੱਸਿਆਂ ਨੂੰ ਬਹੁਤ ਹੀ ਬਰੀਕੀ ਨਾਲ ਪੇਸ਼ ਕੀਤਾ ਹੈ ਖਾਸ ਕਰਕੇ ਭਾਰਤੀ ਔਰਤ ਦੀਆ।ਉਸ ਨੂੰ ਹਰ ਤਰ੍ਹਾਂ ਦੇ ਮਹੌਲ ਵਿਚ ਰਹਿਣਾ ਪੈਦਾ ਹੈ ਉਸ ਨੂੰ ਘਰ, ਦਫਤਰ, ਸਮਾਜ ਹਰ ਇਕ ਦੀ ਪ੍ਰਵਾਹ ਕਰਨੀ ਪੈਦੀ ਹੈ । ਉਸ ਨੂੰ ਰਿਸ਼ਤਿਆ ਨੂੰ ਵੀ ਆਪ ਹੀ ਬਚਾਉਣਾ ਪੈਦਾ ਹੈ ਉਸ ਦੀ ਕਿਸੇ ਵੀ ਕੰਮ ਲਈ ਆਪ ਜਿੰਮੇਵਾਰ ਹੋਣਾ ਪੈਦਾ।

**ਔਰਤ ਵਲੋਂ ਕਲਪੇ ਵਿਅਕਤੀਗਤ ਆਜ਼ਾਦੀ ਦੇ ਸੁਪਨੇ ਦੀ ਪੇਸ਼ਕਾਰੀ :-** ਹਰ ਔਰਤ ਆਪਣੀ ਆਜ਼ਾਦੀ ਚਾਹੁੰਦੀ ਹੈ ਕਿਉਂਕਿ ਉਸ ਦਾ ਵੀ ਸਵੈ ਮਾਣ ਹੈ। ਉਹ ਵੀ ਆਪਣੀ ਮਰਜੀ ਦੀ ਮਾਲਕ ਆਂ ਉਹ ਵੀ ਆਪਣੀ ਇੱਛਾ ਅਨੁਸਾਰ ਹਰ ਇਕ ਨਾਲ ਵਰਤਣਾ ਚਾਹੁੰਦੀ ਹੈ ਮਰਜੀ ਨਾਲ ਕਿਸ ਨਾਲ ਘੁੰਮਣਾ ਚਾਹੁੰਦੀ ਆ ਕਿਸੇ ਦੇ ਨਾਲ ਰਹਿਣ ਚਾਹੁੰਦੀ ਹੈ। ਆਪਣੀ ਜ਼ਿੰਦਗੀ ਨੂੰ ਮਾਨਣਾ ਚਾਹੁੰਦੀ ਆ ਕੋਈ ਵੀ ਉਸ ਦੇ ਇਸ ਸੁਪਨੇ ਨੂੰ ਪੂਰਾ ਕਰਨ ਵਿਚ ਉਸ ਦੀ ਕੋਈ ਮਦੱਦ ਨਹੀ ਕਰਦਾ ਸਗੋ ਉਸ ਦੇ ਰਾਹ ਵਿਚ ਮੁਸ਼ਕਿਲਾ ਹੀ ਖੜ੍ਹੀਆ ਕਰਦੇ ਹਨ।ਇਸ ਵਿਚ ਉਸ ਦਾ ਸਾਥ ਨਾ ਭਾਰਤੀ ਮਰਦ ਦਿੰਦਾ ਤੇ ਨਾ ਹੀ ਪੱਛਮੀ।ਇਹ ਕਹਾਣੀ ਸਿਰਫ ਨਵਜੋਤ ਦੀ ਨਹੀ ਸਗੋਂ ਉਸ ਦੀ ਭਾਬੀ ਮਨਜੀਤ ਉਸ ਦੀ ਮੈਡਮ ਜ਼ੈਕੀ ਗਰੀਨ ਦੀ ਵੀ ਉਨੀ ਹੀ ਹੈ। ਹਰ ਔਰਤ ਦਾ ਸੁਪਨਾ ਹੈ ਕਿ ਉਹ ਵੀ ਆਪਣੀ ਸੁਤੰਤਰ ਹੋਂਦ ਨੂੰ ਪੂਰੀ ਉਮਰ ਕਾਇਮ ਰੱਖੇ। ਇਸ ਵਿਚ ਨਵਜੋਤ ਚਾਹੁੰਦੀ ਹੈ ਕਿ ਉਸ ਨੂੰ ਵਿਆਹ ਨਹੀ ਕਰਾਉਣਾ ਚਾਹੀਦਾ ਸਗੋਂ ਉਸ ਨੂੰ ਪਾਰਟਨਰਸ਼ਿਪ ਦੇ ਤੋਰ ਤੇ ਕਿਸੇ ਨਾਲ ਰਹਿਣਾ ਪੂਰੀ ਉਮਰ ਰਹਿਣਾ ਚਾਹੀਦਾ ਹੈ।ਜਿਸ ਵਿਚ ਉਸ ਨੂੰ ਦੂਜੀ ਧਿਰ ਨਾ ਮੰਨ ਕੇ ਆਪਣਾ ਹੀ ਇਕ ਹਿੱਸਾ ਮੰਨਿਆ ਜਾਵੇਂ ਤਾਂ ਕਿ ਉਸ ਦੀ ਆਜ਼ਾਦੀ ਵੀ ਬਣੀ ਰਹੇ ਤੇ ਉਹ ਆਪਣੀ ਤੇ ਆਪਣੇ ਪਾਰਟਨਰ ਦੀ ਵੀ

ਜਿੰਦਗੀ ਸੁਧਾਰ ਸਕੇ।ਉਹ ਮਰਦ ਦਾ ਸਾਥ ਮਾਨਣਾ ਚਾਹੁੰਦੀ ਹੈ ਪਰ ਉਸ ਨਾਲ ਵਿਆਹ ਨਹੀ ਕਰਾਉਣਾ ਚਾਹੁੰਦੀ ਕਿਉਂਕਿ ਉਹ ਭਾਰਤੀ ਹੈ ਤੇ ਉਸ ਦੇ ਘਰ ਦਾ ਮਾਹੌਲ ਇੰਦਾ ਦਾ ਹੈ ਕਿ ਉਸ ਦੀ ਮਾਂ ਉਸ ਦੇ ਪਿਓ ਨੂੰ ਪੁੱਛੇ ਬਿੰਨ੍ਹਾਂ ਉੱਚੀ ਸਾਹ ਵੀ ਨਹੀ ਲੈ ਸਕਦੀ ਤੁਰ ਨਾ ਤਾਂ ਬਹੁਤ ਦੂਰ ਉਹ ਉਸ ਤੋਂ ਬਿੰਨ੍ਹਾਂ ਇਕ ਪੈਰ ਵੀ ਨਹੀ ਪੁੱਟ ਸਕਦੀ। ਇਸੇ ਤਰ੍ਹਾਂ ਉਸ ਦੀ ਭਾਬੀ ਵੀ ਉਸ ਦੇ ਭਰਾ ਤੋਂ ਪੁੱਛੇ ਬਿੰਨ੍ਹਾਂ ਕੋਈ ਵੀ ਕੰਮ ਕਰਨਾ ਤਾਂ ਕੀ ਕਰਨ ਬਾਰੇ ਸੋਚ ਵੀ ਨਹੀ ਸਕਦੀ। ਇਸ ਮਾਹੌਲ ਤੋਂ ਉਸ ਨੂੰ ਬਹੁਤ ਨਫਰਤ ਸੀ ਰਹਿੰਦੀ ਖੂਦੀ ਕਸਰ ਉਸ ਦੀ ਮੈਡਮ ਜ਼ੈਕੀ ਗਰੀਨ ਨੇ ਪੂਰੀ ਕਰ ਦਿੱਤੀ ਸੀ ਕਿਉਂਕਿ ਉਸ ਦੀ ਆਪਣੇ ਪਤੀ ਨਾਲ ਵਿਆਹ ਤੋਂ ਬਾਅਦ ਨਹੀ ਬਣੀ ।ਉਸ ਦਾ ਬਹੁਤ ਜਲਦੀ ਆਪਣੇ ਪਤੀ ਨਾਲ ਤਲਾਕ ਹੋ ਗਿਆ ਸੀ। ਉਸ ਦੀ ਆਪਣੇ ਪਤੀ ਨਾਲ ਤਾਂ ਆਪ ਨਹੀ ਬਣੀ ਪਰ ਉਹ ਕਸੂਰ ਆਪਣੇ ਪਤੀ ਦਾ ਕੱਢਦੀ ਸੀ।ਉਸ ਨੇ ਆਪਣੀ ਗਲਤੀ ਆਪਣੇ ਸਿਰ ਨਾ ਲੈ ਕੇ ਪੂਰੀ ਮਰਦ ਜਾਤੀ ਨੂੰ ਹੀ ਬੁਰਾ ਬਣਾ ਦਿੰਦੀ ਹੈ ਜਿਸ ਕਾਰਨ ਨਵਜੋਤ ਹੋਰ ਵੀ ਵਿਆਹ ਦੇ ਖਿਲਾਫ ਹੋ ਜਾਂਦੀ ਹੈ।ਉਹ ਪੂਰੀ ਉਮਰ ਵਿਆਹ ਨਾ ਕਰਾਉਣ ਦਾ ਫੈਸਲਾ ਕਰ ਲੈਂਦੀ ਹੈ।ਉਸ ਨੂੰ ਲੱਗਦਾ ਹੈ ਕਿ ਜੇ ਉਸ ਨੇ ਵਿਆਹ ਕਰਾ ਲਿਆ ਤਾਂ ਉਸ ਦੀ ਆਜ਼ਾਦੀ ਖਤਮ ਹੋ ਜਾਵੇ ਗੀ ਜੋ ਕਿ ਉਹ ਖਤਮ ਨਹੀ ਕਰਨਾ ਚਾਹੁੰਦੀ ਸੀ। ਇਸੇ ਸਵੈ ਨੂੰ ਕਾਇਮ ਰੱਖਣ ਲਈ ਉਸ ਨੇ ਜਾਹਨ ਕੀਥ ਨਾਲ ਦੋਸਤੀ ਕੀਤੀ ਸੀ ਉਹ ਉਸ ਨਾਲ ਪੂਰੀ ਤਰ੍ਹਾਂ ਖੁਸ਼ ਸੀ ਉਹ ਆਪਣਾ ਖਰਚਾ ਅੱਧਾ ਅੱਧਾ ਕਰ ਲੈਂਦੇ ਹਨ ਤੇ ਆਪਣੀ ਜਿੰਦਗੀ ਨੂੰ ਮਾਣ ਦੇ ਹਨ।ਕੋਈ ਵੀ ਕਿਸੇ ਤੇ ਰੋਬ੍ਹ ਨਹੀ ਪਾਉਂਦਾ ਕੋਈ ਵੀ ਰੋਕ ਟੋਕ ਨਹੀ ਹੈ।ਇਸੇ ਤਰ੍ਹਾਂ ਤਲਵਿੰਦਰ ਨਾਲ ਵੀ ਇਸੇ ਤਰ੍ਹ ਕਰਦੀ ਹੈ ਉਹ ਉਸ ਨਾਲ ਰਹਿਣ ਲਈ ਮੰਨ ਜਾਦੀ ਹੈ ਪਰ ਵਿਆਹ ਲਈ ਨਹੀ। ਉਸ ਨਾਲ ਵੀ ਉਹ ਪੂਰੀ ਆਜ਼ਾਦੀ ਮਾਣਦੀ ਹੈ ਕਿਉਂਕਿ ਤਲਵਿੰਦਰ ਵੀ ਉਸ ਨੂੰ ਕਿਸੇ ਕਿਸਮ ਦੀ ਬੰਦਿਸ਼ ਵਿਚ ਨਹੀ ਰੱਖਦਾ ਪਰ ਉਸ ਦੇ ਛੱਡ ਜਾਣ ਤੇ ਉਹ ਟੱਟ ਜਾਦੀ ਹੈ ਉਸ ਨੂੰ ਉਸ ਦੇ ਜਾਣ ਦਾ ਬਹੁਤ ਦੁੱਖ ਹੁੰਦਾ ਹੈ।

ਇਸੇ ਤਰ੍ਹਾਂ ਮਨਜੀਤ ਵੀ ਆਪਣੀ ਹੋਂਦ ਬਣਾਈ ਰੱਖਣ ਲਈ ਬਹੁਤ ਜੱਦੋਂ ਜਹਿਦ ਕਰਦੀ ਹੈ ਉਹ ਆਪਣੀ ਹੋਂਦ ਬਣਾਈ ਰੱਣ ਲਈ ਘਰ ਦਾ ਸਾਰਾ ਕੰਮ ਕਰਦੀ ਹੈ ਤੇ ਨਾਲ ਨਾਲ ਉਹ ਨੋਕਰੀ ਵੀ ਕਰਦੀ ਹੈ ਤਾਂ ਕਿ ਉਹ ਘਰ ਵਿਚ ਹੀ ਨਾ ਕੇਦ ਹੋ ਕੇ ਰਹਿ ਜਾਵੇ ਉਸ ਦਾ ਪਤੀ ਉਸ ਦਾ ਪੂਰਾ ਸਾਥ ਦਿੰਦਾ ਹੈ ਜਿਸ ਕਾਰਨ ਉਹ ਹੋਰ ਵੀ ਉਤਸ਼ਾਹ ਨਾਲ ਭਰ ਕੇ ਕੰਮ ਕਰਦੀ ਹੈ। ਉਹ ਸੱਸ ਦੇ ਗੁੱਸੇ ਦੀ ਪ੍ਰਵਾਹ ਕੀਤੇ ਬਿੰਨ੍ਹਾਂ ਹੀ ਕੰਮ ਕਰਨ ਲੱਗ ਜਾਂਦੀ ਹੈ ਉਹ ਘਰ ਤੇ ਬਾਹਰ ਦੋਹੀ ਪਾਸੇ ਕੰਮ ਕਰਦੀ ਹੈ ਜਿਸ ਦਾ ਕਾਰਨ ਖੱਦ ਦੀ ਆਜ਼ਾਦੀ ਤੇ ਆਪਣੀ ਹੋਂਦ ਸਥਾਪਤ ਕਰਨਾ ਹੈ।

ਇਸੇ ਤਰ੍ਹਾਂ ਸ਼ਰਨ ਕੌਰ ਆਪਣੇ ਥਾਂ ਸਹੀ ਹੈ ਕਿਉਂਕਿ ਉਸ ਦੀ ਸਾਰੀ ਉਮਰ ਕੰਮ ਕਰਦੀ ਦੀ ਹੀ ਲੰਘ ਜਾਂਦੀ ਹੈ ਜਿਸ ਕਾਰਨ ਉਹ ਵੀ ਆਪਣੀ ਨੂੰਹ ਤੇ ਰੋਬ੍ਹ ਪਾਉਦੀ ਹੈ ਤੇ ਉਸ ਨੂੰ ਤੰਗ ਕਰਨ ਦਾ ਕੋਈ ਮੋਕਾ ਨਹੀ

ਛੱਡਦੀ ਕਿਉਂਕਿ ਉਸ ਦੀ ਸਾਰੀ ਜਿੰਦਗੀ ਪਤੀ ਦੀ ਗੁਲਾਮੀ ਕਰਦੀ ਹੀ ਲੰਘ ਜਾਦੀ ਹੈ ਇਸ ਲਈ ਉਹ ਆਪਣੀ ਹੋਂਦ ਦਿਖਾਉਣ ਲਈ ਉਹ ਆਪਣੀ ਨੂੰਹ ਤੇ ਰੋਬ੍ਹ ਪਾਉਦੀ ਹੈ

**ਲੋੜ ਅਤੇ ਲਾਲਸਾ ਵਿਚਲੇ ਅੰਤਰ ਦਾ ਪ੍ਰਗਟਾਵਾ**:-ਧੀਰ ਦੇ ਇਸ ਨਾਵਲ ਵਿਚ ਲੋੜ ਤੇ ਲਾਲਸਾ ਨੂੰ ਵੀ ਆਧਾਰ ਬਣਾਇਆ ਗਿਆ ਹੈ ਇਸ ਵਿਚ ਹਰ ਇਕ ਦੀ ਆਪਣੀ ਲੋੜ ਤੇ ਆਪਣੀ ਲਾਲਸਾ ਹੈ। ਹਰ ਪਾਪਰ ਦੂਜੇ ਤੋਂ ਕੁਝ ਨਾ ਕੁਝ ਲਾਲਸਾ ਰੱਖਦਾ ਹੈ ਆਪਣੀ ਲੋੜ ਦੇ ਆਧਾਰ ਤੇ। ਇਸ ਵਿਚ ਸ਼ਰਨ ਕੌਰ ਆਪਣੀ ਨੂੰਹ ਤੋਂ ਆਸ ਕਰਦੀ ਹੈ ਕਿ ਉਹ ਉਸ ਦੀ ਸੇਵਾ ਕਰੇ ਤੇ ਉਸ ਦਾ ਕਹਿਣਾ ਮੰਨ ਕੇ ਉਹ ਘਰੋ ਬਾਹਰ ਨਾ ਜਾਵੇਂ ਇਹ ਉਸ ਦੀ ਲੋੜ ਵੀ ਹੇ ਤੇ ਲਾਲਸਾ ਵੀ। ਉਸ ਦੀ ਇਕ ਹੋਰ ਲਾਲਸਾ ਹੈ ਕਿ ਉਸ ਦੀ ਧੀ ਦਾ ਵਿਆਹ ਕਿਸੇ ਪੰਜਾਬੀ ਮੁੰਡੇ ਨਾਲ ਹੋ ਜਾਵੇਂ ਪਰ ਉਸ ਦੀ ਇਹ ਲਾਲਸਾ ਹਮੇਸ਼ਾ ਲਈ ਖਤਮ ਹੋ ਜਾਦੀ ਹੈ ਕਿਉਂਕਿ ਨਵਜੋਤ ਵਿਆਹ ਕਰਾਉਣ ਤੋਂ ਮਨ੍ਹਾਂ ਕਰ ਦਿੰਦੀ ਹੈ। ਉਸ ਦੀ ਇਹ ਲਾਲਸਾ ਹਮੇਸ਼ਾ ਲਈ ਮਨ ਵਿਚ ਹੀ ਰਿਹ ਗਈ ਸੀ।

ਇਸ ਨਾਵਲ ਵਿਚ ਸਭ ਤੋਂ ਘੱਟ ਲਾਲਸਾ ਲਖਬੀਰ ਸਿੰਘ ਨੂੰ ਹੈ। ਉਹ ਕਿਸੇ ਤੇ ਵੀ ਆਪਣਾ ਫੈਸਲਾ ਥੋਪਦਾ ਨਹੀ ਹੈ। ਉਸ ਨੂੰ ਬਸ ਆਪਣੇ ਕੰਮ ਨਾਲ ਮਤਲਬ ਹੈ।ਉਹ ਨਾ ਨਵਜੋਤ ਨਾਲ ਹੈ ਨਾ ਸ਼ਰਨ ਕੌਰ ਨਾਲ ਤੇ ਨਾ ਹੀ ਆਪਣੇ ਨੂੰਹ ਪੁੱਤ ਨਾਲ।ਉਹ ਸਾਰੀ ਜਿੰਦਗੀ ਬਸ ਕੰਮ ਹੀ ਕਰਦਾ ਹੈ ਤੇ ਕੰਮ ਕਰਦਾ ਕਰਦਾ ਮਰ ਜਾਦਾ ਹੈ।

ਸੁਖਵਿੰਦਰ ਨੂੰ ਲਾਲਸਾ ਹੈ ਕਿ ਉਸ ਦੀ ਭੈਣ ਕਿਸੇ ਪੰਜਾਬੀ ਮੁੰਡੇ ਨਾਲ ਵਿਆਹ ਕਰਾਵੇ ਤੇ ਉਸ ਦੀ ਪਰਿਵਾਰਕ ਖੁਸ਼ੀ ਬਣੀ ਰਹੀ।ਉਸ ਦੀ ਪਤਨੀ ਖੁਸ਼ ਰਹੇ।ਉਸ ਦੀ ਇਹ ਲੋੜ ਵੀ ਹੈ ਕਿਉਂਕਿ ਉਹ ਭਰਾ ਹੋਣ ਦੇ ਨਾਤੇ ਚਾਹੁੰਦਾ ਹੈ ਕਿ ਉਸ ਦੀ ਭੈਣ ਆਪਣਾ ਘਰ ਵਸਾਵੇ।

ਇਸ ਨਾਵਲ ਵਿਚ ਸਭ ਤੋ ਜਿਆਦਾ ਲੋੜਾ ਤੇ ਲਾਲਸਾਵਾ ਨਵਜੋਤ ਦੀਆ ਹਨ ਕਿਉਂਕਿ ਉਹ ਇਸ ਨਾਵਲ ਦੀ ਮੁੱਖ ਪਾਤਰ ਹੋਣ ਕਾਰਨ ਜਿਆਦਾ ਘਿਰੀ ਹੋਈ ਹੈ। ਉਸ ਨੂੰ ਹਰ ਸਮੇ ਕਿਸੇ ਨਾ ਕਿਸੇ ਤੇ ਲੋੜ ਰਹਿੰਦੀ ਹੈ ਤੇ ਉਸ ਦੀ ਲਾਲਸਾ ਹੈ ਕਿ ਉਹ ਪੂਰੀ ਜਿੰਦਗੀ ਕਿਸੇ ਦੀ ਗੁਲਾਮੀ ਨਾ ਕਰੇ ਤੇ ਆਪਣੇ ਹਿਸਾਬ ਨਾਲ ਆਪਣੀ ਜਿੰਦਗੀ ਬਤੀਤ ਕਰੇ।ਨਵਜੋਤ ਕਦੀ ਆਪਣੀ ਜਿੰਦਗੀ ਦਾ ਸਹਾਰਾ ਜਾਹਨ ਕੀਥ ਨੂੰ ਬਣਾਉਂਦੀ ਹੈ। ਜਦੋਂ ਉਸ ਦੀ ਜਿੰਦਗੀ ਵਿਚ ਤਲਵਿੰਦਰ ਆ ਜਾਦਾ ਹੈ ਤਾਂ ਉਹ ਆਪਣੀ ਜਿੰਦਗੀ ਉਸ ਨਾਲ ਦੇ ਨਾਲ ਦਖਦੀ ਹੈ ਪਰ ਉਸ ਦੇ ਧੋਖਾ ਦੇਣ ਤੇ ਉਹ ਇੱਕਲੀ ਹੋ ਜਾਦੀ ਹੈ ਤੇ ਉਸ ਦੀ ਜਿੰਦਗੀ ਬਿਲਕੁੱਲ ਖੜ੍ਹ ਗਈ ਸੀ। ਪਰ ਜਦੋਂ ਜਾਹਨ ਕੀਥ ਵਾਪਿਸ ਉਸ ਦੀ ਜਿੰਦਗੀ ਵਿਚ ਦੋਬਾਰਾ ਆ ਜਾਂਦਾ ਹੈ ਤਾਂ ਉਸੀ ਜਿੰਦਗੀ ਫਿਰ ਤੋਂ ਨਵੀਆਂ ਲਾਲਸਾਵਾਂ ਲੈਂਦਾ ਹੋ ਜਾਂਦੀਆਂ ਹਨ। ਉਸ ਦੀ ਸਰੀਰਕ ਲੋੜ ਦੇ ਕਾਰਨ ਉਸ ਨੂੰ ਕਿਸੇ ਮਰਦ ਦਾ ਸਾਥ

ਚਾਹੀਦਾ ਹੈ।ਇਸ ਆਜ਼ਾਦੀ ਦੀ ਪੂਰਤੀ ਲਈ ਉਹ ਆਪਣੀ ਜਿੰਦਗੀ ਘਰ ਦਿਆ ਨਾਲੋਂ ਤੋੜ ਕੇ ਅਲੱਗ ਕਰ ਲੈਂਦੀ ਹੈ।

# ਸਾਰ

ਉਪਰੋਕਤ ਇਸ ਖੋਜ ਕਾਰਜ ਦੇ ਆਧਾਰ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਨਾਵਲਕਾਰ ਦਰਸ਼ਨ ਸਿੰਘ ਧੀਰ ਇਕ ਪੱਛਮੀ ਨਾਵਲਕਾਰ ਹੈ ਉਸ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਜਿਸ ਕਾਰਨ ਉਹ ਇਕ ਸਥਾਪਿਤ ਨਾਵਲਕਾਰ ਬਣ ਗਿਆ ਹੈ ਉਸ ਦੀਆਂ ਰਚਨਾਵਾਂ ਅਤੇ ਵਿਸ਼ੇ ਵਧੀਆ ਤੇ ਅਲੱਗ ਹਨ ਇਸ ਖੋਜ ਕਾਰਜ ਦਾ ਨਾਵਲ 'ਪੈੜਾਂ ਦੇ ਆਰ ਪਾਰ' ਬਹੁਤ ਹੀ ਅਲੱਗ ਕਿਸਮ ਦਾ ਨਾਵਲ ਹੈ ਇਸ ਦਾ ਸਿਰਲੇਖ ਅਜਿਹਾ ਹੈ ਕਿ ਹਰ ਕੋਈ ਇਸ ਦਾ ਨਾਮ ਦੇਖ ਕੇ ਇਸ ਵੱਲ ਆਕਰਸ਼ਿਤ ਹੁੰਦਾ ਹੈ ਦਰਸ਼ਨ ਸਿੰਘ ਧੀਰ ਨੇ ਆਪਣੇ ਨਾਵਲ ਦੇ ਸਿਰਲੇਖ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ ਹੈ ਤੇ ਇਸ ਨੂੰ ਸਾਬਿਤ ਵੀ ਕੀਤਾ ਹੈ ਕਿਉਂਕਿ ਪੈੜਾਂ ਭਾਵ ਕਿ ਲੀਹਾਂ ਪਾਉਣੀਆਂ ਔਖੀਆਂ ਹਨ ਕਿਉਂਕਿ ਲੀਹ ਉਹੀ ਪਾ ਸਕਦਾ ਹੈ ਜਿਸ ਵਿਚ ਜ਼ੋਰ ਭਾਵ ਕਿ ਦਮ ਹੁੰਦਾ ਹੈ ਕਿਉਂਕਿ ਪਾਈ ਹੋਈ ਲੀਹ ਤੇ ਤਾਂ ਹਰ ਕੋਈ ਵੀ ਤੁਰ ਸਕਦਾ ਹੈ ਇਸ ਲਈ ਨਵੀਆਂ ਪੈੜਾਂ ਪਾਉਣੀਆਂ ਮੁਸ਼ਕਿਲ ਹਨ।ਇਸ ਨਾਵਲ ਵਿਚ ਲੀਹਾਂ ਹਨ ਉਹ ਰਿਸ਼ਤਿਆਂ ਦੇ ਆਰ ਪਾਰ ਹਨ ਇਸ ਲਈ ਨਵਜੋਤ ਵਿਆਹ ਨਾ ਕਰਵਾ ਕੇ ਔਰਤ ਦੀ ਸੁਤੰਤਰਤਾ ਦੀ ਹਾਮੀ ਭਰਦੀ ਹੈ ਤੇ ਨਵੀ ਪੈੜ ਪਾਉਣ ਲਈ ਉਹ ਪਾਟਨਰਸ਼ਿਪ ਨੂੰ ਆਧਾਰ ਬਣਾਉਦੀ ਹੈ।ਉਸ ਦੀ ਇਹ ਪੈੜ ਦੇ ਆਰ ਪਾਰ ਭਾਵ ਆਲੇ ਦੁਆਲੇ ਜੋ ਵੀ ਉਸ ਦੇ ਰਿਸ਼ਤੇ ਹਨ ਉਹ ਸਭ ਛੁੱਟ ਜਾਂਦੇ ਹਨ ਅਤੇ ਕਈ ਟੁੱਟ ਜਾਂਦੇ ਹਨ। ਉਹ ਨਵੀਂ ਲੀਹ ਤਾਂ ਪਾ ਲੈਂਦੀ ਹੈ ਪਰ ਅੰਤ ਵਿਚ ਉਸ ਦੇ ਪੱਲੇ ਕੁਝ ਨਹੀਂ ਪੈਂਦਾ । ਕੋਈ ਵੀ ਉਸ ਨੂੰ ਉਸ ਦੇ ਅਨੁਸਾਰ ਅਪਣਾਉਣ ਲਈ ਤਿਆਰ ਨਹੀਂ ਹੁੰਦਾ ਪਰ ਇਸ ਘਟਨਾ ਤੋਂ ਪਹਿਲਾਂ ਉਸ ਦੇ ਘਰ ਦੇ ਸਮਝਦੇ ਸਨ ਕਿ ਸ਼ਾਇਦ ਨਵਜੋਤ ਵਿਚ ਕਈ ਸਰੀਰਕ ਕਮੀ ਹੈ ਜਿਸ ਦੀ ਵਜ੍ਹਾਂ ਕਾਰਨ ਉਹ ਵਿਆਹ ਨਹੀਂ ਕਰਾਉਦੀ ਪਰ ਜਦੋਂ ਉਹ ਜਾਹਨ ਕੀਥ ਦੇ ਬੱਚੇ ਨੂੰ ਜਨਮ ਦੇ ਕੇ ਇਸ ਗੱਲ ਨੂੰ ਨਾਕਾਰ ਦਿੰਦੀ ਹੈ ਕਿ ਵਿਚ ਕੋਈ ਅੰਦਰੂਨੀ ਕਮੀ ਨਹੀਂ ਉਹ ਤਾਂ ਬਸ ਆਪਣੀ ਆਜ਼ਾਦੀ ਨੂੰ ਹੀ ਮਾਨਣਾ ਚਾਹੁੰਦੀ ਸੀ।ਜੇ ਉਹ ਇਹੀ ਆਜ਼ਾਦੀ ਆਪਣੇ ਘਰ ਪਰਿਵਾਰ ਵਿਚ ਰਹਿ ਕੇ ਮਾਣਦੀ ਤਾਂ ਉਹ ਸਾਰਿਆਂ ਨੂੰ ਆਪਣੇ ਨਾਲ ਜੋੜੀ ਰੱਖਦੀ।ਉਹ ਇਹ ਮੰਨਦੀ ਹੈ ਕਿ ਮਰਦ ਔਰਤ ਨੂੰ ਦੂਜੀ ਧਿਰ ਮੰਨਦਾ ਹੈ ਤੇ ਉਹ ਇਸ ਗੱਲ ਵਿਚ ਆਜ਼ਾਦੀ ਸਮਝਦੀ ਹੈ ਕਿ ਮਰਦ ਔਰਤ ਨੂੰ ਦੂਜੀ ਧਿਰ ਨਾ ਮੰਨ ਕੇ ਬਰਾਬਰ ਦੀ ਧਿਰ ਮੰਨੇ ਪਰ ਮਰਦ ਅਜਿਹਾ ਨਹੀਂ ਕਰਦਾ ਜਿਸ ਕਰਕੇ ਇਹ ਸਭ ਤਾਂ ਹੀ ਹੋ ਸਕਦਾ ਹੈ ਅਗਰ ਉਹ ਵਿਆਹ ਨਹੀਂ ਕਰਾਵੇਗੀ ਕਿਉਂਕਿ ਮਰਦ ਕੋਲ ਇਹ ਹੀ ਇਕੋ ਇਕ ਹਥਿਆਰ ਵਿਆਹ ਦਾ ਹੈ ਜਿਸ ਰਾਹੀਂ ਉਹ ਔਰਤ ਨੂੰ ਆਪਣੀ ਗੁਲਾਮ ਬਣਾ ਸਕੇ ਤੇ ਆਪਣੀ ਲੋੜ ਅਨੁਸਾਰ ਭੋਗ ਸਕੇ ਤੇ ਲੋੜ ਪੂਰੀ ਹੋਣ ਤੇ ਜਾਂ ਲੋੜ ਪੇਣ ਉਹ ਉਸ ਕੋਲੋ ਆਪਣਾ ਪੱਲਾ ਵੀ ਛੁੱਡਾ ਲਵੇ।ਇਹ ਹੀ ਕਾਰਨ ਹੈ ਕਿ ਉਹ ਆਦਮੀ ਨਫਰਤ ਕਰਦੀ ਹੈ ਕਿਉਂਕਿ ਉਹ ਔਰਤ ਨੂੰ ਪੈਰ ਦੀ ਜੁੱਤੀ ਸਮਝਦਾ ਹੈ ਪਰ ਅਜੋਕਾ ਸਮਾ ਅਜਿਹਾ

ਹੈ ਜਿਸ ਵਿਚ ਮਰਦ ਔਰਤ ਦੇ ਪਿੱਛੇ ਕੁੱਤਾ ਵਾਂਗ ਪੂੰਛ ਹਿਲਾਉਦਾ ਘੁਮੰਦਾ ਹੈ। ਨਵਜੋਤ ਜਿਸ ਨਾਲ ਜਿੰਨਾ ਵੀ ਸਮਾਂ ਰਾਹੀਂ ਉਸ ਨੇ ਕਿਸੇ ਦਾ ਵੀ ਅਹਿਸਾਨ ਨਹੀ ਲਿਆ ਸੀ ਆਪਣੇ ਸਿਰ।ਉਹ ਜਿਸ ਨਾਲ ਵੀ ਪਾਟਨਰਸ਼ਿਪ ਦੇ ਤੋਰ ਤੇ ਰਹਿੰਦੀ ਉਹ ਸਿਰਫ ਪਾਟਨਰਸ਼ਿਪ ਸਰੀਰਕ ਪੱਖੋਂ ਹੀ ਨਹੀਂ ਕਰਦੀ ਸਗੋਂ ਜੋ ਵੀ ਖਰਚਾ ਹੁੰਦਾ ਹੈ ਘੰਮਣ ਫਿਰਨ ਦਾ ਜਾਂ ਖਾਣ ਪੀਣ ਦਾ ਉਹ ਉਸ ਨਾਲ ਅੱਧਾ ਅੱਧਾ ਵੰਡ ਲੈਂਦੀ ਸੀ ਤਾਂ ਕਿ ਕੱਲ ਨੂੰ ਉਸ ਨੂੰ ਕੋਈ ਇਹ ਗੱਲ ਨਾ ਕਹਿ ਸਕੇ ਕਿ ਉਸ ਤੇ ਉਸ ਨੇ ਖਰਚਾ ਕੀਤਾ ਹੈ।ਉਹ ਆਪਣੇ ਭਤੀਜੇ ਹੋਏ ਤੇ ਉਸ ਨੂੰ ਮਿਲਣ ਜਾਂਦਾ ਹੈ ਤਾਂ ਮਾਂ ਦੇ ਕਹਿਣ ਦੇ ਬਾਵਜੂਦ ਵੀ ਉਹ ਸਾਰਾ ਖਰਚ ਆਪ ਕਰਦੀ ਹੈ।ਉਹ ਆਪਣੀ  ਮਾਂ ਨੂੰ ਬੜੇ ਮਾਣ ਨਾਲ ਕਹਿੰਦੀ ਹੈ ਮੰਮ ਮੈਂ ਆਪ ਕਮਾਉਂਦੀ ਹਾਂ ਇਹ ਗੱਲ ਜਿਥੇ ਉਸ ਦੀ ਆਜ਼ਾਦੀ ਨੂੰ ਦਰਸਾਉਂਦੀ ਹੈ ਉਥੇ ਹੀ ਉਸ ਦੀ ਇਕ ਬਹੁਤ ਵੱਡੀ ਕਮਜ਼ੋਰੀ ਵੀ ਹੈ ਕਿ ਜਿਸ ਦੇ ਕਾਰਨ ਉਸ ਨੂੰ ਕਿਸੇ ਮਰਦ ਦੇ ਸਾਥ ਦੀ ਲੋੜ ਪੈਦੀ ਹੈ।ਉਹ ਇਸ ਨੂੰ ਨਾ ਚਾਹੁੰਦੇ ਹੋਏ ਵੀ ਇਸ ਚੀਜ਼ ਨੂੰ ਆਪਣੀ ਅਜਿਹੀ ਕਮਜ਼ੋਰੀ ਬਣਾ ਲੈਂਦੀ ਹੈ ਤੇ ਅਣਜਾਣ ਪੁਣੇ ਵਿਚ ਹੀ ਆਪਣਾ ਸ਼ੋਸ਼ਣ ਆਪ ਹੀ ਕਰਵਾ ਲੈਂਦੀ ਹੈ। ਜਦ ਕਿ ਉਹ ਹੀ ਇਹ ਗੱਲ ਕਹਿੰਦੀ ਹੈ ਕਿ ਮਰਦ ਵਿਆਹ ਸਿਰਫ ਇਸ ਹਵਸ ਨੂੰ ਪੂਰਾ ਕਰਨ ਲਈ ਹੀ ਕਰਾਉਂਦਾ ਹੈ ਪਰ ਉਹ ਆਪ ਬਿੰਨ੍ਹਾਂ ਕਿਸੇ ਸ਼ਰਮ ਹਿਆ,  ਬਿਨਾਂ ਕਿਸੇ ਨਾ ਨੁੱਕਰ ਦੇ ਆਪਣੇ ਆਪ ਨੂੰ ਲੁੱਟਣ ਦਿੰਦੀ ਹੈ ਤੇ ਉਨ੍ਹਾਂ ਵਿਚੋ ਇਕ ਦੇ ਬੱਚੇ ਨੂੰ ਜਨਮ ਨੀ ਦਿੰਦੀ ਹੈ।ਨਵਜੋਤ ਉਹ ਸਭ ਕੁਝ ਕਰਦੀ ਹੈ ਜੋ ਇਕ ਔਰਤ ਵਿਆਹ ਤੋਂ ਬਾਅਦ ਕਰਦੀ ਹੈ।ਇਸ ਲਈ ਉਸ ਵਿਚ ਤੇ ਇਕ ਵਿਆਹੀ ਹੋਈ ਔਰਤ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ।ਧੀਰ ਇਸ ਗੱਲ ਨੂੰ ਹੀ ਦਰਸਾਉਦਾ ਹੈ ਕਿ ਇਕ ਪੰਜਾਬੀ ਔਰਤ ਦਾ ਵਿਆਹ ਤੋਂ ਪਹਿਲਾ ਅਜਿਹਾ ਕਰਨਾ ਉਸਦੇ ਸੱਭਿਆਚਾਰ ਤੇ ਉਸ ਦੇ ਸੰਸਕਾਰਾਂ ਦੇ ਬਿਲਕੁਲ ਖ਼ਿਲਾਫ ਹੈ।ਉਸ ਦਾ ਪੰਜਾਬੀ ਸੱਭਿਆਚਾਰ ਤੇ ਸਮਾਜ ਉਸ ਨੂੰ ਕਦੇ ਵੀ ਅਜਿਹੀ ਔਰਤ ਨੂੰ ਕਦੀ ਵੀ ਮਾਣਤਾ ਨਹੀ ਦਿੰਦਾ ਜੋ ਅਜਿਹਾ ਕੰਮ ਕਰਦੀ ਹੋਵੇ।ਇਸ ਵਿਚ ਤਾਂ ਧੀਰ ਨੇ ਤਾਂ ਪੱਛਮੀ ਸੱਭਿਆਚਾਰ ਵਿਚੋਂ ਵੀ ਉਸ ਨੂੰ ਮਾਣਤਾ ਨਹੀਂ ਦਵਾਉਦਾ ਕਿਉਂਕਿ ਜਦੋਂ ਤੱਕ ਉਹ ਕਿਸੇ ਦੀ ਕਾਨੂੰਨੀ ਤੋਰ ਤੇ ਪਤਨੀ ਜਾਂ ਮੰਗੇਤਰ ਨਹੀਂ ਉਦੋਂ ਤੱਕ ਉਸ ਨੂੰ ਕੋਈ ਨੀ ਹੱਕ ਨਹੀਂ ਕਿ ਉਹ ਕਿਸੇ ਪੱਛਮੀ ਉੱਪਰ ਆਪਣਾ ਹੱਕ ਰੱਖੇ।ਇਸੇ ਤਰ੍ਹਾਂ ਜਾਹਨ ਕੀਥ ਦੀ ਮੋਤ ਤੋਂ ਬਾਅਦ ਜਦੋਂ ਉਹ ਉਸ ਦੀ ਲਾਸ਼ ਮੰਗਦੀ ਹੈ ਤਾਂ ਪੁਲਿਸ ਉਸ ਨੂੰ ਇਹ ਕਹਿ ਕੇ ਮਨ੍ਹਾਂ ਕਰ ਦਿੰਦੀ ਹੈ ਕਿ ਉਹ ਕਾਨੂੰਨੀ ਤੋਰ ਤ ਉਸ ਦੀ ਮੰਗੇਤਰ ਨਹੀਂ ਹੈ ਤੇ ਇਸ ਕਰਕੇ ਉਸ ਦੀ ਲਾਸ਼ ਉਸ ਦੇ ਵਾਰਿਸਾਂ ਨੂੰ ਹੀ ਮਿਲੇਗੀ।ਇਸ ਤਰ੍ਹਾਂ ਧੀਰ ਨੇ ਹਰ ਘਟਨਾਕ੍ਰਮ ਨੂੰ ਬਹੁਤ ਹੀ  ਵਧੀਆ ਢੰਗ ਨਾਲ ਪੇਸ਼ ਕੀਤਾ ਹੈ।ਜਿਥੇ ਉਸ ਦੀ  ਇਹ ਰਚਨਾ ਵਿਸ਼ੇ ਪੱਖ ਤੋਂ ਉੱਤਮ ਦੀ ਹੈ ਉਥੇ ਉਸ ਦਾ ਕਲਾ ਪੱਖ ਵੀ ਕਮਾਲ ਦਾ ਹੈ।ਇਨ੍ਹਾਂ ਦੋਹਾਂ ਪੱਖਾ ਨੂੰ ਮਿਲਾ ਕੇ ਜੋ ਉਸ ਦੀ ਗਲਪ ਚੇਤਨ ਵੀ ਅੱਤ ਦਰਜ਼ੇ ਦੀ ਹੈ।ਕਿਉਂਕਿ ਉਸ ਦਾ ਨਾਵਲ ਸਿਧਾਂਤਕ ਪੱਖ ਤੋਂ ਬਿਲਕੁਲ ਪੂਰਾ ਹੈ ਉਸ ਵਿਚ ਕਿਸੇ ਪੱਖ ਤੋਂ ਕੋਈ ਕਮੀ ਨਹੀਂ ਹੈ ਕਿਉਂਕਿ ਉਸ ਦੀ ਭਾਸ਼ਾ, ਉਸ ਦੇ ਪਾਤਰ, ਉਸ ਦੀਆ ਵਿਧੀਆਂ ਰਾਹੀਂ ਉਸ ਨੇ ਆਪਣੀ ਰਚਨਾ ਨੂੰ ਅੱਤ ਦਰਜ਼ੇ ਦੀ ਕਲਾਤਮਿਕਤਾ ਦਿੱਤੀ ਹੈ।ਇਸ

ਨਾਵਲ ਵਿਚ ਉਸ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਨੇ ਇੰਨਾ ਗੁੰਝਲਦਾਰ ਬਿਰਤਾਂਤ ਪੇਸ਼ ਕੀਤਾ ਹੈ ਕਿ ਪੜਨ ਵਾਲਾ ਇਕ ਦਮ ਘੁੰਮ ਜਾਂਦਾ ਹੈ ਪਰ ਉਸ ਦਾ ਇਕ ਘਟਨਾ ਨੂੰ ਦੂਜੀ ਘਟਨਾ ਨਾਲ ਜੋੜਨ ਦਾ ਅੰਦਾਜ਼ ਕਮਾਲ ਦਾ ਹੈ। ਉਸ ਨੇ ਇਸ ਨਾਵਲ ਦੇ 75 ਕਾਂਢ ਪੇਸ਼ ਕੀਤੇ ਹਨ।ਕਿਸੇ ਵੀ ਕਾਂਢ ਵਿਚ ਅਜਿਹੀ ਨਹੀਂ ਹੈ ਜੋ ਕਿ ਬੇਕਾਰ ਹੀ ਨਾਵਲ ਵਿਚ ਆ ਗਈ ਹੋਵੇਂ।ਉਸ ਦੀ ਰਚਨਾ ਦੀ ਇਹ ਬਹੁਤ ਵੱਡੀ ਪ੍ਰਾਪਤੀ ਹੈ ਕਿ ਉਸ ਨ ਇੰਨ੍ਹਾਂ ਗੁੰਝਲਦਾਰ ਬਿਰਤਾਂਤ ਜਾਂ ਪਲਾਂਟ ਪੇਸ਼ ਕੀਤਾ ਹੈ ਜੋ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੈ।ਜਿਸ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਹਰ ਤਰ੍ਹਾਂ ਦੇ ਸਿਸੇਮ ਤੋ ਜਾਣੂ ਹੈ ਉਸ ਨੂੰ ਸਭ ਪਤਾ ਹੈ ਕਿ ਕਿਸ ਪਾਸੇ ਕੀ ਹੋ ਰਿਹਾ ਹੈ ਉਸ ਨੂੰ ਇਥੋਂ ਤੱਕ ਪਤਾ ਹੈ ਕਿ ਭਾਰਤ ਦੇ ਗੁਰਦੁਆਰਿਆ ਵਿਚ ਕੀ ਸਿਸਟਮ ਚੱਲ ਰਿਹਾ ਹੈ ।ਉਸ ਨੂੰ ਪਤਾ ਹੈ ਕਿ ਭਾਰਤ ਦੇ ਵੱਡੇ ਵੱਡੇ ਗੁਰਦੁਆਰਿਆ ਵਿਚ ਕਿਸ ਤਰ੍ਹਾਂ ਸ਼ਰਧਾਲੂਆ ਨਾਲ ਕਿੰਨਾ ਮਾੜਾ ਸਲੂਕ ਕੀਤਾ ਜਾਂਦਾ ਹੈ ਧੀਰ ਆਪਣੇ ਕੰਮ ਵਿਚ ਇੰਨ੍ਹਾਂ ਮਾਹਰ ਹੈ ਕਿ ਉਸ ਨੇ ਇਨ੍ਹਾਂ ਗੱਲਾ ਨੂੰ ਵੀ ਨਵਜੋਤ ਨਾਲ ਜੋੜ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਹ ਘਟਨਾ ਨਵਜੋਤ ਨਾਲ ਨਹੀਂ ਸਗੋਂ ਧੀਰ ਦੇ ਆਪੇ ਨਾਲ ਹੀ ਵਾਪਰੀ ਹੋਵੇ।ਇਸੇ ਤਰ੍ਹਾਂ ਹੀ ਉਹ ਪੱਛਮੀ ਸਿਸਟਮ ਵਿਚ ਜੋ ਚੱਲ ਰਿਹਾ ਹੈ ਉਸ ਤੋਂ ਵੀ ਪੂਰੀ ਤਰ੍ਹਾਂ ਜਾਣੂ ਹੈ ਉਸ ਨੂੰ ਪਤਾ ਹੈ ਕਿਸ ਤਰ੍ਹਾਂ ਮਰਦ ਔਰਤ ਦ ਸ਼ੋਸ਼ਣ ਕਰਦਾ ਹੈ ਤੇ ਕਿਸ ਤਰ੍ਹਾਂ ਔਰਤ ਆਪ ਹੀ ਆਪਣਾ ਸ਼ੋਸ਼ਣ ਕਰਨ ਦਾ ਹੱਕ ਤੇ ਮੌਕਾ ਮਰਦ ਨੂੰ ਆਪ ਹੀ ਦਿੰਦੀ ਹੈ ਧੀਰ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਇਕ ਔਰਤ ਆਪਣੀ ਕਮਜ਼ੋਰੀ ਛਪਾਉਣ ਲਈ ਕਿਸ ਤਰ੍ਹਾਂ ਸਾਰੀ ਮਰਦ ਜਾਤੀ ਨੂੰ ਹੋਰਨਾਂ ਔਰਤਾਂ ਦੀਆਂ ਨਜ਼ਰਾਂ ਵਿਚ ਮਾੜਾ ਬਣਾਉਂਦੀ ਹੈ ਇਸ ਨਾਵਲ ਵਿਚ ਨਵਜੋਤ ਦੀ ਮੈਡਮ ਆਪ ਤਾਂ ਆਪਣੇ ਵਿਆਹ ਨੂੰ ਨਿਭਾ ਨਹੀਂ ਸਕੀ ਪਰ ਉਸਨੇ ਉਸ ਦਾ ਸਾਰਾ ਦੋਸ਼ ਮਰਦ ਉਤੇ ਲਾ ਦਿੱਤਾ ਹੈ ਤੇ ਆਪਣੀਆਂ ਵਿਦਿਆਰਥਣਾਂ ਨੂੰ ਵੀ ਆਪਣੇ ਪਿੱਛੇ ਲਾ ਕੇ ਉਹਨਾਂ ਕੋਲੋਂ ਅਜਿਹਾ ਕਰਵਾਉਂਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਨੌਜਵਾਨ ਪੀੜ੍ਹੀ ਜਲਦੀ ਹੀ ਨਵੀਂ ਲੀਹ ਤੇ ਤੁਰਨ ਲਈ ਮੰਨ ਜਾਂਦੀ ਹੈ। ਧੀਰ ਇਹਨਾਂ ਸਾਰੀਆਂ ਗੱਲਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ ਜਿਸ ਕਰਕੇ ਉਸ ਦਾ ਇਹ ਨਾਵਲ ਹਰ ਪੱਖ ਤੋਂ ਪੂਰਾ ਹੈ ਉਸ ਦੀ ਇਹੀ ਚੇਤਨਾ ਉਸ ਦੇ ਇਸ ਨਾਵਲ ਨੂੰ ਸਾਹਿਤ ਵਿਚ ਇਕ ਮਹੱਤਵ ਪੂਰਨ ਸਥਾਨ ਦਿਵਾਉਂਦੀ ਹੈ ਓਸ ਦੇ ਨਾਵਲ ਦੀ ਸਾਰਥਕਤਾ ਇਸ ਗੱਲ ਵਿਚ ਹੈ ਕਿ ਇਸ ਨਾਵਲ ਦੀ ਜਿੰਨੀ ਲੋੜ ਜਾਂ ਸਾਰਥਕਤਾ 2001 ਵਿਚ ਸੀ ਉਸ ਤੋਂ ਕਿਤੇ ਵੱਧ ਅਜੋਕੇ ਸਮੇਂ ਵਿਚ ਇਸ ਦੀ ਸਾਰਥਕਤਾ ਕਿਤੇ ਵੱਧ ਦੇਖੀ ਜਾ ਸਕਦੀ ਹੈ ਕਿਉਂਕਿ ਅਜੋਕੀ ਪੀੜ੍ਹੀ ਕਿਸੇ ਵੀ ਗੱਲ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਹੁੰਦੀ ਇਸ ਦਾ ਪ੍ਰਭਾਵ ਸਮਲਿੰਗੀ ਵਿਆਹਾਂ ਦੇ ਆਧਾਰ ਤੇ ਦੇਖਿਆ ਜਾ ਸਕਦਾ ਹੈ ਕਿਉਂਕਿ ਮੁੰਡੇ ਮੁੰਡਿਆ ਨਾਲ ਤੇ ਕੁੜੀ ਕੁੜੀਆਂ ਨਾਲ ਸਮਝੌਤਾ ਕਰਨ ਲਈ ਤਿਆਰ ਹਨ ਨਾ ਕਿ ਆਪਣੇ ਵਿਰੋਧੀ ਲਿੰਗ ਨਾਲ। ਭਾਵ ਕਿ ਉਹਨਾਂ ਨੂੰ ਕਿਸੇ ਪੱਖੋ ਕੋਈ ਰੋਕ ਟੋਕ ਨਹੀਂ ਹੁੰਦੀ ਉਹ ਆਪਣੀ ਮਰਜ਼ੀ ਨਾਲ ਉਹ ਸਭ ਕੁਛ ਕਰ ਸਕਦੇ ਹਨ ਜੋ ਕਿ ਉਹ ਵਿਰੋਧੀ ਧਿਰ ਨਾਲ ਰਹਿ ਕੇ ਸਭ ਕੁਛ ਕਰ ਸਕਦੇ ਹਨ ਤੇ ਉਹ ਆਪਣੇ ਘਰਦਿਆਂ ਤੋਂ ਅਲੱਗ ਰਹਿ ਕੇ ਆਪਣੀ ਆਜ਼ਾਦੀ ਮਾਣਦੇ ਹਨ ਤੇ ਨਵੀਆਂ ਪੈੜਾਂ ਪਾਉਂਦੇ ਹਨ ਪਰ

ਉਹਨਾਂ ਦੇ ਪਿਛਲੇ ਨਿਸ਼ਾਨ ਮਿਟ ਜਾਂਦੇ ਹਨ।ਇਸ ਤਰ੍ਹਾਂ ਇਹ ਨਾਵਲ ਦਾਰਸ਼ਨਿਕ ਮਾਨਵੀ ਸਥਿਤੀ ਦੀ ਪੇਸ਼ਕਾਰੀ ਕਰ ਰਿਹਾ ਹੈ ਕਿ ਕੀ ਸਮਾਜਿਕ ਸੰਸਥਾਵਾ ਨੂੰ ਨਿਭਾਉਂਣਾ ਹੂ ਜਿੰਦਗੀ ਦਾ ਮਨੋਰਥ ਹੈ ਜਾਂ ਮਨੁੱਖੀ ਜਿੰਦਗੀ ਦੀ ਸਾਰਥਕਤਾ ਸਿਰਫ਼ ਇਨ੍ਹਾਂ ਨੂੰ ਨਿਭਾਉਂਣ ਦੀ ਥਾਂ ਇਨ੍ਹਾਂ ਦੇ ਨਵ-ਨਿਰਮਾਣ ਵਿਚ ਹੈ।'ਪੈੜਾਂ ਦੇ ਆਰ-ਪਾਰ' ਦਾ ਕਥਾ-ਪ੍ਰਬੰਧ ਵਿਆਹ ਸੰਸਥਾ ਦੀਆਂ ਪ੍ਰੰਪਰਕ ਕਸਵੱਟੀਆਂ ਦੀ ਜਮੂਦ ਦੀ ਸਥਿਤੀ ਅਤੇ ਸਾਰਥਕਤਾ ਨੂੰ ਰੂਪਮਾਨ ਕਰਕੇ ਮੂਲਭੂਤ ਰੂਪਾਂਤਰਣ ਦੇ ਅਦਰਸ਼ ਨੂੰ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਨਵਜੋਤ ਇਸ ਸੰਸਥਾ ਤੋਂ ਵਿਰੋਧ ਕਰ ਕੇ ਔਰਤ ਅਤੇ ਮਰਦ ਦੀ ਬਰਾਬਰੀ ਵਾਲੀ ਕਿਸੇ ਮਾਨਵਵਾਦੀ ਸੰਸਥਾ ਦਾ ਨਿਰਮਾਣ ਕਰਨ ਲਈ ਸੰਘਰਸ਼ ਕਰ ਰਹੀ ਹੈ। ਉਹ ਬਾਗੀ ਹੋ ਕੇ ਤਲਵਿੰਦਰ ਅਤੇ ਜਾਹਨ ਕੀਥ ਨਾਲ ਪਾਰਟਨਰਸ਼ਿਪ ਕਰਦੀ ਵੀ ਹੈ ਪਰ ਫਿਰ ਤਲਵਿੰਦਰ ਦੇ ਫਰੇਬ ਅਤੇ ਜਾਹਨ ਕੀਥ ਦੀ ਮੌਤ ਕਾਰਨ ਇਕ ਸੰਸਥਾ ਨੂੰ ਸਾਕਾਰ ਰੂਪ ਦੇਣ ਤੋਂ ਅਸਮਰਥ ਰਹਿੰਦੀ ਹੈ। ਇਸ ਕਰਕੇ ਨਾ ਤਾ ਉਹਦਾ ਭਾਈਚਾਰਾ ਨਵਜੋਤ ਤੇ ਜਾਹਨ ਕੀਥ ਦੇ ਰਿਸ਼ਤੇ ਨੂੰ ਮਾਣਤਾ ਦਿੰਦਾ ਹੈ ਅਤੇ ਨਾ ਹੀ ਕਥਿਤ ਤੌਰ ਤੇ ਉਦਾਰਵਾਰੀ ਪੱਛਮੀ ਨਿਆਪ੍ਰਬੰਧ ਵਰਸੋਈਆਂ ਸੰਸਥਾਵਾਂ ਉਹਨੂੰ ਮਾਨਤਾ ਦਿੰਦੀਆਂ ਹਨ।ਸਿੱਟੇ ਵਜੋਂ ਉਹ ਜਾਹਨ ਕੀਥ ਦੀ ਮੌਤ ਤੋਂ ਉਪਰੰਤ ਉਸ ਦੀ ਲਾਸ਼ ਨੂੰ ਪ੍ਰਾਪਤ ਕਰਨ ਦੇ ਯੋਗ ਨਹੀ ਵੀ ਹੁੰਦੀ ਕਿਉਂਕਿ ਨਵਜੋਤ ਦੀ ਉਹਦੇ 'ਇੰਗੇਜ਼ਮੈਂਟ' ਨਹੀ ਹੋਈ ਸੀ ਇਸ ਕਰਕੇ ਨਵਜੋਤ ਦਾ ਪ੍ਰੰਪਰਕ ਸੰਸਥਾਵਾਂ ਤੋਂ ਮੁਨਕਰ ਹੋ ਕੇ ਵੀ ਨਵੀ ਸੰਸਥਾ ਦਾ ਨਿਰਮਾਣ ਕਰਨ ਦਾ ਅਦਰਸ਼ ਪੂਰਬੀ ਅਤੇ ਪੱਛਮੀ ਦੋਹਾਂ ਤਰ੍ਹਾਂ ਦੀਆਂ ਜੀਵਨ ਸ਼ੈਲੀਆ ਵਿਚ ਅਧੂਰਾ ਰਹਿੰਦਾ ਹੈ ਇਥੋਂ ਤੱਕ ਕਿ ਕੁਦਰਤ ਵਲੋਂ ਜੀਵ ਪੈਦਾ ਕਰਨ ਦੀ ਸਮਰਥਾ ਨੂੰ ਵੀ ਸਮਾਜਕ ਸੰਸਥਾ ਔਰਤ ਦੇ ਗੌਰਵ ਦੀ ਥਾਂ ਦੋਸ਼ ਅਤੇ ਜ਼ੁਲਮ ਦੀ ਪ੍ਰਭਿਾਸ਼ਾ ਪ੍ਰਧਾਨ ਕਰ ਰਿਹਾ ਹੈ। ਇਹੀ ਨਾਵਲ 'ਪੈੜਾਂ ਦੇ ਆਰ ਪਾਰ' ਦੀ ਅਸਲ ਪ੍ਰਾਪਤੀ ਹੈ ਕਿ ਇਹ ਆਧੁਨਿਕ ਮਨੁੱਖ ਦੀ ਇਸ ਸੀਮਾ, ਬਿਹਵਲਤਾ ਅਤੇ ਦੁਖਾਂਤ ਨੂੰ ਭਰਵੇਂ ਦ੍ਰਿਸ਼ਾ ਨਾਲ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਫਲ ਹੋਇਆ ਹੈ।

# ਪੁਸਤਕ ਸੂਚੀ


1. ਧੀਰ, ਦਰਸ਼ਨ ਸਿੰਘ, ਸਾਹਿਤਕ ਸਵੈ-ਜੀਵਨੀ (ਪੂਰਬ ਅਤੇ ਪੱਛਮ ਦੀ ਕਮਾਈ), ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2011
2. ਧੀਰ,ਦਰਸ਼ਨ ਸਿੰਘ, ਪੈੜਾਂ ਦੇ ਆਰ ਪਾਰ, ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013
3. ਪਿਆਰ ਸਿੰਘ(ਪ੍ਰੋ.), ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ: ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, 2010
4. ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਵਹਾਰ, ਪਟਿਆਲਾ: ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, 2010
5. Punjabi pedia .org.com
6. ਅੰਮ੍ਰਿਤਪਾਲ ਕੌਰ,(ਡਾ.) ਖੋਜ ਪੱਤ੍ਰਿਕਾ ਅੰਕ-53, ਮਾਰਚ, 2001, ਪਟਿਆਲਾ: ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਿਰਸਿਟੀ, 2004
7. ਕਿਰਨਜੀਤ ਕੌਰ ਸੰਧੂ ਗੁਰਮੀਤ ਕੌਰ, ਦਰਸ਼ਨ ਸਿੰਘ ਧੀਰ ਦਾ ਗਲਪ-ਪ੍ਰਬੰਧ, ਚੰਡੀਗੜ੍ਹ: ਲੋਕ ਗੀਤ ਪ੍ਰਕਾਸ਼ਨ,2008
8. ਅਕਾਲ ਅੰਮ੍ਰਿਤ ਕੌਰ (ਡਾ.), ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ (ਆਲੋਚਨਾ), ਲੁਧਿਆਣਾ: ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2012
9. ਅਕਾਲ ਅੰਮ੍ਰਿਤ ਕੌਰ, ਪਰਵਾਸੀ ਪੰਜਾਬੀ ਗਲਪ: ਨਵੇਂ ਪਾਸਾਰ, ਅੰਮ੍ਰਿਤਸਰ: ਨਾਨਕ ਸਿੰਘ ਪੁਸਤਕ ਮਾਲਾ, 2011
10. 'ਕੇਸਰ' ਕੇਸਰ ਸਿੰਘ, ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ, ਪਟਿਆਲਾ: ਮਦਾਨ ਪਬਲੀਕੇਸ਼ਨਜ਼, 2008